SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -11 ISSUE - 38
December 28, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

ਦੇਸ਼ ਦੁਆਬਾ

## 2023

## ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ

ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼ ਵੱਲੋਂ ਆਪਣੇ ਸਾਰੇ ਹੀ ਮਾਣਯੋਗ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਿਆਂ ਅਤੇ ਸਮੂਹ ਮਾਨਵਤਾ ਨੂੰ ਨਵੇਂ ਸਾਲ 2023 ਦੀਆਂ ਲੱਖ-ਲੱਖ ਵਧਾਈਆਂ। ਅਸੀਂ ਦੁਆ ਕਰਦੇ ਹਾਂ ਕਿ ਨਵਾਂ ਸਾਲ ਸਾਡੇ-ਤੁਹਾਡੇ ਜੀਵਨ ਵਿਚ ਖੁਸ਼ੀਆਂ-ਖੇੜੇ ਲੈ ਕੇ ਆਵੇ ਅਤੇ ਆਲਮੀ ਪੱਧਰ ਤੇ ਮਨੁੱਖਤਾ ਸ਼ਾਂਤੀ-ਸਹਿਹੋਂਦ ਨਾਲ ਵੱਸੇ।

**– ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**

ਉਘੀ ਸਮਾਜ ਸੇਵਿਕਾ ਅਤੇ ਭਾਰਤ ਦੀ ਪਹਿਲੀ ਔਰਤ ਅਧਿਆਪਕ ਸਾਵਿੱਤਰੀ ਬਾਈ ਫੂਲੇ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ।



# ਭਿਆਨਕ ਬਰਫੀਲੇ ਤੂਫਾਨ ਨਾਲ ਨਵੇਂ ਸਾਲ ਦਾ ਸਵਾਗਤ

## ਕਈ ਫੁੱਟ ਬਰਫ਼ ਨਾਲ ਘਿਰੇ ਘਰ, ਤੂਫ਼ਾਨ ਕਰਕੇ ਹੁਣ ਤੱਕ ਘੱਟੋ-ਘੱਟ 60 ਮੌਤਾਂ

**ਨਿਊਯਾਰਕ (ਅਮਰੀਕਾ)–** ਅਮਰੀਕਾ ਦੇ ਨਿਊ ਯਾਰਕ ਵਿੱਚ ਐਮਰਜੈਂਸੀ ਅਮਲੇ ਨੇ ਡਰੇ ਹੋਏ ਵਸਨੀਕਾਂ ਨੂੰ ਤੂਫ਼ਾਨ ਤੋਂ ਬਚਾਉਣ ਲਈ ਹੰਭਲਾ ਮਾਰਿਆ। ਇਸ ਤੂਫ਼ਾਨ ਨੂੰ ਅਧਿਕਾਰੀਆਂ ਨੇ "ਸਦੀ ਦਾ ਬਰਫੀਲਾ ਤੂਫ਼ਾਨ" ਕਿਹਾ ਹੈ। ਅਮਰੀਕਾ ਵਿੱਚ ਇਸ ਤੂਫ਼ਾਨ ਨੇ ਕ੍ਰਿਸਮਿਸ ਦੀ ਯਾਤਰਾ ਦੌਰਾਨ ਹਫੜਾ ਦਫੜੀ ਮਚਾਈ ਰੱਖੀ। ਉੱਤਰ-ਪੂਰਬ ਅਮਰੀਕਾ ਦੇ ਕਈ ਹਿੱਸਿਆਂ ਅਤੇ ਕੈਨੇਡਾ ਦੇ ਕਿਊਬਕ ਤੇ ਓਨਟੈਰੀਓ ਵਿੱਚ ਬਰਫ਼ੀਲਾ ਤੂਫ਼ਾਨ ਜਾਰੀ ਹੈ।

ਅਮਰੀਕਾ ਦੇ ਕਈ ਇਲਾਕਿਆਂ ਵਿੱਚ ਦੇਸ਼ ਨੂੰ ਆਪਣੀ ਜ਼ੱਦ ਵਿੱਚ ਲੈਣ ਵਾਲੇ ਇਸ ਤੂਫ਼ਾਨ ਕਾਰਨ ਬਿਜਲੀ ਗੁੱਲ ਹੈ ਅਤੇ ਯਾਤਰਾ ਵਿੱਚ ਦੇਰੀ ਹੋ ਰਹੀ ਹੈ। ਅਮਰੀਕਾ ਵਿੱਚ ਹੁਣ ਤੱਕ ਬਰਫੀਲੇ ਤੂਫ਼ਾਨ ਕਰਕੇ ਹੁਣ ਤੱਕ ਘੱਟੋ-ਘੱਟ 60 ਮੌਤਾਂ ਹੋਈਆਂ ਹਨ। ਬਫਲੋ ਕਾਊਂਟੀ ਵਿੱਚ ਇਸ ਬਰਫ਼ ਦੇ ਤੂਫ਼ਾਨ ਕਾਰਨ ਹਾਲਾਤ ਬਹੁਤ ਖਰਾਬ ਹਨ। ਨਿਊ ਯਾਰਕ ਵਿੱਚ ਅਧਿਕਾਰੀਆਂ ਮੁਤਾਬਕ ਬਫਲੋ ਵਿੱਚ ਘੰਟਿਆਂ ਬੱਧੀ ਬਰਫ਼ਬਾਰੀ ਕਾਰਨ ਕਈ ਇੰਚ ਮੋਟੀ ਬਰਫ਼ ਦੀ ਚਾਦਰ ਬਣ ਗਈ ਹੈ ਅਤੇ ਵਿਜ਼ੀਬਿਲਟੀ ਬੇਹੱਦ ਹੀ ਘੱਟ ਹੈ। ਵਾਹਨਾਂ ਵਿੱਚੋਂ ਅਤੇ ਬਰਫ਼ ਦੇ ਹੇਠੋਂ ਲਾਸ਼ਾਂ ਮਿਲ ਰਹੀਆਂ ਹਨ। ਐਮਰਜੈਂਸੀ ਅਮਲੇ ਦੇ ਲੋਕ ਇੱਕ-ਇੱਕ ਕਾਰ ਨੂੰ ਚੈੱਕ ਕਰ ਰਹੇ ਹਨ ਤਾਂ ਜੋ ਲੋਕਾਂ ਨੂੰ ਇਸ ਮਾੜੇ ਹਾਲ ਤੋਂ ਬਚਾਇਆ ਜਾ ਸਕੇ। ਗਵਰਨਰ ਕੈਥੀ ਹੋਚੁਲ ਨੇ ਪੱਤਰਕਾਰਾਂ ਨੂੰ ਕਿਹਾ ਕਿ, "ਯਕੀਨਨ ਇਹ ਸਦੀ ਦਾ ਬਰਫ਼ੀਲਾ ਤੂਫ਼ਾਨ ਹੈ, ਇਹ ਕਹਿਣਾ ਬਹੁਤ ਜਲਦੀ ਹੈ ਕਿ ਇਹ ਪੂਰਾ ਹੋਣ ਉੱਤੇ ਹੈ।"



ਹੋਚੁਲ ਨੇ ਅੱਗੇ ਇਹ ਵੀ ਕਿਹਾ ਕਿ ਨਿਊ ਯਾਰਕ ਦੇ ਕੁਝ ਪੱਛਮੀ ਕਸਬੇ "ਰਾਤੋ ਰਾਤ 30 ਤੋਂ 40 ਇੰਚ ਬਰਫ਼ ਨਾਲ ਘਿਰ ਗਏ।" ਵ੍ਹਾਈਟ ਹਾਊਸ ਵੱਲੋਂ ਜਾਰੀ ਬਿਆਨ ਮੁਤਾਬਕ ਸੋਮਵਾਰ ਨੂੰ ਹੋਚੁਲ ਨੇ ਰਾਸ਼ਰਪਤੀ ਜੋਅ ਬਾਇਡਨ ਨਾਲ ਮਦਦ ਬਾਰੇ ਗੱਲ ਕੀਤੀ। ਬਾਇਡਨ ਨੇ ਫੈਡਰਲ ਸਰਕਾਰ ਵੱਲੋਂ ਨਿਊ ਯਾਰਕ ਸੂਬੇ ਨੂੰ ਮਦਦ ਦਿੱਤੀ ਹੈ ਅਤੇ ਕਿਹਾ ਕਿ ਉਹ ਅਤੇ ਜਿਲ ਬਾਇਡਨ ਨੇ ਤੂਫ਼ਾਨ ਕਾਰਨ ਜਾਨਾਂ ਗੁਆਉਣ ਵਾਲਿਆਂ ਲਈ ਅਰਦਾਸ ਕੀਤੀ। ਬਰਫ਼ੀਲੇ ਤੂਫ਼ਾਨ, ਤੇਜ਼ ਹਵਾਵਾਂ ਅਤੇ ਡਿੱਗਦੇ ਤਾਪਮਾਨ ਕਾਰਨ ਲੰਘੇ ਦਿਨਾਂ ਵਿੱਚ ਅਮਰੀਕਾ ਦੀਆਂ 15 ਹਜ਼ਾਰ ਤੋਂ ਵੱਧ ਉਡਾਨਾਂ ਰੱਦ ਹੋਈਆਂ ਹਨ। ਨੈਸ਼ਨਲ ਵੈਦਰ ਸਰਵਿਸ ਨੇ ਸੋਮਵਾਰ ਨੂੰ 14 ਇੰਚ ਹੋਰ ਬਰਫ਼ਬਾਰੀ ਦੀ ਭਵਿੱਖਬਾਣੀ ਕੀਤੀ। ਅਧਿਕਾਰੀ ਐਮਰਜੈਂਸੀ ਸੇਵਾਵਾਂ ਦੇ ਆਨਲਾਈਨ ਹੋਣ ਲਈ ਸੰਘਰਸ਼ ਕਰ ਰਹੇ ਹਨ।

# ਵੋਟ ਦੇਣ ਲਈ ਹੁਣ ਆਪਣੇ ਸੂਬੇ ਵਿਚ ਨਹੀਂ ਜਾਣਾ ਪਵੇਗਾ

**ਨਵੀਂ ਦਿੱਲੀ (ਬਿਊਰੋ)** ਚੋਣ ਕਮਿਸ਼ਨ ਨੇ ਵੀਰਵਾਰ ਨੂੰ ਕਿਹਾ ਕਿ ਉਸ ਨੇ ਸਥਾਨਕ ਪਰਵਾਸੀ ਵੋਟਰਾਂ ਲਈ ਰਿਮੋਟ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਦਾ ਇੱਕ ਪ੍ਰੋਟੋਟਾਈਪ ਵਿਕਸਿਤ ਕੀਤਾ ਹੈ। ਇਸ ਦੇ ਪ੍ਰਦਰਸ਼ਨ ਲਈ 16 ਜਨਵਰੀ ਨੂੰ ਸਿਆਸੀ ਪਾਰਟੀਆਂ ਨੂੰ ਸੱਦਾ ਦਿੱਤਾ ਗਿਆ ਹੈ।ਰਿਮੋਟ ਵੋਟਿੰਗ ਮਸ਼ੀਨਾਂ ਸਬੰਧੀ ਨੋਟ ਵੀ ਜਾਰੀ ਕੀਤਾ ਗਿਆ ਹੈ। ਇਸ ਨੂੰ ਕਾਨੂੰਨੀ, ਪ੍ਰਸ਼ਾਸਨਿਕ ਅਤੇ ਤਕਨੀਕੀ ਤੌਰ 'ਤੇ ਲਾਗੂ ਕਰਨ ਲਈ ਸਿਆਸੀ ਪਾਰਟੀਆਂ ਨੂੰ ਵੀ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਿਹਾ ਗਿਆ ਹੈ। ਇੱਕ ਜਨਤਕ ਖੇਤਰ ਦੀ ਕੰਪਨੀ ਦੁਆਰਾ ਨਿਰਮਿਤ ਮਲਟੀ ਕਾਂਸਟੀਚੁਏਂਸੀ ਰਿਮੋਟ ਈਵੀਐਮ ਇੱਕ ਹੀ ਸਥਾਨ ਤੋਂ 72 ਹਲਕਿਆਂ ਨੂੰ ਸੰਚਾਲਿਤ ਕਰ ਸਕਦੀ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕਿਹਾ ਕਿ ਚੋਣਾਂ ਪ੍ਰਤੀ ਨੌਜਵਾਨਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਵਿੱਚ ਨਜ਼ਰ ਆ ਰਹੀ ਉਦਾਸੀਨਤਾ ਦੇ ਮੱਦੇਨਜ਼ਰ ਰਿਮੋਟ ਵੋਟਿੰਗ ਮਸ਼ੀਨਾਂ ਇੱਕ ਲੋਕਤੰਤਰੀ ਪ੍ਰਕਿਰਿਆ ਹੈ। ਮਹੱਤਵਪੂਰਨ ਗੱਲ ਇਹ ਹੈ ਕਿ, 1977 ਵਿੱਚ, ਚੋਣ ਕਮਿਸ਼ਨ ਨੇ ਬੈਲਟ ਪੇਪਰਾਂ ਰਾਹੀਂ ਵੋਟ ਪਾਉਣ ਦੀ ਗੁੰਝਲਦਾਰ ਅਤੇ ਥਕਾਵਟ ਪ੍ਰਕਿਰਿਆ ਤੋਂ ਛੁਟਕਾਰਾ ਪਾਉਣ ਲਈ, ਵੋਟਿੰਗ ਲਈ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਬਣਾਉਣ ਦੀ ਜ਼ਿੰਮੇਵਾਰੀ ਹੈਦਰਾਬਾਦ ਸਥਿਤ ਇਲੈਕਟ੍ਰੋਨਿਕਸ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ (ਓਛੀ) ਨੂੰ ਸੌਂਪੀ ਸੀ। ਪ੍ਰੋਟੋਟਾਈਪ ਨੂੰ 1979 ਵਿੱਚ ਭਾਰਤ ਇਲੈਕਟ੍ਰੋਨਿਕਸ ਲਿਮਟਿਡ, ਬੰਗਲੌਰ ਦੀ ਮਦਦ ਨਾਲ ਸੰਸਥਾ ਦੁਆਰਾ ਵਿਕਸਤ ਕੀਤਾ ਗਿਆ ਸੀ ਅਤੇ ਚੋਣ ਕਮਿਸ਼ਨ ਨੇ ਇਸਨੂੰ 1980 ਵਿੱਚ ਰਾਜਨੀਤਿਕ ਪਾਰਟੀਆਂ ਨੂੰ ਪੇਸ਼ ਕੀਤਾ ਸੀ।




SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996 jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

**ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ**



**December 31, 2022**

**Rain Sabai New Year's celebrations**

We will be celebrating New Year's Eve at Gurughar in welcoming the New Year 2023. Let us start the New Year with a prayer for love, happiness and prosperity of our Sangat. Raggi jatha of Bhai Lakhan Singh and Gurughar Jatha of Giani Balwinder Singh ji will do the Shabad Kirtan.

**January 13, 2023**

**Lohri Celebrations**

Lohri will be celebrated in Gurghar in the evening. Sukhmani Sahib path and Langar sewa will be hosted by Suman family.

**February 3-4-5, 2023**

**Gurupurb Sri Guru Ravidass Ji**

ਸਗਲ ਭਵਨ ਕੇ ਨਾਇਕਾ

ਇਕੁ ਛਿਨੁ ਦਰਸੁ ਦਿਖਾਇ ਜੀ

Sri Guru Ravidass Sabha CA, Pittsburg is celebrating the 646th Parkash Utsav of SATGURU RAVIDASS JI on Sunday, February 5, 2023 at the temple as per program noted below:

**ARAMBH SHRI AKHAND PATH**

**February 3, 2023 (Friday)**

**9:30 AM**

**Nishan Sahib Hoisting Ceremony**

**February 4, 2023**

**(Saturday) at 11:00 AM.**

**BHOG SHRI AKHAND PATH**

**February 5, 2023**

**(Sunday) 9:30 AM,**

**KIRTAN DIWAN -**

**After Bhog Ceremony until 2:00 PM**

Sangat will perform Langer and Path Sewa for this program. Jatha of Giani Balwinder Singh ji's and other Kirtankars will enhance this Kirtan Diwan along with distinguished Speakers and community leaders well versed with life and teachings of Satguru Ravidass ji.

**We need volunteers to help with this event.**

For **STALLS or any SEWA**, please contact

**Vinod Kumar (President) 408- 718-2506**

**Kulwant Banga (Chairperson) 925-698-3059.**

**We need your help and support.**

**"NANAK NAM CHARDI KALA TERE BHANE SARBAT DA BHALA"**

**www.sriguru就ravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

## ਜਨਨੀ ਅਤੇ ਜਨਮ ਭੂਮੀ ਸਵਰਗ ਤੋਂ ਵੀ ਉੱਤਮ ਹੈ- ਭਗਵਾਨ ਵਾਲਮੀਕ






# ਨਵਾਂ ਸਾਲ 2023 ਦੀਆਂ ਲੱਖ-ਲੱਖ ਵਧਾਈਆਂ

ਵਲੇਹੋ ਅਤੇ ਬੇ–ਏਰੀਆ ਦੇ ਵਾਲਮੀਕੀ ਸਮਾਜ ਵੱਲੋਂ ਸਾਰਿਆਂ ਨੂੰ ਨਵੇਂ ਸਾਲ ਦੀ ਬਹੁਤ–ਬਹੁਤ ਵਧਾਈ ਹੋਵੇ, ਨਵਾਂ ਸਾਲ ਸਾਰਿਆਂ ਲਈ ਸੁੱਖਾਂ ਲੱਦਿਆ ਅਤੇ ਖੁਸ਼ੀਆਂ ਭਰਿਆ ਹੋਵੇ। ਸਭ ਦੀਆਂ ਮਨੋਕਾਮਨਾਵਾਂ ਪ੍ਰਮਾਤਮਾ ਪੂਰੀਆਂ ਕਰਨ, ਪਰਿਵਾਰਾਂ 'ਚੋਂ ਮੇਲ ਮਿਲਾਪ, ਸੁੱਖ ਸ਼ਾਂਤੀ ਅਤੇ ਭਾਈਚਾਰਾ ਕਾਇਮ ਰਹੇ। ਨਵੇਂ ਸਾਲ 'ਚੋਂ ਇਕ–ਦੂਜੇ ਦੇ ਗ.ਲ ਲੱਗ ਕੇ ਦੁੱਖ ਸੁੱਖ 'ਚੋਂ ਸਾਂਝ ਪਾਉਣ ਦਾ ਪ੍ਰਣ ਕਰੀਏ। ਭਾਈਚਾਰਕ ਸਾਂਝ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੁੰਦਾ ਹੈ, ਦਿਲਾਂ ਦੀਆਂ ਦੂਰੀਆਂ ਵੀ ਨਜ਼ਦੀਕੀ 'ਚ ਬਦਲ ਜਾਂਦੀਆਂ ਹਨ। ਪ੍ਰਮਾਤਮਾ ਹਰ ਪ੍ਰਾਣੀ ਨੂੰ ਸਬਰ ਸੰਤੋਖ ਅਤੇ ਤ੍ਰਿਪਤੀ ਦੀ ਬਖਸ਼ਿਸ਼ ਕਰਨ। ਇਕ ਦੂਸਰੇ ਪ੍ਰਤੀ ਪਿਆਰ ਦੀ ਸਦਭਾਵਨਾ ਉਜਾਗਰ ਰਹੇ। ਕਿਸੇ ਗਰੀਬ ਅਤੇ ਲੋੜਵੰਦ ਵਿਅਕਤੀ ਦਾ ਸਹਾਰਾ ਬਣ ਸਕੇ। ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਦੀ ਕਾਮਨਾ ਕਰਦੇ ਹਾਂ। ਦੁਆ ਕਰਦੇ ਹਾਂ ਕਿ ਸਭ ਤੋਂ ਵਧੀਆ ਅਤੇ ਚੰਗੀ ਸਿਹਤ ਦਾ ਅਨਮੋਲ ਖਜ਼ਾਨਾ ਆਪ ਦੇ ਹਿੱਸੇ ਆਵੇ। ਨਵਾਂ ਸਾਲ ਚੜ੍ਹਦੀ ਕਲਾ ਵਾਲਾ ਹੋਵੇ। ਮਾਲਕ ਦੁੱਖ ਦਲਿੱਦਰ ਤੋਂ ਬਚਾ ਕੇ ਰੱਖੇ। 'ਕਰੋਨਾ' ਬਿਮਾਰੀ ਦੇ ਨਵੇਂ ਰੂਪ ਦਾ ਖਤਰਾ ਫਿਰ ਦਸਤਕ ਦੇਣ ਦੀ ਸੋਚ ਰਿਹਾ ਹੈ। ਆਪ ਸਚੇਤ ਹੋ ਜਾਓ, ਸਿਹਤ ਪ੍ਰਤੀ ਸੰਕੇਤਕ ਹਦਾਇਤਾਂ ਦਾ ਆਪ ਵੀ ਪਾਲਣ ਕਰੋ ਅਤੇ ਦੂਜਿਆਂ ਨੂੰ ਵੀ ਆਗਾ ਕਰੋ। ਰੱਬ ਸਭ ਨੂੰ ਲੰਮੀਆਂ ਉਮਰਾਂ ਦਾ ਦਾਤ ਬਖਸ਼ਿਸ਼ ਕਰਨ। ਬਚਾਅ 'ਚ ਹੀ ਬਚਾਅ ਹੈ, ਆਪਣਾ ਖਿਆਲ ਰੱਖੋ। ਭਲੀ ਕਰੇ ਕਰਤਾਰ।


ਕੇਵਲ ਸਿੰਘ ਸਿੱਧੂ


ਅਸ਼ੋਕ ਕੇ. ਸਿੱਧੂ


ਅਵਤਾਰ ਉੱਪਲ


ਸਤੀਸ਼ ਕੁਮਾਰ


ਸੋਢੀ ਨਾਹਰ


ਸ੍ਰੀਮਤੀ ਤੇ ਸ੍ਰੀ ਰਜਿੰਦਰ ਹੰਸ


ਨਰੇਸ਼ ਕੁਮਾਰ


ਡਾ. ਗੁਰਜੀਤ ਸਿੰਘ


ਸ. ਗੁਰਪਾਲ ਸਿੰਘ

## ਜਾਰੀ ਕਰਤਾ- ਮਹਾਂਰਿਸ਼ੀ ਵਾਲਮੀਕ ਕਮਿਊਨਿਟੀ, ਬੇ-ਏਰੀਆ (ਕੈਲੇਫੋਰਨੀਆ)

**390 Cimarron Dr., Vallejo CA 94589**

# ਚੰਗੀਆਂ ਅਤੇ ਮਾੜੀਆਂ ਯਾਦਾਂ ਦਾ ਪਿਟਾਰਾ ਰਿਹਾ ਸਾਲ 2022

ਸਾਲ 2022 ਕੁਝ ਹੀ ਦਿਨਾਂ ਵਿੱਚ ਅਲਵਿਦਾ ਕਹਿਣ ਵਾਲਾ ਹੈ। ਇਸ ਸਾਲ ਦੇ ਪਿਛਲੇ 6 ਮਹੀਨਿਆਂ 'ਚ ਅਜਿਹੀਆਂ ਕਈ ਯਾਦਗਾਰ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੇ ਕਾਫੀ ਸੁਰਖੀਆਂ ਬਟੋਰੀਆਂ। ਜੁਲਾਈ ਮਹੀਨੇ ਵਿੱਚ ਦੇਸ਼ ਨੂੰ ਆਪਣਾ 15ਵਾਂ ਰਾਸ਼ਟਰਪਤੀ ਮਿਲਿਆ। ਇਸ ਦੇ ਨਾਲ ਹੀ ਅਕਤੂਬਰ 'ਚ ਭਾਰਤ 'ਚ 5ਜੀ ਲਾਂਚ ਕੀਤਾ ਗਿਆ ਸੀ। ਦੂਜੇ ਪਾਸੇ ਨਵੰਬਰ ਮਹੀਨੇ 'ਚ ਸ਼ਰਧਾ ਕਤਲ ਕਾਂਡ ਨੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਆਓ ਜਾਣਦੇ ਹਾਂ ਦੇਸ਼ 'ਚ ਪਿਛਲੇ 6 ਮਹੀਨਿਆਂ 'ਚ ਵਾਪਰੀਆਂ ਅਹਿਮ ਘਟਨਾਵਾਂ।



**25 ਜੁਲਾਈ 2022: ਦੇਸ਼ ਦੀ 15ਵੀਂ ਰਾਸ਼ਟਰਪਤੀ ਬਣੀ ਦ੍ਰੋਪਦੀ ਮੁਰਮੂ**

ਦ੍ਰੋਪਦੀ ਮੁਰਮੂ ਨੇ 25 ਜੁਲਾਈ ਨੂੰ ਸੰਸਦ ਦੇ ਸੈਂਟਰਲ ਹਾਲ ਵਿੱਚ ਦੇਸ਼ ਦੇ 15ਵੇਂ ਰਾਸ਼ਟਰਪਤੀ ਵਜੋਂ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁੱਕੀ। ਭਾਰਤ ਦੇ ਚੀਫ਼ ਜਸਟਿਸ ਐਨਵੀ ਰਮਨਾ ਨੇ ਉਨ੍ਹਾਂ ਨੂੰ ਸਹੁੰ ਚੁਕਾਈ। ਰਾਸ਼ਟਰਪਤੀ ਚੋਣ ਵਿੱਚ ਮੁਰਮੂ ਨੇ ਸੰਯੁਕਤ ਵਿਰੋਧੀ ਧਿਰ ਦੇ ਉਮੀਦਵਾਰ ਯਸ਼ਵੰਤ ਸਿਨਹਾ ਨੂੰ ਵੱਡੇ ਫਰਕ ਨਾਲ ਹਰਾਇਆ। ਤੀਜੇ ਗੇੜ ਵਿੱਚ ਹੀ ਬਹੁਮਤ ਦਾ ਅੰਕੜਾ ਪਾਰ ਕਰਨ ਵਾਲੇ ਮੁਰਮੂ ਨੂੰ ਕੁੱਲ 64 ਫੀਸਦੀ ਵੋਟਾਂ ਮਿਲੀਆਂ।

**13 ਅਗਸਤ 2022:**



**ਭਾਰਤ ਦੇ ਫਲੈਗ ਕੋਡ ਵਿੱਚ ਸੋਧ**

ਭਾਰਤ ਦੀ ਆਜ਼ਾਦੀ ਦੇ 75ਵੇਂ ਵਰ੍ਹੇ ਨੂੰ ਮਨਾਉਣ ਲਈ 13 ਤੋਂ 15 ਅਗਸਤ ਦਰਮਿਆਨ ਹਰ ਘਰ ਤਿਰੰਗਾ ਮੁਹਿੰਮ ਰਾਹੀਂ ਦੇਸ਼ ਭਰ ਦੇ ਲੋਕਾਂ ਨੂੰ ਆਜ਼ਾਦੀ ਦੇ ਅੰਮ੍ਰਿਤ ਮਹੋਤਸਵ ਤਹਿਤ ਘਰਾਂ ਵਿੱਚ ਤਿਰੰਗਾ ਲਹਿਰਾਉਣ ਲਈ ਪ੍ਰੇਰਿਤ ਕੀਤਾ ਗਿਆ।ਸਰਕਾਰ ਨੇ 20 ਕਰੋੜ ਘਰਾਂ ਦਾ ਟੀਚਾ ਰੱਖਿਆ ਸੀ।

**3 ਸਤੰਬਰ 2022: ਭਾਰਤ ਦੁਨੀਆ ਦੀ 5ਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ**

ਬ੍ਰਿਟੇਨ ਨੂੰ ਛੱਡ ਕੇ ਭਾਰਤ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਹੁਣ ਸਿਰਫ਼ ਅਮਰੀਕਾ, ਚੀਨ, ਜਾਪਾਨ ਅਤੇ ਜਰਮਨੀ ਹੀ ਭਾਰਤ ਨਾਲੋਂ ਵੱਡੀ ਅਰਥਵਿਵਸਥਾ ਹਨ।

**16 ਸਤੰਬਰ 2022: ਗੌਤਮ ਅਡਾਨੀ ਦੁਨੀਆ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਬਣੇ**

ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ ਦੁਨੀਆ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਹਨ। ਫੋਰਬਸ ਰੀਅਲ ਟਾਈਮ ਬਿਲੀਅਨੇਅਰ ਇੰਡੈਕਸ ਦੇ ਅਨੁਸਾਰ, ਗੌਤਮ ਅਡਾਨੀ ਨੇ ਬਰਨਾਰਡ ਅਰਨੌਲਟ ਨੂੰ ਪਛਾੜ ਕੇ ਦੁਨੀਆ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। ਫੋਰਬਸ ਰੀਅਲ ਟਾਈਮ ਬਿਲੀਅਨੇਅਰ ਇੰਡੈਕਸ ਦੇ ਅਨੁਸਾਰ, ਗੌਤਮ ਅਡਾਨੀ 154.6 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਦੇ ਨਾਲ ਦੁਨੀਆ ਦਾ ਦੂਜਾ ਸਭ ਤੋਂ ਅਮੀਰ ਵਿਅਕਤੀ ਬਣ ਗਿਆ ਅਤੇ ਬਰਨਾਰਡ ਅਰਨੌਲਟ 153.3 ਬਿਲੀਅਨ ਡਾਲਰ ਦੀ ਜਾਇਦਾਦ ਨਾਲ ਦੁਨੀਆ ਦਾ ਤੀਜਾ ਸਭ ਤੋਂ ਅਮੀਰ ਵਿਅਕਤੀ ਬਣ ਗਿਆ।

**1 ਅਕਤੂਬਰ ਨੂੰ ਭਾਰਤ ਵਿੱਚ 5ਜੀ ਲਾਂਚ**




ਹਾਈ ਸਪੀਡ ਮੋਬਾਈਲ ਇੰਟਰਨੈਟ 5ਜੀ ਸੇਵਾ ਭਾਰਤ ਵਿੱਚ 1 ਅਕਤੂਬਰ ਨੂੰ ਲਾਂਚ ਕੀਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਿੱਚ 5ਜੀ ਸੇਵਾਵਾਂ ਦੀ ਸ਼ੁਰੂਆਤ ਕੀਤੀ ਹੈ। ਡਿਜੀਟਲ ਇੰਡੀਆ ਲਈ ਨਵੀਂ 5ਘ ਕ੍ਰਾਂਤੀ ਦਿੱਲੀ ਦੇ ਪ੍ਰਗਤੀ ਮੈਦਾਨ ਵਿਖੇ ਇੰਡੀਆ ਮੋਬਾਈਲ ਕਾਂਗਰਸ ਦੇ 6ਵੇਂ ਸੰਸਕਰਨ ਦੇ ਉਦਘਾਟਨ ਨਾਲ ਸ਼ੁਰੂ ਹੋਈ। ਪ੍ਰਧਾਨ ਮੰਤਰੀ ਨੇ ਲਾਂਚ ਕਰਨ ਤੋਂ ਬਾਅਦ ਕਿਹਾ ਕਿ 'ਅੱਜ 130 ਕਰੋੜ ਭਾਰਤੀਆਂ ਨੂੰ ਦੇਸ਼ ਦੇ ਟੈਲੀਕਾਮ ਉਦਯੋਗ ਤੋਂ 5ਜੀ ਦੇ ਰੂਪ 'ਚ ਵੱਡਾ ਤੋਹਫਾ ਮਿਲ ਰਿਹਾ ਹੈ।

5ਜੀ ਸਪੈਕਟਰਮ ਦੀ ਨਿਲਾਮੀ 1 ਅਗਸਤ ਨੂੰ ਸਫਲਤਾਪੂਰਵਕ ਪੂਰੀ ਹੋਈ ਸੀ। ਇਸ ਨਿਲਾਮੀ ਵਿੱਚ ਦੂਰਸੰਚਾਰ ਵਿਭਾਗ ਨੂੰ 1,50,173 ਕਰੋੜ ਰੁਪਏ ਦੀ ਆਮਦਨ ਹੋਈ। ਟੈਲੀਕਾਮ ਕੰਪਨੀਆਂ ਨੂੰ 51,236 ਮੈਗਾਹਰਟਜ਼ ਅਲਾਟ ਕੀਤਾ ਗਿਆ ਹੈ।

# ਐਰੀਜ਼ੋਨਾ 'ਚ ਜੰਮੀ ਝੀਲ 'ਚ ਡਿੱਗਣ ਕਾਰਨ ਇਕ ਔਰਤ ਸਮੇਤ ਤਿੰਨ ਭਾਰਤੀ ਅਮਰੀਕੀਆਂ ਦੀ ਮੌਤ

**ਵਾਸ਼ਿੰਗਟਨ–** ਅਮਰੀਕਾ ਤੋਂ ਇੱਕ ਦੁਖਦਾਈ ਖਬਰ ਸਾਹਮਣੇ ਆਈ ਹੈ। ਐਰੀਜ਼ੋਨਾ ਸੂਬੇ ਵਿੱਚ ਇੱਕ ਔਰਤ ਸਮੇਤ ਤਿੰਨ ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਐਰੀਜ਼ੋਨਾ 'ਚ ਜੰਮੀ ਝੀਲ 'ਤੇ ਸੈਰ ਕਰਦੇ ਸਮੇਂ ਉਹ ਬਰਫ 'ਤੇ ਡਿੱਗ ਗਿਆ, ਜਿਸ ਤੋਂ ਬਾਅਦ ਉਸ ਦੀ ਮੌਤ ਹੋ ਗਈ। ਇਹ ਘਟਨਾ 26 ਦਸੰਬਰ ਨੂੰ ਦੁਪਹਿਰ 3:35 ਵਜੇ ਕੋਕੋਨੀਨੋ ਕਾਉਂਟੀ ਦੀ ਵੁਡਸ ਕੈਨਿਯਨ ਝੀਲ 'ਤੇ ਵਾਪਰੀ।

**ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ**

ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਲਾਪਤਾ ਲੋਕਾਂ ਦੀ ਪਛਾਣ 49 ਸਾਲਾ ਨਾਰਾਇਣ ਮੁਦਾਨਾ ਅਤੇ 47 ਸਾਲਾ ਗੋਕੁਲ ਮੇਦੀਸੇਤੀ ਵਜੋਂ ਹੋਈ ਹੈ। ਇਸ ਦੇ ਨਾਲ ਹੀ ਮਹਿਲਾ ਦੀ ਪਛਾਣ ਹਰੀਤਾ ਮੁਦਾਨਾ ਵਜੋਂ ਹੋਈ ਹੈ। ਤਿੰਨੋਂ ਵਿਅਕਤੀ ਚੈਂਡਲਰ, ਐਰੀਜ਼ੋਨਾ ਦੇ ਵਸਨੀਕ ਹਨ ਅਤੇ ਮੂਲ ਰੂਪ ਵਿੱਚ ਭਾਰਤ ਦੇ ਰਹਿਣ ਵਾਲੇ ਹਨ। ਅਧਿਕਾਰੀਆਂ ਨੇ ਦੱਸਿਆ ਕਿ



ਉਹ ਜਲਦੀ ਹੀ ਹਰੀਥਾ ਨੂੰ ਪਾਣੀ 'ਚੋਂ ਬਾਹਰ ਕੱਢਣ 'ਚ ਕਾਮਯਾਬ ਹੋ ਗਏ ਅਤੇ ਉਸ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਅਸਫਲ ਰਹੀ, ਫਿਰ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਫਿਰ ਝੀਲ ਵਿੱਚ ਡਿੱਗੇ ਨਰਾਇਣ ਅਤੇ ਮੇਡੀਸੇਟੀ ਦੀ ਖੋਜ ਸ਼ੁਰੂ ਕੀਤੀ। ਦੋਵਾਂ ਨੌਜਵਾਨਾਂ ਦੀਆਂ ਲਾਸ਼ਾਂ ਮੰਗਲਵਾਰ ਦੁਪਹਿਰ ਨੂੰ ਮਿਲੀਆਂ। ਹੁਣ ਤਿੰਨੋਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਦਿਹਾਤੀ ਮਜ਼ਦੂਰ ਸਭਾ ਵੱਲੋਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਦੋਆਬਾ ਜੋਨ ਦੀ ਰੈਲੀ ਵਿੱਚ ਪੱਧਰ ਤੇ ਮਜਦੂਰਾਂ ਨੇ ਕੀਤੀ ਸ਼ਮੂਲੀਅਤ

## ਭਗਵੰਤ ਮਾਨ ਸਰਕਾਰ ਨੇ ਮਜਦੂਰਾਂ ਦੀਆਂ ਮੰਗਾਂ ਦਾ ਹੱਲ ਨਾ ਕੱਢਿਆ ਤਾਂ ਪੱਕਾ ਮੋਰਚਾ ਲਗਾ ਕੇ ਕਰਾਂਗੇ ਅੰਦੋਲਨ - ਦਰਸ਼ਨ ਨਾਹਰ






**ਫਗਵਾੜਾ 27 ਦਸੰਬਰ (ਬੀ. ਕੇ.ਰੱਤੂ)–** ਦਿਹਾਤੀ ਮਜ਼ਦੂਰ ਸਭਾ ਪੰਜਾਬ, ਦੀ ਦੁਆਬਾ ਜੋਨ ਦੀ ਰੈਲੀ ਨਕੋਦਰ ਵਿਖੇ ਸ਼੍ਰੀ ਨਿਰਮਲ ਸਿੰਘ ਮਲਸੀਆਂ, ਅਮਰਜੀਤ ਮੱਟੂ, ਹਰਬੰਸ ਮੱਟੂ, ਅਮ੍ਰਿਤ ਨੰਗਲ, ਹਰਪਾਲ ਸਿੰਘ ਜਗਤਪੁਰ ਦੀ ਅਗਵਾਈ ਹੇਠ ਹੋਈ। ਇਸ ਰੈਲੀ ਨੂੰ ਦਿਹਾਤੀ ਮਜਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਦਾਉਦ,ਸੂਬਾਈ ਆਗੂ ਪਰਮਜੀਤ ਰੰਧਾਵਾ,ਹਰਪਾਲ ਜਗਤਪੁਰ, ਜਸਵਿੰਦਰ ਕਾਲਕ ਲੁਧਿਆਣਾ, ਸੱਤਪਾਲ ਸਹੋਤਾ, ਨਿਰਮਲ ਆਧੀ ਆਗੂਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਜਿਸ ਵਿੱਚ ਦਿਹਾਤੀ ਮਜ਼ਦੂਰ ਸਭਾ ਦੇ ਝੰਡੇ ਹੇਠ ਵੱਡੀ ਪੱਧਰ ਤੇ ਮਜਦੂਰਾਂ ਨੇ ਸ਼ਮੂਲੀਅਤ ਕੀਤੀ। ਇਸ ਰੈਲੀ ਵਿੱਚ ਮੰਗ ਕੀਤੀ ਕਿ ਮਜ਼ਦੂਰਾਂ ਨੂੰ ਦਸ-ਦਸ ਮਰਲੇ ਦੇ ਪਲਾਟ ਦੇਣ ਅਤੇ ਉਹਨਾਂ 'ਤੇ ਮਕਾਨ ਬਣਾਉਣ ਲਈ ਯੋਗ ਗ੍ਰਾਂਟ ਲੈਣ, ਮਨਰੇਗਾ ਕਾਮਿਆਂ ਵੱਲੋਂ ਕੀਤੇ ਕੰਮਾਂ ਦੀ ਬਕਾਇਆ ਰਾਸ਼ੀ ਦਾ ਭੁਗਤਾਨ ਕਰਵਾਉਣ ਲਈ, ਮਨਰੇਗਾ ਅਧੀਨ ਕਾਮਿਆਂ ਨੂੰ ਪੂਰਾ ਸਾਲ ਕੰਮ ਦੇਣ ਲਈ ਅਤੇ ਮਜ਼ਦੂਰੀ ਦੀ ਦਰ 700/-ਰੁਪਏ ਪ੍ਰਤੀ ਦਿਨ ਲੈਣ ਲਈ, ਸਿੱਖਿਆ ਦੇ ਕੀਤੇ ਜਾ ਰਹੇ ਨਿੱਜੀਕਰਨ ਨੂੰ ਰੋਕਣ ਲਈ ਅਤੇ ਸਰਕਾਰੀ ਸਕੂਲਾਂ ਦੀ ਹੋਂਦ ਨੂੰ ਬਚਾਉਣ ਲਈ ਆਦਿ ਮੰਗਾਂ ਨੂੰ ਜ਼ੋਰਦਾਰ ਤਰੀਕੇ ਨਾਲ ਉਠਾਇਆ ਗਿਆ। ਇਸ ਸਮੇਂ ਸਮੂਹ ਆਗੂਆਂ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਜਲਦੀ ਤੋਂ ਜਲਦੀ ਦਿਹਾਤੀ ਮਜ਼ਦੂਰ ਸਭਾ ਦੇ ਆਗੂਆਂ ਨਾਲ ਚੰਗੇ ਮਾਹੌਲ ਵਿੱਚ ਗੱਲਬਾਤ ਕਰ ਕੇ ਮਜ਼ਦੂਰਾਂ ਦੀਆਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਸੂਬਾ ਪੱਧਰ ਤੇ ਪੱਕਾ ਮੋਰਚਾ ਲਗਾ ਕੇ ਲਗਾਤਾਰ ਸੰਘਰਸ਼ ਜਲਦੀ ਚਲਾਇਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਿਰਫ਼ ਤੇ ਸਿਰਫ਼ ਪੰਜਾਬ ਸਰਕਾਰ ਦੀ ਨਿੱਜੀ ਤੌਰ ਤੇ ਹੋਵੇਗੀ। ਇਸ ਸੂਬਾਈ ਰੈਲੀ ਸਮੇਂ ਸੂਬਾਈ ਆਗੂ ਪਰਮਜੀਤ ਸਿੰਘ ਰੰਧਾਵਾ, ਨਿਰਮਲ ਸਿੰਘ ਆਧੀ, ਮੇਜਰ ਫਿਲੌਰ ਤੋਂ ਇਲਾਵਾ ਬਨਾਰਸੀ ਦਾਸ ਘੁੜਕਾ, ਬਲਵਿੰਦਰ ਕੁਮਾਰ, ਅੰਮ੍ਰਿਤ ਫਿਲੌਰ, ਸਤਪਾਲ ਸਹੋਤਾ, ਵਿਕਰਮ ਮੰਡਾਲਾ,ਤਾਰਾ ਸਿੰਘ ਥੰਮਣਵਾਲ, ਤੀਰਥ ਸਿੰਘ ਬਾਸੀ, ਕਰਨੈਲ ਫਿਲੌਰ, ਕੁਲਦੀਪ ਸਿੰਘ ਕੌੜਾ, ਬਲਵਿੰਦਰ ਉੱਗੀ, ਸਰਬਜੀਤ ਢੇਰੀਆਂ, ਸੁਖਰਾਮ ਦੋਸਾਂਝ ਆਦਿ ਹਾਜ਼ਰ ਸਨ ।

# ਕੈਲੇਫੋਰਨੀਆਂ ਦੇ "ਹਿੰਦੂ ਟੈਂਪਲ ਵਾਲੈਉ" ਨੂੰ 6 ਔਰਤਾਂ ਨੇ ਲੁੱਟਣ ਦੀ ਕੀਤੀ ਨਾਕਾਮ ਕੋਸ਼ਿਸ਼



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕੈਲੇਫੋਰਨੀਆਂ ਵਿੱਚ ਵੱਧ ਰਹੀ ਬੇਰੁਜ਼ਗਾਰੀ ਕਾਰਨ ਬਹੁਤ ਸਾਰੇ ਲੋਕ ਬੇਘਰ ਹੋ ਰਹੇ ਹਨ। ਇਸੇ ਤਰਾਂ ਲੁੱਟ-ਖੋਹ ਜਾਂ ਚੋਰੀ ਦੀਆਂ ਵਾਰਦਾਤਾਂ ਵਿੱਚ ਵੀ ਵਾਧਾ ਹੋਇਆ ਹੈ। ਅਜਿਹੀ ਹੀ ਇਕ ਚੋਰੀ ਦੀ ਵਾਰਦਾਤ ਹਿੰਦੂ ਟੈਂਪਲ ਵਾਲੈਉ ਵਿਖੇ ਵਾਪਰੀ। ਜਿਸ ਸੰਬੰਧੀ ਹਿੰਦੂ ਮੰਦਰ ਦੇ ਫਾਊਡਰ ਅਤੇ ਪ੍ਰੈਜ਼ੀਡੈਂਟ ਸ੍ਰੀ ਚਮਕੌਰ ਗਿਰੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਛੇ ਔਰਤਾਂ ਮੰਦਰ ਵਿੱਚ ਪੂਜਾ ਕਰਵਾਉਣ ਦੇ ਬਹਾਨੇ ਪੁਜਾਰੀ ਕੋਲ ਆਈਆਂ। ਪਰ ਇਸ ਦੇ ਨਾਲ ਹੀ ਦੋ ਪੰਡਤ ਕੋਲ ਬੈਠ ਗਈਆਂ, ਬਾਕੀਆਂ ਨੇ ਇੱਧਰ-ਉਧਰ ਚੋਰੀ ਕਰਨ ਲਈ ਫਰੋਲਾਂ-ਫਰੋਲੀ ਸੁਰੂ ਕਰ ਦਿੱਤੀ। ਜਦ ਕਿ ਪੰਡਤ ਨੇ ਕੋਲ ਬੈਠੀਆਂ ਔਰਤਾਂ ਨੂੰ ਮੰਤਰ ਜਾਪ ਲਈ ਕਿਹਾ ਤਾਂ ਉਨ੍ਹਾਂ ਨੂੰ ਸਹੀ ਮੰਤਰ ਉਚਾਰਣ ਵੀ ਨਹੀਂ ਆਉਂਦੇ ਸਨ। ਇਕਦਮ ਸ਼ੱਕ ਪੈਣ 'ਤੇ ਮੰਦਰ ਦੇ ਪੁਜਾਰੀ ਨੇ ਦੇਖਿਆ ਕਿ ਇਕ ਔਰਤ ਮੰਦਰ ਵਿੱਚ ਸੰਸ਼ੋਭਿਤ ਮੂਰਤੀ ਤੋਂ ਗਹਿਣਿਆਂ ਦੀ ਚੋਰੀ ਕਰਨ ਦੀ ਕੋਸ਼ਿਸ਼ ਕਰਨ ਲੱਗੀ। ਜਦ ਪੰਡਤ ਜੀ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜਿਆ ਅਤੇ ਕਿਹਾ ਕਿ ਇਹ ਮੰਦਰ ਦੀ ਸਾਡੀ ਵੀਡੀਓ ਰਿਕਾਰਡ ਹੋ ਰਹੀ ਹੈ ਤਾਂ ਉਹ ਔਰਤਾਂ ਇਕਦਮ ਕੁਝ ਹੀ ਪਲਾਂ ਵਿੱਚ ਭੱਜ ਗਈਆਂ। ਸਕਿਊਰਟੀ ਕੈਮਰਿਆਂ ਦੇ ਡਰੋ ਔਰਤਾਂ ਦੇ ਭੱਜਣ ਕਰਕੇ ਵੱਡਾ ਨੁਕਸਾਨ ਹੋਣੋਂ ਬਚ ਗਿਆ। ਇਸ ਤੋਂ ਪਹਿਲਾ ਵੀ ਕੈਲੇਫੋਰਨੀਆਂ ਦੇ ਇਕ ਬੁੱਧ ਧਰਮ ਦੇ ਮੰਦਰ ਵਿੱਚ ਵੱਡੀ ਘਟਨਾ ਨੂੰ ਅੰਜ਼ਾਮ ਦਿੱਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਇਹ ਚੋਰਾਂ ਦਾ ਗਰੋਹ ਹਿੰਦੀ ਬੋਲਦਾ ਹੈ, ਪਰ ਦੇਖਣ ਵਿੱਚ ਭਾਰਤੀ ਨਹੀਂ ਲਗਦਾ। ਔਰਤਾਂ ਦੇ ਮੂੰਹ ਉੱਪਰ ਮਸ਼ਕ ਲੱਗੇ ਹੋਣ ਕਰਕੇ ਪਹਿਚਾਣ ਕਰਨੀ ਮੁਸ਼ਕਲ ਹੈ, ਪਰ ਸਕਿਊਰਟੀ ਕੈਮਰਿਆਂ ਦੀ ਫੁੱਟਜ਼ ਦੇ ਅਧਾਰ 'ਤੇ ਪੁਲੀਸ ਚੋਰਾਂ ਦੀ ਭਾਲ ਕਰ ਰਹੀ ਹੈ।

# ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਰੋਹ ਭਰਪੂਰ ਪ੍ਰਦਰਸ਼ਨ




**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਮੈਂਬਰਾਂ ਤੇ ਹਮਦਰਦਾਂ ਨੇ ਪੰਜਾਬ ਸਰਕਾਰ ਵੱਲੋਂ ਜਲੰਧਰ ਸ਼ਹਿਰ ਵਿੱਚ ਘੁੱਗ ਵਸਦਾ ਇਲਾਕਾ ਲਤੀਫਪੁਰਾ ਜ਼ੋਰ ਜ਼ਬਰ ਨਾਲ ਉਜਾੜਣ ਅਤੇ ਪੰਜਾਬ ਸਰਕਾਰ ਨੇ ਪੰਜਾਬੀ ਦੀ ਅਜੀਤ ਤੇ ਪੰਜਾਬੀ ਟ੍ਰਿਬਿਊਨ ਅਖ਼ਬਾਰ ਨੂੰ ਮਿਲਦੇ ਸਰਕਾਰੀ ਇਸ਼ਤਿਹਾਰ ਬੰਦ ਕਰਕੇ ਪ੍ਰੈੱਸ ਦਾ ਜਮਹੂਰੀ ਅਧਿਕਾਰ ਖੋਹਣ ਦੀ ਕੋਸ਼ਿਸ਼ ਵਿਰੁੱਧ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਲਤੀਫਪੁਰਾ ਬਸਤੀ ਵਸਦੀ ਨੂੰ 76 ਸਾਲ ਦੇ ਕਰੀਬ ਹੋ ਗਏ ਹਨ ਤੇ ਹੁਣ ਸਰਕਾਰ ਨੇ ਉਨ੍ਹਾਂ ਦਾ ਉਜਾੜਾ ਇਸ ਕਰਕੇ ਕੀਤਾ ਹੈ ਕਿ ਸੜਕ ਚੌੜੀ ਕਰਨੀ ਹੈ। ਸਰਕਾਰ ਕਹਿ ਰਹੀ ਹੈ ਕਿ ਇਸ ਬਸਤੀ ਦੇ ਲੋਕ ਇਸ ਜਗਾ 'ਤੇ ਜ਼ਬਰਦਸਤੀ ਬੈਠੇ ਹਨ ਅਤੇ ਇਨ੍ਹਾਂ ਕੋਲ ਆਪਣੀਆਂ ਥਾਂਵਾਂ ਦੇ ਕੋਈ ਵੀ ਕਾਗਜ਼ਾਤ ਨਹੀਂ ਹਨ। ਇਹ ਲੋਕ ਇਥੇ ਗੈਰ ਕਾਨੂੰਨੀ ਵੱਸੇ ਹੋਏ ਹਨ। ਸਰਕਾਰ ਇਹ ਕਹਿ ਰਹੀ ਹੈ ਕਿ ਇਥੋਂ ਦੀ ਵਸੋਂ ਨੂੰ ਕੋਰਟ ਦੇ ਫੈਸਲੇ ਅਨੁਸਾਰ ਉਠਾਇਆ ਗਿਆ ਹੈ।

ਕਮੇਟੀ ਨੇ ਕਿਹਾ ਕਿ ਇਨ੍ਹਾਂ ਲੋਕਾਂ ਦੀਆਂ ਥਾਵਾਂ ਦੇ ਕਾਗਜ਼ਾਤ ਸਰਕਾਰ ਨੂੰ ਬਣਾ ਕੇ ਦੇਣ ਚਾਹੀਦੇ ਸਨ। ਜੇ ਫਿਰ ਵੀ ਲਤੀਫਪੁਰਾ ਦੀ ਵਸੋਂ ਨੂੰ ਉਠਾਉਣਾ ਜ਼ਰੂਰੀ ਸੀ ਤਾਂ ਉਨ੍ਹਾਂ ਦੇ ਵਸਾਉਣ ਦਾ ਪ੍ਰਬੰਧ ਪਹਿਲਾਂ ਕਰਨਾ ਚਾਹੀਦਾ ਸੀ। ਕਮੇਟੀ ਨੇ ਇਹ ਵੀ ਪੁਰਜ਼ੋਰ ਮੰਗ ਕੀਤੀ ਹੈ ਕਿ ਜਿਨ੍ਹਾਂ ਨੂੰ ਘਰਾਂ ਤੋਂ ਉਜਾੜਿਆ ਗਿਆ ਹੈ ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ ਅਤੇ ਜਿਹੜੇ ਪੁਲਸ ਮੁਲਾਜ਼ਮਾਂ ਨੇ ਔਰਤਾਂ, ਬੱਚਿਆਂ, ਬਜ਼ੁਰਗਾਂ ਆਦਿ ਵਿਅਕਤੀਆਂ 'ਤੇ ਜ਼ਬਰ ਢਾਇਆ ਹੈ ਉਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਕਮੇਟੀ ਨੇ ਇਹ ਵੀ ਮੰਗ ਕੀਤੀ ਕਿ ਕਿਸੇ ਵੀ ਹਾਲਤ ਵਿੱਚ ਪ੍ਰੈੱਸ ਦੀ ਆਜ਼ਾਦੀ ਨੂੰ ਦਬਾਉਣਾ ਨਹੀਂ ਚਾਹੀਦਾ। ਖ਼ਬਰ ਦਾ ਬਹਾਨਾ ਬਣਾ ਕਿ ਅਖ਼ਬਾਰਾਂ ਦੇ ਸਰਕਾਰੀ ਇਸ਼ਤਿਹਾਰ ਬੰਦ ਕਰਨੇ ਗਲਤ ਹਨ।

ਸਰਕਾਰ ਆਪਣਾ ਇਹ ਹੁਕਮ ਵਾਪਸ ਲਏ ਤੇ ਅਖ਼ਬਾਰਾਂ ਦੇ ਇਸ਼ਤਿਹਾਰ ਚਾਲੂ ਕੀਤੇ ਜਾਣ। ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਵਾਲੇ ਮੁੱਖ ਸਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ, ਪ੍ਰਗਟ ਸਿੰਘ ਜਾਮਾਰਾਏ, ਪ੍ਰੋ. ਗੋਪਾਲ ਸਿੰਘ ਬੁੱਟਰ, ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ, ਕਿਰਤੀ ਕਿਸਾਨ ਤੇ ਮਜ਼ਦੂਰ ਯੂਨੀਅਨ ਤੇ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਤੋਂ ਇਲਾਵਾ ਕਸ਼ਮੀਰ ਘੁੱਗਸ਼ੋਰ, ਸੰਤੋਖ ਸਿੰਘ ਸੰਧੂ, ਕੁਲਵੰਤ ਸਿੰਘ ਕਾਕਾ, ਤੇ ਰਾਜੇਸ਼ ਥਾਪਾ ਵੀ ਸ਼ਾਮਿਲ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਦੁਨੀਆ ਭਰ ਦੇ ਹਾਕੀ ਪ੍ਰੇਮੀਆਂ ਨੂੰ ਵਿਸ਼ਵ ਕੱਪ 2023 ਦੀ ਉਡੀਕ

**ਪ੍ਰੋ. ਪਰਮਜੀਤ ਸਿੰਘ ਰੰਧਾਵਾ**

ਕੌਮਾਂਤਰੀ ਹਾਕੀ ਫੈਡਰੇਸ਼ਨ ਵਲੋਂ ਆਯੋਜਿਤ ਹੋਣ ਵਾਲੇ, ਓਡੀਸ਼ਾ ਵਿਸ਼ਵ ਕੱਪ ਹਾਕੀ-2023 ਦੀ ਉਡੀਕ ਦੁਨੀਆ ਭਰ ਦੇ ਹਾਕੀ ਪ੍ਰੇਮੀਆਂ ਨੂੰ ਹੈ। ਭਾਰਤੀ ਟੀਮ ਜੋ ਟੋਕੀਓ ਉਲੰਪਿਕ ਵਿਚ ਮੁੱਦਤਾਂ ਬਾਅਦ ਕਾਂਸੀ ਦਾ ਤਗਮਾ ਜਿੱਤੀ, ਲਈ ਇਹ ਵਿਸ਼ਵ ਕੱਪ ਸਖ਼ਤ ਚੁਣੌਤੀ ਹੋਵੇਗੀ ਕਿ ਉਹ ਇਸ ਕਾਂਸੀ ਤਗਮੇ ਨੂੰ ਘਰੇਲੂ ਮੈਦਾਨ 'ਚ ਸੋਨੇ 'ਚ ਬਦਲਦੀ ਹੈ ਕਿ ਨਹੀਂ। ਸਾਡੀ ਸਭ ਦੀ ਦਿਲਚਸਪੀ ਦਾ ਸਬੱਬ ਹੈ। ਭਵਨੇਸ਼ਵਰ ਦੇ ਕਲਿੰਗਾ ਸਟੇਡੀਅਮ ਅਤੇ ਰੁੜਕੇਲਾ ਦੇ ਬਿਰਸਾ ਮੁੰਡਾ ਕੌਮਾਂਤਰੀ ਹਾਕੀ ਸਟੇਡੀਅਮ 'ਚ ਜਨਵਰੀ 13 ਤੋਂ ਜਨਵਰੀ, 29 ਤੱਕ ਹਾਕੀ ਦੀਆਂ ਕੌਮਾਂਤਰੀ ਰੌਣਕਾਂ ਵੇਖਣ ਹੀ ਵਾਲੀਆਂ ਹੋਣਗੀਆਂ। ਪੰਜਾਬੀਆਂ ਦੇ ਹਿੱਸੇ ਇਹੋ ਜਿਹੀ ਮੇਜ਼ਬਾਨੀ ਕਿੱਥੇ ਹੁਣ। ਪੰਜਾਬੀਆਂ ਦੀ ਖੇਡ ਹੁਣ ਹਾਕੀ ਕਿੱਥੇ? ਖਿਡਾਰੀ ਟੀਮ 'ਚ ਖੇਡਣ ਵਾਲੇ ਬੇਸ਼ੱਕ ਪੂਰੇ ਵਿਸ਼ਵ ਦਾ ਆਕਰਸ਼ਣ ਰਹਿਣਗੇ ਪੰਜਾਬੀ ਹੋਣ ਕਰਕੇ, ਪਰ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਖਿਡਾਰੀਆਂ ਨਾਲ ਸਜੀ ਹੋਈ ਟੀਮ ਦੀ ਮੇਜ਼ਬਾਨੀ ਲਈ ਪੰਜਾਬ ਦੀਆਂ ਸਰਕਾਰਾਂ ਚੁੱਪ ਹੀ ਰਹੀਆਂ ਜਿਵੇਂ ਹਾਕੀ ਖੇਡ ਨੇ ਪੰਜਾਬ ਦੇ ਮਾਣ ਸਨਮਾਨ ਲਈ ਕਦੇ ਕੁਝ ਕੀਤਾ ਹੀ ਨਹੀਂ।



> ਅਫ਼ਸੋਸ ਤੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਦੀ ਧਰਤ 'ਤੇ ਕੋਈ ਅੰਤਰਰਾਸ਼ਟਰੀ ਮੈਚ ਹੋਣ ਦਾ ਵੀ ਪ੍ਰਬੰਧ ਨਹੀਂ ਹੋਇਆ। ਵਿਸ਼ਵ ਕੱਪ ਹਾਕੀ ਨੂੰ ਆਯੋਜਿਤ ਕਰਨਾ ਨਾ ਤਾਂ ਹੁਣ ਪੰਜਾਬ ਸਰਕਾਰ, ਨਾ ਪੰਜਾਬੀਆਂ ਦੇ ਵੱਸ ਵਿਚ ਰਿਹਾ ਹੈ। ਲਗਾਤਾਰ ਓਡੀਸ਼ਾ ਦੀ ਧਰਤੀ 'ਤੇ ਇਹ ਵਿਸ਼ਵ ਪੱਧਰੀ ਮੈਚ ਆਯੋਜਿਤ ਹੋ ਰਹੇ ਹਨ। ਪੰਜਾਬੀਆਂ ਦੀ ਖੇਡ ਨੂੰ ਹੁਣ ਉੱਥੇ ਤਾਂ ਆਦਰ ਸਨਮਾਨ ਮਿਲ ਰਿਹਾ ਹੈ। ਕੀ ਗੱਲ ਸਾਡੀਆਂ ਸਰਕਾਰਾਂ ਕਿਉਂ ਘੇਸ ਵੱਟੀ ਬੈਠੀਆਂ ਹਨ। ਸਾਡੇ ਵਿਚ ਕੀ ਕਮੀ ਹੈ ਕਿ ਅਸੀਂ ਪੰਜਾਬ ਦੀ ਧਰਤੀ 'ਤੇ ਕੋਈ ਅੰਤਰਰਾਸ਼ਟਰੀ ਪੱਧਰ ਦਾ ਹਾਕੀ ਸਟੇਡੀਅਮ ਹੀ ਪੈਦਾ ਨਹੀਂ ਕਰ ਪਾ ਰਹੇ। ਪੰਜਾਬੀਓ! ਸ਼ਰਮ ਕਰੋ! ਤੁਹਾਡਾ ਰਾਜ ਹੁਣ ਏਨਾ ਨਿਗੁਣਾ ਹੋ ਗਿਆ ਕਿ ਇਥੇ 'ਹਾਕੀ ਨਾਮ ਲੇਵਾ' ਹੀ ਖ਼ਤਮ ਹੁੰਦੇ ਜਾ ਰਹੇ ਹਨ। ਨਾ ਤੁਹਾਡੇ ਰਾਜ ਦੇ ਹਾਕੀ ਖੇਡ ਨੂੰ ਸਪਾਂਸ ਕਰਨ ਵਾਲੀ ਕੋਈ ਸਰਕਾਰ ਹੈ। ਨਾ ਕੋਈ ਵਪਾਰਕ ਕੰਪਨੀ, ਜ਼ਰਾ ਸੋਚ ਕੇ ਵੇਖੋ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਤੇ ਪੰਜਾਬੀ ਕੌਮ ਦਾ ਨਾਂ ਰੌਸ਼ਨ ਕਰਨ ਵਾਲੇ ਸਾਡੇ ਹਾਕੀ ਜੁਝਾਰੂਆਂ ਦੇ ਮਨ ਵਿਚ ਕੀ ਆਉਂਦਾ ਹੋਵੇਗਾ ਕਿ ਅਸੀਂ ਪੰਜਾਬ ਦੀ ਧਰਤੀ ਤੋਂ ਉੱਠ ਕੇ ਮਿਹਨਤ ਕੀਤੀ ਮੁਸ਼ੱਕਤ ਕੀਤੀ। ਦੇਸ਼ ਦੀ ਕੌਮੀ ਟੀਮ ਦਾ ਸਥਾਨ ਬਣਾਇਆ ਅੰਤਰਰਾਸ਼ਟਰੀ ਪੱਧਰ 'ਤੇ ਮੱਲਾਂ ਮਾਰੀਆਂ ਤੇ ਸਾਡੇ ਪੰਜਾਬ ਵਿਚ ਹਾਕੀ ਦਾ ਕੌਮਾਂਤਰੀ ਟੂਰਨਾਮੈਂਟ ਆਯੋਜਿਤ ਕਰਨ ਦੀ ਵੀ ਹਿੰਮਤ ਨਹੀਂ, ਤਾਕਤ ਨਹੀਂ। ਓਡੀਸ਼ਾ ਦੀ ਧਰਤੀ 'ਤੇ ਆਯੋਜਿਤ ਹੋਣ ਵਾਲੇ ਵਿਸ਼ਵ ਕੱਪ ਦਾ ਅਨੰਦ ਮਾਣਦਿਆਂ ਇਹ ਜ਼ਰੂਰ ਸੋਚਿਓ ਕਿ ਕਦੇ ਪੰਜਾਬ ਵੀ ਇਸ ਪ੍ਰਕਾਰ ਦੇ ਵਿਸ਼ਵ ਪੱਧਰੀ ਟੂਰਨਾਮੈਂਟ ਕਰਾਉਣ ਦੇ ਯੋਗ ਬਣ ਸਕੇਗਾ?

ਜਾਂ ਫਿਰ ਪੰਜਾਬ ਇਥੋਂ ਦੇ ਵੱਖ-ਵੱਖ ਸ਼ਹਿਰਾਂ ਵਿਚ ਵਿਸ਼ਵ ਕੱਪ ਟਰਾਫ਼ੀ ਦੇ ਦਰਸ਼ਨ ਕਰਨ ਜੋਗਾ ਹੀ ਹਮੇਸ਼ਾ ਰਹਿ ਜਾਵੇਗਾ ਜਿਵੇਂ ਕਿ ਅੱਜਕਲ੍ਹ ਇਹ ਟਰਾਫ਼ੀ ਸਾਡੇ ਸ਼ਹਿਰਾਂ ਵਿਚ ਘੁੰਮਦੀ, ਕਈ ਪ੍ਰਸ਼ਨ ਚਿੰਨ੍ਹ ਪੰਜਾਬ ਹਾਕੀ ਪ੍ਰੇਮੀਆਂ ਦੇ ਮਨ ਵਿਚ ਪੈਦਾ ਕਰ ਰਹੀ ਹੈ, ਕੀ ਕਦੇ ਪੰਜਾਬ ਸਰਕਾਰ ਵੀ ਇਸ ਪੱਖੋਂ ਕੁਝ ਸੋਚੇਗੀ ਜਨਾਬ?

# ਸੰਨ 2022 ਦੌਰਾਨ ਚਰਚਾ ਵਿਚ ਰਿਹਾ ਭਾਰਤੀ ਅਥਲੀਟ 'ਨੀਰਜ ਚੋਪੜਾ'

ਬੀਤੇ ਦਿਨੀਂ ਵਿਸ਼ਵ ਅਥਲੈਟਿਕਸ ਦੇ ਪ੍ਰਧਾਨ ਸੇਬੇਸਟੀਅਨ ਕੋ ਨੇ ਪੀ.ਟੀ.ਆਈ. ਸਮੇਤ ਕੁਝ ਚੋਣਵੇਂ ਏਸ਼ਿਆਈ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੁਝ ਅੰਕੜੇ ਸਾਂਝੇ ਕੀਤੇ, ਜਿਸ ਤੋਂ ਪਤਾ ਲੱਗਾ ਕਿ ਟੋਕੀਓ ਉਲੰਪਿਕ ਖੇਡਾਂ ਵਿਚ ਇਤਿਹਾਸਕ ਸੋਨ ਤਗਮਾ ਜਿੱਤਣ ਵਾਲਾ ਭਾਰਤ ਦਾ 'ਗੋਲਡਨ ਬੁਆਏ' ਦੇ ਨਾਂਅ ਨਾਲ ਮਸ਼ਹੂਰ ਨੀਰਜ ਚੋਪੜਾ ਸਭ ਤੋਂ ਵੱਧ ਚਰਚਾ ਵਿਚ ਰਹਿਣ ਵਾਲਾ ਅਥਲੀਟ ਬਣ ਗਿਆ ਹੈ। ਵਿਸ਼ਵ ਅਥਲੈਟਿਕਸ ਦੇ ਅਧਿਐਨ ਅਨੁਸਾਰ ਉਲੰਪਿਕ ਚੈਂਪੀਅਨ ਨੀਰਜ ਚੋਪੜਾ ਨੇ ਟੋਕੀਓ ਖੇਡਾਂ ਵਿਚ ਸੋਨ ਤਗਮਾ ਜਿੱਤਣ ਤੋਂ ਬਾਅਦ ਦਿਗਜ ਅਥਲੀਟ ਓਸੈਨ ਬੋਲਟ ਨੂੰ 'ਸਭ ਤੋਂ ਵੱਧ ਨਜ਼ਰ ਆਉਣ ਵਾਲੇ ਅਥਲੀਟ' ਦੇ ਰੂਪ ਵਿਚ ਪਿੱਛੇ ਛੱਡ ਦਿੱਤਾ।



ਭਾਰਤ ਦੇ 24 ਸਾਲਾ ਸਟਾਰ ਖਿਡਾਰੀ ਨੇ ਇਸ ਤੋਂ ਬਾਅਦ ਵਿਸ਼ਵ ਚੈਂਪੀਅਨਸ਼ਿਪ 'ਚ ਕਾਂਸੀ ਤਗਮਾ ਜਿੱਤ ਕੇ ਆਪਣੀ ਪ੍ਰਸਿੱਧੀ ਹੋਰ ਵਧਾ ਦਿੱਤੀ ਸੀ। ਟੋਕੀਓ ਵਿਚ ਜੈਵਲਿਨ ਥ੍ਰੋਅ ਦਾ ਸੋਨ ਤਗਮਾ ਜੇਤੂ ਨੀਰਜ ਟਰੈਕ ਐਂਡ ਫੀਲਡ ਵਿਚ ਤਗਮਾ ਜਿੱਤਣ ਵਾਲਾ ਭਾਰਤ ਦਾ ਪਹਿਲਾ ਅਥਲੀਟ ਬਣਿਆ ਸੀ। ਜਿੱਥੋਂ ਤੱਕ ਮੀਡੀਆ ਕਵਰੇਜ ਦੀ ਗੱਲ ਹੈ ਤਾਂ ਚੋਪੜਾ ਨੂੰ ਲੈ ਕੇ 812 ਲੇਖ ਪ੍ਰਕਾਸ਼ਿਤ ਹੋਏ। ਉਨ੍ਹਾਂ ਤੋਂ ਬਾਅਦ ਜਮੈਕਾ ਦੀ ਤਿਕੜੀ ਐਲਨ ਥਾਮਪਸਨ-ਹੈਰਾਹ (751), ਸ਼ੈਲੀ-ਐਨ ਫ੍ਰੇਜਰ-ਪ੍ਰਿਸ (698) ਅਤੇ ਸ਼ੇਰਿਕਾ ਜੈਕਸਨ (679) ਦਾ ਨੰਬਰ ਆਉਂਦਾ ਹੈ। ਕ੍ਰਿਸ਼ਮਈ ਖਿਡਾਰੀ ਓਸੈਨ ਬੋਲਟ 574 ਲੇਖਾਂ ਨਾਲ ਇਸ ਸੂਚੀ ਵਿਚ ਪੰਜਵੇਂ ਸਥਾਨ 'ਤੇ ਹਨ। ਕੋ ਨੇ ਕਿਹਾ ਕਿ ਮੈਂ ਓਸੈਨ ਬੋਲਟ ਨੂੰ ਖਾਰਜ ਨਹੀਂ ਕਰ ਰਿਹਾ, ਉਹ ਸਾਡੇ ਲਈ ਪ੍ਰੇਰਨਾ ਸਰੋਤ ਹਨ ਪਰ ਇਸ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਅਸੀਂ ਆਪਣਾ ਦਾਇਰਾ ਵਧਾ ਰਹੇ ਹਾਂ। ਹੁਣ ਅਸੀਂ ਸਿਰਫ਼ ਇਕ ਅਥਲੀਟ ਨੂੰ ਲੈ ਕੇ ਗੱਲ ਨਹੀਂ ਕਰ ਰਹੇ, ਸਗੋਂ ਹੁਣ ਸਾਡੇ ਕੋਲ ਵੱਡੀ ਗਿਣਤੀ 'ਵਿਚ ਸਟਾਰ ਅਥਲੀਟ ਹਨ।

ਦੇਸ਼ ਦੁਆਬਾ

## ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਇਸ ਵਕਤ ਸਾਰਾ ਸੰਸਾਰ ਸਾਹਿਬ-ਏ-ਕਮਾਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਸਨ ਅਤੇ ਉਹਨਾਂ ਨੇ ਜ਼ੁਲਮੋ-ਸਿਤਮ ਦੇ ਖਿਲਾਫ ਜੋ ਕੁਰਬਾਨੀਆਂ ਦਿੱਤੀਆਂ, ਉਹ ਦੁਨੀਆਂ ਦੇ ਇਤਿਹਾਸ ਵਿਚ ਲਾਸਾਨੀ ਹਨ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਸਿਰਫ ਅਧਿਆਤਮਕ ਗੁਰੂ ਹੀ ਨਹੀਂ ਬਲਕਿ ਦੁਨੀਆਂ ਦੇ ਇਤਿਹਾਸ ਦੇ ਮਹਾਨ ਜਰਨੈਲ ਵੀ ਸਨ, ਜਿਹਨਾਂ ਨੇ ਜ਼ੁਲਮਾਂ ਦੀ ਲਿਤਾੜੀ ਇਕ ਦੱਬੀ-ਕੁਚਲੀ ਕੌਮ ਨੂੰ ਉਸ ਜ਼ਾਲਮ ਹਕੂਮਤ ਦੇ ਖਿਲਾਫ ਲੜਨ ਲਈ ਤਿਆਰ ਕੀਤਾ, ਜਿਹੜੀਆਂ ਕਈ ਸਦੀਆਂ ਤੋਂ ਹਿੰਦੁਸਤਾਨ ਦਾ ਖ਼ੂਨ ਪੀ ਰਹੀ ਸੀ। ਦਸਮ ਪਾਤਸ਼ਾਹ ਨੇ ਚਿੜੀਆਂ ਤੋਂ ਬਾਜ ਤੁੜਾਉਣ ਦੀ ਤੁਕ ਨੂੰ ਸਹੀ ਸਾਬਤ ਕਰ ਦਿਖਾਇਆ। ਉਹਨਾਂ ਦੀ ਮਹਾਨ ਕੁਰਬਾਨੀ ਅਤੇ ਲਾਸਾਨੀ ਬੀਰਤਾ ਨੇ ਭਾਰਤ ਦਾ ਨਕਸ਼ਾ ਬਦਲ ਦਿੱਤਾ। ਸਦੀਆਂ ਤੋਂ ਦੱਬੇ-ਕੁਚਲੇ ਲਤਾੜੇ ਲੋਕਾਂ ਨੂੰ ਇੱਕਮੁੱਠ ਕਰਕੇ ਉਹਨਾਂ ਨੇ ਅਜਿਹੀ ਤਾਕਤਵਰ ਕੌਮ ਖੜ੍ਹੀ ਕੀਤੀ, ਜਿਸ ਨੇ ਭਵਿੱਖ ਵਿਚ ਜਾ ਕੇ ਭਾਰਤ ਦਾ ਹੀ ਨਕਸ਼ਾ ਬਦਲ ਦਿੱਤਾ।

ਗੁਰੂ ਜੀ ਦਾ ਬਚਪਨ ਪਟਨਾ ਵਿੱਚ ਹੀ ਬੀਤਿਆ। ਗੁਰੂ ਜੀ ਨੇ ਬਚਪਨ ਵਿੱਚ ਸ਼ਸਤਰ ਵਿੱਦਿਆ ਦੇ ਨਾਲ ਨਾਲ ਹਿੰਦੀ, ਫ਼ਾਰਸੀ, ਬ੍ਰਜ, ਉਰਦੂ ਅਤੇ ਗੁਰਮੁਖੀ ਭਾਸ਼ਾਵਾਂ ਵਿੱਚ ਵੀ ਨਿਪੁੰਨਤਾ ਹਾਸਲ ਕੀਤੀ। ਠਸਕੇ ਦੇ ਰਹਿਣ ਵਾਲੇ ਸੱਯਦ ਭੀਖਣ ਸ਼ਾਹ ਨੂੰ ਜਦੋਂ ਗੁਰੂ ਜੀ ਦੇ ਪਟਨਾ ਸਾਹਿਬ ਵਿੱਚ ਪ੍ਰਕਾਸ਼ ਹੋਣ ਦੀ ਖ਼ਬਰ ਮਿਲੀ ਤਾਂ ਉਹ ਆਪਣੇ ਦੋ ਮੁਰੀਦਾਂ ਨੂੰ ਨਾਲ ਲੈ ਕੇ ਪਟਨਾ ਪਹੁੰਚ ਗਿਆ। ਉਸ ਸਮੇਂ ਗੁਰੂ ਜੀ ਨੇ ਭੀਖਣ ਸ਼ਾਹ ਦੁਆਰਾ ਲਿਆਂਦੀਆਂ ਦੋ ਕੁੱਜੀਆਂ ਉਤੇ ਆਪਣੇ ਹੱਥ ਧਰਦਿਆਂ ਇਸ ਗੱਲ ਦਾ ਪ੍ਰਮਾਣ ਦਿੱਤਾ ਕਿ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਾਂਝੇ ਗੁਰੂ ਹੋਣਗੇ।

ਪਿਤਾ ਗੁਰੂ ਤੇਗ਼ ਬਹਾਦਰ ਜੀ ਦੀ ਦੂਜੇ ਧਰਮ ਨੂੰ ਬਚਾਉਣ ਲਈ ਦਿੱਲੀ ਵਿੱਚ ਦਿੱਤੀ ਸ਼ਹਾਦਤ ਤੋਂ ਬਾਅਦ ਬਾਲਕ ਗੋਬਿੰਦ ਰਾਏ ਨੇ ਗੁਰਗੱਦੀ ਸੰਭਾਲ ਲਈ। 1699 ਦੀ ਵਿਸਾਖੀ ਦੇ ਸ਼ੁੱਭ ਦਿਹਾੜੇ ਉੱਤੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਨੰਗੀ ਸ਼ਮਸ਼ੀਰ ਨਾਲ ਸਟੇਜ ਉੱਤੇ ਆ ਕੇ ਸਾਰੀ ਆਈ ਸੰਗਤ ਵਿੱਚੋਂ ਪੰਜ ਸਿਰਾਂ ਦੀ ਮੰਗ ਕੀਤੀ। ਜਿਨ੍ਹਾਂ ਨੂੰ ਬਾਅਦ ਵਿੱਚ ਅੰਮ੍ਰਿਤ ਛਕਾ ਕੇ ਸਿੰਘ ਥਾਪਿਆ ਤੇ ਪੰਜ ਪਿਆਰੇ ਹੋਣ ਦਾ ਵਰ ਬਖ਼ਸ਼ਿਆ। ਵੱਖਰੀਆਂ ਜਾਤਾਂ ਵਾਲੇ ਪੰਜ ਸਿੰਘਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾ ਕੇ ਗੁਰੂ ਜੀ ਨੇ ਸਮਾਜ ਵਿੱਚ ਚਿਰਾਂ ਤੋਂ ਚੱਲੀ ਆ ਰਹੀ ਜਾਤ ਪਾਤ ਦੀ ਕੁਪ੍ਰਥਾ ਨੂੰ ਖ਼ਤਮ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਸਿਰਫ ਇਕ ਮਹਾਨ ਜਰਨੈਲ ਹੀ ਨਹੀਂ ਬਲਕਿ ਮਹਾਨ ਸਮਾਜ ਸੁਧਾਰਕ, ਮਹਾਨ ਕਵੀ ਅਤੇ ਮਹਾਨ ਸਾਹਿਤਕਾਰ ਵੀ ਸਨ। ਉਹਨਾਂ ਨੇ ਆਪਣੇ ਸਮੇਂ ਦਰਮਿਆਨ ਸਾਹਿਤ ਦੇ ਵਿਕਾਸ ਅਤੇ ਵਿਸਥਾਰ ਲਈ ਅਣਥੱਕ ਯਤਨ ਕੀਤੇ। ਅਮੀਰ-ਗਰੀਬ ਅਤੇ ਜਾਤ-ਪਾਤ ਦੇ ਪਾੜੇ ਨੂੰ ਦੂਰ ਕਰਕੇ ਹਰ ਇਨਸਾਨ ਨੂੰ 'ਖਾਲਸਾਈ ਬਾਣਾ' ਦਿੱਤਾ, ਜਿਸ ਵਿਚ ਕਿਸੇ ਵੀ ਕਿਸਮ ਦੇ ਊਚ-ਨੀਚ ਲਈ ਕੋਈ ਥਾਂ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਸਾਨੀ ਕੁਰਬਾਨੀਆਂ, ਉਹਨਾਂ ਦੇ ਸਿਦਕ ਨੂੰ ਨਤਮਸਤਕ ਹੁੰਦਿਆਂ ਉਹਨਾਂ ਦੇ ਪਾਵਨ ਪ੍ਰਕਾਸ਼ ਦਿਹਾੜੇ 'ਤੇ ਅਦਾਰਾ 'ਦੇਸ਼ ਦੁਆਬਾ' ਉਹਨਾਂ ਨੂੰ ਕੋਟਿ ਕੋਟਿ ਪ੍ਰਣਾਮ ਕਰਦਾ ਹੈ।

# ਲਾਮਿਸਾਲ ਸਾਕੇ ਵਰਤਾਏ ਬੀਰ-ਬਹਾਦਰ ਜਿੰਦਾਂ ਨੇ



ਅਵਤਾਰ ਸਿੰਘ ਮਿਸ਼ਨਰੀ
510-432-5827

ਸਾਕਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਸ਼ਕ-ਸੰਮਤ ਅਤੇ ਸਾਕੇ ਬਹੁ ਵਚਨ ਸ਼ਬਦ ਹੈ। ਸਾਕਾ ਤੋਂ ਭਾਵ ਹੈ ਕਿ ਕੋਈ ਐਸਾ ਕਰਮ ਜੋ ਇਤਿਹਾਸ ਵਿੱਚ ਪ੍ਰਸਿੱਧ ਰਹਿਣ ਲਾਇਕ ਹੋਵੇ। ਸਿੱਖਾਂ ਤੋਂ ਪਹਿਲੇ ਵੀ ਸਾਕੇ ਵਰਤੇ ਹਨ ਹਰੇਕ ਸੱਚ ਦੇ ਪੁਜਾਰੀ ਨਾਲ ਕੋਈ ਨਾਂ ਕੋਈ ਸਾਕਾ ਵਰਤਿਆ ਹੀ ਹੈ ਜਿਵੇਂ ਮਨਸੂਰ, ਸਰਮਦ ਅਤੇ ਗੇਲੀਲੀਓ ਵਰਗੇ ਉੱਚਕੋਟੀ ਦੇ ਸੂਫੀ ਅਤੇ ਵਿਗਿਆਨੀ ਇਸ ਦੀ ਢੁੱਕਵੀਂ ਮਿਸਾਲ ਹਨ। ਪਰ ਜੋ ਛੋਟੀ ਜਿਹੀ ਸਿੱਖ ਕੌਮ ਨੇ ਲਾਸਾਨੀ ਸਾਕੇ ਵਰਤਾਏ ਅਤੇ ਹੰਡਾਏ ਉਹ ਬੇਹੱਦ ਲਾਮਿਸਾਲ ਹਨ। ਸਿੱਖ ਧਰਮ ਦੇ ਬਾਨੀ ਗੁਰੂ ਬਾਬਾ ਨਾਨਕ ਜੀ ਨੇ ਪੁਜਾਰੀਵਾਦ, ਬ੍ਰਾਹਮਣੀ ਕਰਮਕਾਂਡ, ਅਖੌਤੀ ਰੀਤਾਂ ਰਸਮਾਂ, ਸਰਕਾਰੀ ਜ਼ੁਲਮ ਅਤੇ ਅਨਿਆਇੰ ਵਿਰੁੱਧ ਉੱਠ ਖੜੇ ਹੋਣ ਦਾ ਸਾਕਾ ਵਰਤਾਇਆ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਸ਼ਬਦ ਗੁਰੂ ਦੀ ਸ਼ਾਨ ਅਤੇ "ਸਭੇ ਸਾਂਝੀਵਾਲ ਸਦਾਇਨ" ਦੇ ਸਿਧਾਂਤ ਲਈ ਸ਼ਹੀਦੀ ਸਾਕਾ ਵਰਤਾਇਆ। ਗੁਰੂ ਤੇਗ ਬਹਾਦਰ ਜੀ ਨੇ ਮਜ਼ਲੂਮਾਂ ਦਾ ਧਰਮ ਬਚਾਉਣ ਲਈ ਆਪਾ ਵਾਰਿਆ, ਸਿੱਖ ਦੇਗਾਂ ਵਿੱਚ ਉਬਲੇ ਅਤੇ ਆਰਿਆਂ ਨਾਲ ਚੀਰੇ ਗਏ, ਇਉਂ ਸਾਕਿਆਂ ਦੀ ਲੜੀ ਚੱਲ ਪਈ। ਇਸੇ ਸਾਕਾ ਲੜੀ ਦੇ ਅਨਮੋਲ ਹੀਰੇ, ਗੁਰਮਤਿ ਗਾਨੇ ਦੇ ਸੱਚੇ ਸੁੱਚੇ ਮੋਤੀ, ਗੁਰੂ ਗੋਬਿੰਦ ਸਿੰਘ ਜੀ ਦੇ ਲਖ਼ਤੇ ਜ਼ਿਗਰ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਚਾਰੇ ਸਾਹਿਬਜ਼ਾਦਿਆਂ ਨੇ ਕ੍ਰਮਵਾਰ ਚਮਕੌਰ ਸਾਹਿਬ ਅਤੇ ਸਰਹਿੰਦ ਵਿਖੇ ਲਾਮਿਸਾਲ ਸਾਕੇ ਵਰਤਾ, ਵਿਲੱਖਣ ਇਤਿਹਾਸ ਸਿਰਜ ਦਿੱਤਾ।

ਸਾਹਿਬਜ਼ਾਦਾ ਫਾਰਸੀ ਦਾ ਸ਼ਬਦ ਹੈ ਜਿਸ ਦੀ ਸੰਗਿਆ ਹੈ-ਬਾਦਸ਼ਾਹਜਾਦਹ, ਰਾਜਕੁਮਾਰ, ਸੁਆਮੀ ਦਾ ਬੇਟਾ ਅਤੇ ਸਿੱਖਾਂ ਵਿੱਚ ਗੁਰੂ ਸਪੁੱਤ੍ਰ ਹੈ। ਸਹਿਬਜ਼ਾਦੇ ਪੁੱਤਰਾਂ ਨੂੰ ਵੀ ਕਿਹਾ ਜਾਂਦਾ ਹੈ, ਕਈ ਵਾਰ ਸਿਆਣੇ ਲੋਕ ਇੱਕ ਦੂਜੇ ਦਾ ਹਾਲ-ਚਾਲ ਪੁੱਛਦੇ ਸਮੇ ਕਹਿੰਦੇ ਹਨ ਤੁਹਾਡੇ ਸਾਹਿਬਜ਼ਾਦਿਆਂ ਦਾ ਕੀ ਹਾਲ ਹੈ? ਸੁੱਖ ਨਾਲ ਆਪ ਜੀ ਦੇ ਕਿੰਨ੍ਹੇ ਸਾਹਿਬਜ਼ਾਦੇ ਹਨ? ਪਰ ਆਂਮ ਤੌਰਤੇ ਸਾਹਿਬਜ਼ਾਦੇ ਲਕਬ ਗੁਰੂ ਸਪੁੱਤ੍ਰਾਂ ਲਈ ਹੀ ਢੁਕਵਾਂ ਹੈ। ਬੀਰ ਸੰਸਕ੍ਰਿਤਿ ਅਤੇ ਬਹਾਦਰ ਫਾਰਸੀ ਦੇ ਸ਼ਬਦ ਹਨ। ਬੀਰ-ਯੋਧਾ, ਬਹਾਦਰ-ਉਤਸ਼ਾਹੀ ਅਤੇ ਸੂਰਬੀਰ। ਜਿਦ ਅਰਬੀ ਅਤੇ ਜਿੰਦ ਫਾਰਸੀ ਦੇ ਲਫਜ਼ ਹਨ। ਜਿਦ ਦੇ ਅਰਥ ਹਨ ਮੁਖ਼ਲਫਤ, ਵਿਰੋਧ ਅਤੇ ਹਠ ਪਰ ਜਿੰਦ ਦੇ ਅਰਥ ਹਨ-ਜਾਨ, ਰੂਹ, ਜੀਵਨਸਤਾ, ਅੰਤਸ਼ਕਰਨ, ਜੀਵਨ ਅਤੇ ਜ਼ਿੰਦਗੀ। ਪਾਠਕ ਜਨ ਸਾਕੇ ਜਿੰਦਾਂ, ਸਾਹਿਬਜ਼ਾਦਾ, ਬੀਰ ਅਤੇ ਬਹਾਦਰ ਸ਼ਬਦਾਂ ਦਾ ਭਾਵ ਸਮਝ ਗਏ ਹਨ ਜੋ ਲੇਖ ਦੇ ਸਿਰਲੇਖ ਵਿੱਚ ਆਏ ਹਨ।

ਹੁਣ ਆਪਾਂ ਚਾਰ ਸਹਿਬਜ਼ਾਦਿਆਂ ਦੇ ਸੰਖੇਪ ਜੀਵਨ ਅਤੇ ਕਾਰਨਾਮਿਆਂ ਬਾਰੇ ਵਿਚਾਰ ਕਰਦੇ ਹਾਂ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਦੇ ਦਸਵੇਂ ਜਾਂਨਸ਼ੀਨ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਪੁੱਤਰ ਸਨ ਜਿਨ੍ਹਾਂ ਨੂੰ ਸਿੱਖ ਸੰਗਤਾਂ ਸਤਿਕਾਰ ਨਾਲ ਸਾਹਿਬਜ਼ਾਦੇ ਅਤੇ ਬਾਬਾ ਸ਼ਬਦਾਂ ਨਾਲ ਸੰਬੋਧਨ ਕਰਦੀਆਂ ਹਨ। ਬਾਬਾ ਅਜੀਤ ਸਿੰਘ ਦਾ ਜਨਮ ੨੩ ਮੱਘਰ ਸੰਮਤ ੧੭੪੩ (੧੬੮੬ ਈ.) ਬਾਬਾ ਜੁਝਾਰ ਸਿੰਘ ਜੀ ਦਾ ਸੰਮਤ ੧੭੪੭ (੧੬੯੦ ਈ.) ਬਾਬਾ ਜੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ ੩ ਸੰਮਤ ੧੭੫੩ (੧੬੯੬ ਈ.) ਅਤੇ ਬਾਬਾ ਫ਼ਤਿਹ ਸਿੰਘ ਜੀ ਦਾ ਜਨਮ ਫੱਗਣ ਸੁਦੀ ੭, ਸੰਮਤ ੧੭੫੫ (੧੬੯੮ ਈ.) ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ।

ਚਾਰੇ ਸਾਹਿਜ਼ਾਦਿਆਂ ਦੀ ਮਾਂ ਮਾਤਾ ਜੀਤ ਕੌਰ ਹੀ ਹੈ ਜਿਨ੍ਹਾਂ ਨੂੰ ਸੁੰਦਰ ਸ਼ਕਲ ਹੋਣ ਕਰਕੇ ਮਾਤਾ ਸੁੰਦਰੀ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ। ਪੁਰਾਣੇ ਸਮੇਂ ਜਦ ਲੜਕੀ ਵਿਆਹ ਕੇ ਸਹੁਰੇ ਘਰ ਜਾਂਦੀ ਸੀ ਤਾਂ ਸਹੁਰੇ ਉਸ ਦਾ ਨਵਾਂ ਨਾਂ ਰੱਖਦੇ ਸਨ। ਇਸ ਕਰਕੇ ਇਤਿਹਾਸਕਾਰਾਂ ਨੂੰ ਦੋ ਮਾਤਾਵਾਂ ਹੋਣ ਦਾ ਟਪਲਾ ਲੱਗਾ ਹੈ। ਵੈਸੇ ਵੀ ਗੁਰੂ ਘਰ ਵਿੱਚ ਇੱਕ ਨਾਰੀ ਨੂੰ ਹੀ ਮਾਨਤਾ ਹੈ-ਏਕਾ ਨਾਰੀ ਸਦਾ ਜਤੀ ਪਰ ਨਾਰੀ ਧੀ ਭੈਣ ਵਖਾਣੈ॥ (ਭਾ.ਗੁ) ਬਹੁ ਪਤਨੀ ਵਿਆਹ ਇਸਲਾਮ ਵਿੱਚ ਹੈ ਸਿੱਖ ਧਰਮ ਵਿੱਚ ਨਹੀਂ। ਫਿਰ ਗੁਰੂ ਸਾਹਿਬ ਕੋਈ ਕਾਮੀ ਪੁਰਖ ਨਹੀਂ ਸਨ ਜੋ ਬਹੁ ਪਤਨੀ ਵਿਆਹ ਕਰਦੇ। ਕਈ ਕਹਿੰਦੇ ਹਨ ਕਿ ਗੁਰੂ ਸਾਹਿਬ ਰਾਜਾ ਯੋਗੀ ਸਨ ਇਸ ਦਾ ਮਤਲਵ ਇਹ ਨਹੀਂ ਕਿ ਉਹ ਦੁਨਿਆਵੀ ਰਾਜਿਆਂ ਵਰਗੇ ਅਜਾਸ਼ ਸਨ? ਜੇ ਐਸਾ ਗੁਰਮਤਿ ਵਿੱਚ ਪ੍ਰਵਾਨ ਹੁੰਦਾ ਤਾਂ ਸਿੱਖਾਂ ਦੀਆਂ ਵੀ ਕਈ-ਕਈ ਪਤਨੀਆਂ ਹੁੰਦੀਆਂ। ਇਹ ਗਲਤੀ ਮਹਾਂਰਾਜਾ ਰਣਜੀਤ ਸਿੰਘ ਨੇ ਕੀਤੀ ਹੈ ਜਾਂ ਨਹੀਂ ਇਤਿਹਾਸ ਵਿੱਚ ਰਲਾ ਹੈ। ਸਿੱਖ ਰਹਿਤ ਮਰਯਾਦਾ ਵਿੱਚ ਵੀ ਲਿਖਿਆ ਹੈ ਕਿ ਆਮ ਹਾਲਤਾਂ ਵਿੱਚ ਸਿੱਖ ਇੱਕ ਹੀ ਪਤਨੀ ਨਾਲ ਵਿਆਹ ਕਰੇ, ਹਾਂ ਜੇ ਕਿਸੇ ਖਾਸ ਹਾਲਤ ਵਿੱਚ ਪਹਿਲੀ ਪਤਨੀ ਚੜ੍ਹਾਈ ਕਰ ਜਾਵੇ ਜਾਂ ਸੰਤਾਨ ਨਾਂ ਹੋਵੇ ਤਾਂ ਕੁਲ ਜਾਰੀ ਰੱਖਣ ਵਾਸਤੇ ਦੂਜਾ ਵਿਆਹ ਕੀਤਾ ਜਾ ਸਕਦਾ ਹੈ ਨਾਂ ਕਿ ਐਸ਼ੋ-ਇਸ਼ਰਤ ਲਈ। ਗੁਰੂ ਸਾਹਿਬ ਜੋ ਉਪਦੇਸ਼ ਸਿੱਖਾਂ ਨੂੰ ਦਿੰਦੇ ਸਨ ਉਸਦੇ ਉਹ ਆਪ ਧਾਰਨੀ ਸਨ। ਆਪਾਂ ਗੁਰਬਾਣੀ ਸਿਧਾਂਤ ਨੂੰ ਮੁੱਖ ਰੱਖਣਾ ਹੈ ਨਾਂ ਕਿ ਸਾਖੀਆਂ ਜਾਂ ਸੁਣੀਆਂ ਸੁਣਾਈਆਂ ਗੱਲਾਂ ਨੂੰ। ਰੱਬੀ ਭਗਤਾਂ ਅਤੇ ਸਿੱਖ ਗੁਰੂ ਸਹਿਬਾਨਾਂ ਦਾ ਜੀਵਨ ਗੁਰਬਾਣੀ ਵਿੱਚੋਂ ਹੀ ਪ੍ਰਗਟ ਹੁੰਦਾ ਹੈ। ਸਿੱਖ ਧਰਮ ਨਾਰੀ ਤੇ ਪੁਰਸ਼ ਨੂੰ ਬਰਾਬਰ ਮਾਨਤਾ ਦਿੰਦਾ ਹੈ। ਜੇ ਪੁਰਸ਼ ਵੱਧ ਵਿਆਹ ਕਰਵਾ ਸਕਦਾ ਹੈ ਤਾਂ ਫਿਰ ਨਾਰੀ ਕਿਉਂ ਨਹੀਂ? ਇਤਿਹਾਸ ਪੜ੍ਹਦੇ ਤੇ ਵਾਚਦੇ ਸਮੇਂ ਗੁਰਮਤਿ ਸਿਧਾਂਤਾਂ ਦੀ ਪਰਖ ਜਰੂਰੀ ਹੈ। ਜਿਵੇਂ ਸੁਨਿਆਰਾ ਸੋਨੇ ਦੀ ਪਰਖ ਕਰਕੇ ਖੋਟ ਪ੍ਰਵਾਨ ਨਹੀਂ ਕਰਦਾ, ਇਵੇਂ ਹੀ ਸਿੱਖ ਇਤਿਹਾਸ ਰੂਪੀ ਸੋਨੇ ਵਿੱਚ ਪੈ ਚੁੱਕੀ ਖੋਟ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਣ ਦੀ ਅਤਿਅੰਤ ਲੋੜ ਹੈ।

ਸਾਹਿਬਜ਼ਾਦਿਆਂ ਦੀ ਪਾਲਣਾ ਪੋਸ਼ਣਾ ਅਤੇ ਪੜ੍ਹਾਈ ਮਾਤਾ ਗੁਜਰੀ ਜੀ ਅਤੇ ਮਾਮਾ ਕ੍ਰਿਪਾਲ ਚੰਦ ਦੀ ਦੇਖ-ਰੇਖ ਵਿੱਚ ਹੋਈ। ਸਾਹਿਬਜ਼ਾਦਿਆਂ ਦਾ ਪਿਛੋਕੜ ਅਤੇ ਵਰਤਮਾਨ ਗੁਰੂ ਘਰ ਵਿੱਚ ਹੀ ਹੋਇਆ। ਜਿੱਥੇ ਬਾਕੀ ਗੁਰੂ ਸਹਿਬਾਨਾਂ ਦੇ ਕੁਝ ਸਾਹਿਬਜ਼ਾਦੇ ਗੁਰੂ ਘਰ ਤੋਂ ਬਾਗੀ ਵੀ ਰਹੇ ਓਥੇ ਗੁਰੂ ਗੋਬਿੰਦ ਸਿੰਘ ਜੀ ਦੇ ਹੋਣਹਾਰ ਸਪੁੱਤਰ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਹੀ ਅੱਣਖ ਦੀ ਜ਼ਿੰਦਗੀ ਜੀਏ ਅਤੇ ਜ਼ਾਲਮਾਂ ਨਾਲ ਲੋਹਾ ਲੈਂਦੇ ਹੋਏ ਸ਼ਹੀਦ ਹੋਏ। ਸਾਹਿਬਜ਼ਾਦਿਆਂ ਦੀ ਸਾਰੀ ਜਿੰਦਗੀ ਹੀ ਜੰਗਾਂ ਯੁੱਧਾਂ ਵਿੱਚ ਲੰਘੀ। ਉਹ ਆਮ ਬੱਚਿਆਂ ਵਾਂਗ ਸੁੱਖਾਂ ਤੇ ਲਾਡਾਂ ਭਰਿਆ ਬਚਪਨ ਨਹੀਂ ਮਾਨ ਸਕੇ। ਉਸ ਵੇਲੇ ਜ਼ਾਲਮ ਮੁਗਲਾਂ ਅਤੇ ਉਨ੍ਹਾਂ ਦੇ ਝੋਲੀ ਚੁੱਕ ਹਿੰਦੂ ਪਹਾੜੀ ਰਾਜਿਆਂ ਨਾਲ ਜੋ ਗੁਰੂ ਦੀ ਅਗਵਾਈ ਵਿੱਚ ਸਿੱਖਾਂ ਦੀਆਂ ਜੰਗਾਂ ਹੋਈਆਂ, ਉਹ ਉਨ੍ਹਾਂ ਨੇ ਆਪਣੀ ਅੱਖੀਂ ਦੇਖੀਆਂ ਤੇ ਹੰਡਾਈਆਂ। ਇਸ ਲਈ ਉਨ੍ਹਾਂ ਨੂੰ ਵਿਰਸੇ ਵਿੱਚ ਹੀ ਅਜਿਹੇ ਬੀਰ ਰਸੀ ਕਾਰਨਾਮਿਆਂ ਦੀ ਗੁੜ੍ਹਤੀ ਮਿਲਦੀ ਰਹੀ। ਜਿਵੇਂ ਸ਼ੇਰ ਦੇ ਬੱਚੇ ਸ਼ੇਰ ਹੀ ਹੁੰਦੇ ਹਨ ਓਵੇਂ ਸ਼ੇਰ-ਮਰਦ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਵੀ ਸ਼ੇਰ ਸਨ।

ਗੁਰੂ ਤੇਗ਼ਬਹਾਦਰ ਵੱਲੋਂ ਮਾਖੋਵਾਲ ਦੀ ਜ਼ਰ-ਖਰੀਦ ਧਰਤੀ ਉੱਪਰ ਹੀ ਅਨੰਦਪੁਰ ਸਾਹਿਬ ਵਸਾਇਆ ਗਿਆ ਜਿੱਥੇ ਗੁਰਬਾਣੀ ਪ੍ਰਚਾਰ ਦੇ ਨਾਲ-ਨਾਲ ਸਿੱਖ ਫੌਜਾਂ ਦੀ ਟ੍ਰੇਨਿੰਗ ਹੁੰਦੀ, ਰਣਜੀਤ ਨਗਾਰੇ ਵੱਜਦੇ, ਗੁਰੂ ਕੇ ਲੰਗਰ ਅਟੁੱਟ ਵਰਤਦੇ ਅਤੇ ਸਿੱਖ ਸ਼ਿਕਾਰ ਵੀ ਖੇਡਦੇ। ਹੋਲੇ ਮਹੱਲੇ ਖੇਡੇ ਜਾਂਦੇ ਅਤੇ ਵੈਸਾਖੀ ਨੂੰ ਬਹੁੱਤ ਵੱਡਾ ਜੋੜ-ਮੇਲਾ ਹੁੰਦਾ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਵੀ ਵੈਸਾਖ ਮਹੀਨੇ ਵਿੱਚ ਹੋਇਆ ਸੀ। ਅਨੰਦਪੁਰ ਵਿਖੇ ਬੜੀਆਂ ਰੌਣਕਾਂ ਵੱਧ ਗਈਆਂ ਗੁਰਾਂ ਨੇ ਜੰਗਲ ਵਿੱਚ ਮੰਗਲ ਲਾ ਦਿੱਤੇ। ਇਹ ਸਾਰਾ ਕੁਝ ਸ਼ਹਿਨਸ਼ਾਹੀ ਵਰਤਾਰਾ ਪਹਾੜੀਏ ਬਰਦਾਸ਼ਤ ਨਾਂ ਕਰ ਸਕੇ। ਉਹ ਹਰ ਵੇਲੇ ਗੁਰੂ ਨੂੰ ਤੰਗ ਕਰਨ ਦੀ ਆੜ ਵਿੱਚ ਹੀ ਰਹਿੰਦੇ। ਇਸ ਕਰਕੇ ਅਨੰਦਪੁਰ ਦੇ ਆਲੇ ਦੁਆਲੇ ਛੋਟੀਆਂ ਮੋਟੀਆਂ ਝੜਪਾਂ ਰੂਪ ਲੜਾਈਆਂ, ਇਨ੍ਹਾਂ ਬੇ-ਗੈਰਤ ਮੁਗਲੀਆ ਹਕੂਮਤ ਦੇ ਝੋਲੀ ਚੁੱਕਾਂ ਨਾਲ ਹੁੰਦੀਆਂ ਹੀ ਰਹਿੰਦੀਆਂ, ਜਿਨ੍ਹਾਂ ਵਿੱਚ ਹਰ ਵਾਰੀ ਪਹਾੜੀਆਂ ਨੂੰ ਮੂੰਹ ਦੀ ਖਾਣੀ ਪੈਂਦੀ। ਇਸਦੇ ਹੀ ਫਲਸਰੂਪ ਭੰਗਾਣੀ ਦਾ ਵੱਡਾ ਯੁੱਧ ਹੋਇਆ, ਜਿਸ ਵਿੱਚ ਪਹਾੜੀ ਰਾਜੇ ਭੀਮਚੰਦ ਕਹਿਲੂਰੀ, ਫਤੇਸ਼ਾਹ ਗੜਵਾਲੀਆ, ਹਰੀ ਚੰਦ ਹੰਡੂਰੀਆ ਅਤੇ ਮੁਗਲ ਇਕੱਠੇ ਹੋ ਕੇ ਲੜੇ। ਨਮਕ ਹਰਾਮੀ ਪਠਾਣ ਭੀਖਨ ਖਾਂ, ਨਯਾਬਤ ਖਾਂ ਅਤੇ ਹਯਾਤ ਖਾਂ ਜੋ ਗੁਰੂ ਦੀ ਫੌਜ ਵਿੱਚ ਪੀਰ ਬੁੱਧੂ ਸ਼ਾਹ ਦੀ ਸ਼ਿਫਾਰਸ਼ ਕਰਕੇ ਨੌਕਰੀ ਲਈ ਭਰਤੀ ਕੀਤੇ ਗਏ ਸਨ, ਉਹ ਵੀ ਇਕੱਲੇ ਕਾਲੇ ਖਾਂ ਨੂੰ ਛੱਡ ਕੇ ਬਾਕੀ ਵੈਰੀਆਂ ਨਾਲ ਜਾ ਰਲੇ। ਜਿੱਥੇ ਇਸ ਲੜਾਈ ਵਿੱਚ ਜਿੱਥੇ ਪਹਾੜੀਆਂ ਦਾ ਸਿਰਕੱਢ ਜਰਨੈਲ ਰਾਜਾ ਹਰੀ ਚੰਦ ਹੰਡੂਰੀਆ ਗੁਰੂ ਜੀ ਦੇ ਹੱਥੋਂ ਮਾਰਿਆ ਗਿਆ, ਸ਼ਾਹੀ ਫੌਜਾਂ ਅਤੇ ਪਹਾੜੀਆਂ ਦਾ ਬਹੁਤ ਨੁਕਸਾਨ ਹੋਇਆ ਓਥੇ ਕੁਝ ਸਿੱਖ, ਬੀਬੀ ਵੀਰੋ ਦੇ ਦੋ ਪੁੱਤਰ ਸੰਗੋਸ਼ਾਹ, ਜੀਤਮੱਲ, ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ ਅਤੇ੭੦੦ ਮੁਰੀਦਾਂ ਚੋਂ ਬਹੁਤੇ ਮੁਰੀਦ ਵੀ ਸ਼ਹੀਦ ਹੋ ਗਏ। ਇਉਂ ਅਨੰਦਪੁਰ ਦੇ ਆਲੇ ਦੁਆਲੇ ਦੀਆਂ ਛੋਟੀਆਂ-ਮੋਟੀਆਂ ਲੜਾਈਆਂ ਤੋਂ ਬਾਅਦ ਜਦ ਅਨੰਦਪੁਰ ਸਾਹਿਬ ਨੂੰ ਪਹਾੜੀਆਂ ਅਤੇ ਮੁਗਲਾਂ ਨੇ ਮਿਲ ਕੇ ੭ ਮਹੀਨੇ ਦਾ ਲੰਮਾਂ ਘੇਰਾ ਪਾ ਕੇ, ਰਸਤ-ਪਾਣੀ ਬੰਦ ਕਰ ਦਿੱਤਾ ਫਿਰ ਵੀ ਗੁਰੂ ਅਤੇ ਸਿੱਖਾਂ ਨੇ ਹੱਥ ਨਾਂ ਖੜੇ ਕੀਤੇ ਸਗੋਂ ਗਾਹੇ ਬਗਾਹੇ ਮਕਾਰਾ-ਬਕਾਰਾ ਕਰਕੇ ਰਾਤ-ਬਰਾਤੇ ਸ਼ਾਹੀ ਫੌਜਾਂ ਅਤੇ ਮਕਾਰੀ ਪਹਾੜੀਆਂ ਤੋਂ ਸ਼ੇਰ-ਮਾਰ ਵਾਂਗ ਰਸਤਾਂ-ਬਸਤਾਂ ਝੜਪ ਲਿਆਉਂਦੇ ਰਹੇ।

ਜਦ ਦੁਸ਼ਮਣ ਦਾ ਵੀ ਬਹੁਤ ਸਾਰਾ ਜਾਨੀ ਅਤੇ ਮਾਲੀ ਨੁਕਸਾਨ ਹੋ ਗਿਆ ਗੁਰੂ ਨਾਂ ਪਕੜਿਆ ਗਿਆ ਅਤੇ ਅਨੰਦਪੁਰ ਤੇ ਕਬਜ਼ਾ ਵੀ ਨਾਂ ਹੋ ਸਕਿਆ ਤਾਂ ਬੇਈਮਾਨ ਜ਼ਾਲਮ ਮੁਗਲਾਂ ਨੇ ਦਿੱਲੀ ਦੇ ਤਖਤ ਤੋਂ ਇਹ ਐਲਾਨ ਕੀਤਾ ਕਿ ਜੇ ਗੁਰੂ ਆਪਣੇ ਆਪ ਅਨੰਦਪੁਰ ਖਾਲੀ ਕਰ ਦੇਵੇ ਅਤੇ ਕੁਝ ਸਮੇਂ ਲਈ ਇਧਰ-ਉਧਰ ਚਲਾ ਜਾਵੇ ਤਾਂ ਅਸੀਂ ਗੁਰੂ ਨੂੰ ਕੁਝ ਨਹੀਂ ਕਹਾਂਗੇ ਅਤੇ ਖਰਚਾ-ਪਾਣੀ ਦੇਣ ਦੇ ਨਾਲ ਮਾਨ-ਸਨਮਾਨ ਵੀ ਕਰਾਂਗੇ। ਇਸ ਐਲਾਨਨਾਮੇ ਦੀਆਂ ਲਿਖਤੀ ਚਿੱਠੀਆਂ ਆਪਣੇ ਏਲਚੀਆਂ ਰਾਹੀਂ ਗੁਰੂ ਕੋਲ ਭੇਜੀਆਂ ਗਈਆਂ। ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੀ ਗੜ੍ਹੀ ਵਿੱਚ ਸਮੂੰਹ ਸਿੰਘ ਸਿੰਘਣੀਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਇਹ ਜ਼ਾਲਮਾਂ ਦੀ ਬਦਨੀਤੀ ਹੈ ਸਾਨੂੰ ਇਨ੍ਹਾਂ ਬੇਈਮਾਨਾਂ ਤੇ ਵਿਸ਼ਵਾਸ਼ ਨਹੀਂ ਕਰਨਾ ਚਾਹੀਦਾ। ਨੀਤੀਵੇਤਾ ਗੁਰੂ ਜੀ ਉੱਪਰ ਇਨ੍ਹਾਂ ਝੂਠਨਾਮਿਆਂ ਦਾ ਕੋਈ ਅਸਰ ਨਾਂ ਹੋਇਆ ਪਰ ਲੰਬੇ ਸਮੇਂ ਦੀ ਭੁੱਖ, ਬਿਮਾਰੀ ਅਤੇ ਸ਼ਸਤਰਾਂ ਦੀ ਘਾਟ ਨੇ ਕੁਝ ਸਿੰਘਾਂ ਨੂੰ ਲਾਚਾਰ ਕਰ ਦਿੱਤਾ, ਕਹਿੰਦੇ ਹਨ ਮੌਤੋਂ ਭੁੱਖ ਬੁਰੀ ਦਿਨੇ ਸੁੱਤੇ ਖਾ ਕੇ ਰਾਤੀਂ ਫੇਰ ਖੜੀ ਸਿੰਘਾਂ ਨੇ ਗੁਰੂ ਜੀ ਨਾਲ ਸਲਾਹ ਕੀਤੀ ਕਿ ਕੁਝ ਸਮੇਂ ਲਈ ਆਪਾਂ ਇਸ ਦਿੱਲੀ ਤਖਤ ਦੇ ਕੀਤੇ ਐਲਾਨਨਾਮੇ ਦਾ ਫਾਇਦਾ ਉਠਾ ਕੇ, ਆਪਣੇ ਆਪ ਨੂੰ ਹੋਰ ਮਜਬੂਤ ਕਰ ਲਈਏ ਪਰ ਨੀਤੀਵੇਤਾ ਗੁਰੂ ਜੀ ਨੇ ਇੱਕ ਤਮਾਸ਼ਾ ਦਿਖਾਇਆ ਕਿ ਚਲੋ ਆਪਾਂ ਇਨ੍ਹਾਂ ਨੂੰ ਪਰਖ ਲਈਏ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਫਟੇ-ਪੁਰਾਣੇ ਕਪੜੇ ਅਤੇ ਟੁੱਟੇ-ਫੁੱਟੇ ਛਿੱਤਰਾਂ ਦੀਆਂ ਪੰਡਾਂ ਬੰਨ੍ਹ ਖੱਚਰਾਂ ਤੇ ਲੱਦ ਕੇ ਕਿਲ੍ਹਾ ਖਾਲੀ ਕਰਨ ਦਾ ਡਰਾਮਾਂ ਕੀਤਾ ਜਾਵੇ। ਗੁਰੂ ਦਾ ਹੁਕਮ ਮੰਨ, ਸਿੰਘਾਂ ਨੇ ਐਸਾ ਹੀ ਕੀਤਾ। ਗੁਰੂ ਦਾ ਖਜਾਨਾਂ ਜਾਂਦਾ ਸਮਝ ਕੇ ਮੁਗਲ ਕੁਰਾਨ ਅਤੇ ਹਿੰਦੂ ਪਹਾੜੀ ਗਊ ਮਾਤਾ ਅਤੇ ਗੀਤਾ ਦੀਆਂ ਖਾਧੀਆਂ ਝੂਠੀਆਂ ਕਸਮਾਂ ਤੋੜ ਕੇ ਗੁਰੂ ਦਾ ਸਮਾਨ ਲੁੱਟਣ ਅਤੇ ਗੁਰੂ ਨੂੰ ਜਿੰਦਾ ਪਕੜਨ ਲਈ ਅਲੀ ਅਲੀ ਕਰਦੇ ਟੁੱਟ ਪਏ। ਗੁਰੂ ਜੀ ਘੋਰ ਸੰਕਟ ਸਮੇਂ ਸਿੱਖਾਂ ਦੀ ਅਰਜ਼ ਮੰਨ ਕੇ ਸਿੱਖਾਂ ਸਮੇਤ ਦੂਸਰੇ ਰਸਤੇ ਅਨੰਦਪੁਰ ਨੂੰ ਛੱਡ ਕੇ ਚੱਲ ਪਏ, ਓਧਰ ਵੈਰੀ ਲੁੱਟ ਦੀ ਮਨਸ਼ਾ ਨਾਲ ਟੁੱਟ ਪਏ ਤਾਂ ਅੱਗੋਂ ਖੱਚਰਾਂ ਉਤੇ ਲੱਦੇ ਟੁੱਟੇ ਛਿੱਤਰ ਅਤੇ ਫਟੇ ਪੁਰਾਣੇ ਕਪੜੇ ਦੇਖ ਭਾਰੀ ਨਿਰਾਸ਼ ਹੁੰਦੇ ਹੋਏ, ਆਪਸ ਵਿੱਚ ਹੀ ਉਲਝ ਕੇ ਕਟਾਵੱਢੀ ਦਾ ਸ਼ਿਕਾਰ ਹੋ ਗਏ।

ਗੁਰੂ ਜੀ ਅਤੇ ਸਿੱਖ ਹਨੇਰੇ ਦਾ ਫਾਇਦਾ ਉਠਾ ਕੇ ਜਦ ਅਨੰਦਪੁਰ ਤੋਂ ਕਾਫੀ ਦੂਰ ਚਲੇ ਗਏ ਤਾਂ ਮੁਗਲ ਅਤੇ ਪਹਾੜੀ ਫੌਜਾਂ ਭਾਰੀ ਲਾਓ ਲਸ਼ਕਰ ਲੈ, ਉਨ੍ਹਾਂ ਪਿੱਛੇ ਟੁੱਟ ਪਈਆਂ। ਏਨੇ ਨੂੰ ਗੁਰੂ ਜੀ ਸਿੱਖਾਂ ਸਮੇਤ ਸਰਸਾ ਕਿਨਾਰੇ ਪਹੁੰਚ ਗਏ। ਉਨ੍ਹਾਂ ਦਿਨਾਂ ਚ' ਬਰਸਾਤ ਦਾ ਜੋਰ ਹੋਣ ਕਰਕੇ ਬਰਸਾਤੀ ਨਦੀ ਸਰਸਾ ਨਕਾ-ਨੱਕ ਭਰ ਕੇ ਵਗ ਰਹੀ ਸੀ। ਇਸ ਕਰਕੇ ਗੁਰੂ ਜੀ ਨੂੰ ਓਥੇ ਰੁਕਣਾ ਪਿਆ, ਇਸ ਭਿਅਨਕ ਸਮੇਂ ਵੀ ਸਿੱਖਾਂ ਨੇ *ਆਸਾ ਕੀ ਵਾਰ* ਦਾ ਕੀਰਤਨ ਕੀਤਾ। ਓਧਰ ਸ਼ਾਹੀ ਫੌਜਾਂ ਨੇ ਆਣ ਘੇਰਾ ਪਾਇਆ, ਘਮਸਾਨ ਦੀ ਲੜਾਈ ਹੋਈ। ਇਸ ਲੜਾਈ ਵਿੱਚ ਭਾਈ ਉਦੇ ਸਿੰਘ ਅਤੇ ਬਾਬਾ ਅਜੀਤ ਸਿੰਘ ਦੀ ਕਮਾਂਡ ਹੇਠ ਸਿੰਘ ਵੈਰੀਆਂ ਨਾਲ ਲੋਹਾ ਲੈਂਦੇ ਹੋਏ ਸ਼ਹੀਦ ਹੋ ਗਏ। ਬਾਬਾ ਅਜੀਤ ਸਿੰਘ ਜੀ ਨੇ ਇਸ ਲੜਾਈ ਵਿੱਚ ਤਲਵਾਰ ਦੇ ਸ਼ਾਨਦਾਰ ਜੌਹਰ ਦਿਖਾਏ। ਵੈਰੀ ਦੀ ਫੌਜ ਦਾ ਭਾਰੀ ਨੁਕਸਾਨ ਹੋਇਆ ਅਤੇ ਕੁਝ ਸਿੰਘ ਵੀ ਸ਼ਹੀਦ ਹੋ ਗਏ। ਕੁਦਰਤ ਦਾ ਕਹਿਰ ਹੋਰ ਵਰਤਿਆ ਕਿ ਸਰਸਾ ਪਾਰ ਕਰਦੇ ਸਮੇਂ ਬਹੁਤ ਸਾਰਾ ਸਿੱਖ ਲਿਟਰੇਚਰ, ਧਨ, ਕੀਮਤੀ ਸਮਾਨ ਅਤੇ ਬੱਚੇ ਬੁੱਢੇ, ਨਿਢਾਲ ਅਤੇ ਬੀਮਾਰ ਸਿੱਖ ਵੀ ਸਰਸਾ ਦੇ ਭਾਰੀ ਵਹਿਣ ਵਿੱਚ ਰੁੜ ਗਏ। ਕੁਝ ਗਿਣਤੀ ਦੇ ਸਿੰਘ, ਗੁਰੂ ਕੇ ਮਹਿਲ, ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਪਾਰ ਲੰਘ ਗਏ। ਇਸ ਬਿਪਤਾ ਸਮੇਂ ਜਿਨ੍ਹਾਂ ਨੂੰ ਜਿਧਰ ਨੂੰ ਰਾਹ ਮਿਲਿਆ ਤੁਰ ਪਏ ਤਾਂ ਉਸ ਵੇਲੇ ਲੰਮੇ ਸਮੇਂ ਤੋਂ ਗੁਰੂ ਘਰ ਵਿੱਚ ਸੇਵਾ ਕਰਨ ਵਾਲਾ ਗੰਗੂ ਬ੍ਰਾਹਮਣ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ, ਆਪਣੇ ਪਿੰਡ ਖੇੜੀ ਨੂੰ ਚੱਲ ਪਿਆ। ਬਾਕੀ ਵੱਡੇ ਸਾਹਿਬਜਾਦੇ ਅਤੇ ੪੦ ਸਿੰਘ ਗੁਰੂ ਜੀ ਨਾਲ ਰੋਪੜ ਵੱਲ ਨੂੰ ਹੋ ਤੁਰੇ ਅਤੇ ਰੋਪੜ ਲਾਗੇ ਵੇਰੀਆਂ ਨਾਲ ਛੋਟੀ ਜਿਹੀ ਝੜਪ ਪਿੱਛੋਂ ਚਮਕੌਰ ਸਾਹਿਬ ਪਹੁੰਚ ਗਏ।

ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ-ਇਉਂ ਹੈ ਕਿ ਮਰਦ ਅਗੰਮੜੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਸਤ ਧਰਮ ਦਾ ਪ੍ਰਚਾਰ ਕਰਨ, ਬੇਇਨਸਾਫੀ ਵਿਰੁੱਧ ਅਵਾਜ਼ ਉਠਾਉਣ ਅਤੇ ਦਬਲੇ ਕੁਚਲੇ ਲੋਕਾਂ ਨੂੰ ਉੱਪਰ ਉਠਾਉਣ ਅਤੇ ਰਾਜਮੱਧ ਦੇ ਹੰਕਾਰ ਵਿੱਚ ਮੱਤੇ ਆਗੂਆਂ ਨੂੰ ਸੁਧਾਰਨ ਲਈ ਸੰਘਰਸ਼ ਕਰਦਿਆਂ ਭਾਵੇਂ ਕਈ ਜੰਗਾਂ ਲੜਨੀਆਂ ਪਈਆਂ ਪਰ ਚਮਕੌਰ ਗੜ੍ਹੀ ਦਾ ਯੁੱਧ ਸੰਸਾਰ ਦਾ ਅਨੋਖਾ ਯੁੱਧ ਹੋ ਨਿਬੜਿਆ, ਜਿੱਥੇ ਕਈ ਦਿਨਾਂ ਦੇ ਭੁੱਖਣ-ਭਾਣੇ, ਜ਼ਖਮੀ ਅਤੇ ਸੀਮਤ ਸ਼ਸ਼ਤਰਾਂ ਨਾਲ ੪੦ ਕੁ ਸਿੰਘਾਂ ਨੂੰ ਜ਼ਾਲਮ ਦੀਆਂ ਲੱਖਾਂ ਦੀ ਤਦਾਦ ਵਿੱਚ ਸ਼ਾਹੀ ਫੌਜਾਂ ਦੇ ਅਣਕਿਆਸੇ ਘੇਰੇ ਨਾਲ ਜੂਝਦਿਆਂ, ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਦੀ ਸੁਚੱਜੀ ਅਗਵਾਈ ਵਿੱਚ ਸੂਰਬੀਰਤਾ, ਸ਼ਹਿਨਸ਼ੀਲਤਾ ਅਤੇ ਸਹਜਮਈ ਜੀਵਨ ਦਾ ਸਿਖਰ ਕਰ ਵਿਖਾਇਆ। ਜ਼ਫਰਨਾਮੇ ਦੀ ਚਿੱਠੀ ਅਤੇ ਇਤਿਹਾਸ ਵਿੱਚ ਜ਼ਿਕਰ ਹੈ ਕਿ-
ਗੁਰਸ਼ਨਹ ਚਿ ਕਾਰੇ ਕੁਨੰਦ ਚਿਹਲ ਨਰ॥ ਕਿ ਦਹ ਲਕ ਬਰ-ਆਇਦ ਬਰੋ ਬੇ-ਖਬਰ॥

ਭਾਵ ਕਿ ਮਕਾਰ ਵੈਰੀ ਦੀਆਂ ੧੦ ਲੱਖ ਟ੍ਰੇਂਡ ਫੌਜਾਂ ਜਦੋਂ ਕਈ ਦਿਨਾਂ ਦੇ ਭੁੱਖਣ-ਭਾਣੇ, ਜ਼ਖਮੀ ਅਤੇ ਸੀਮਤ ਸ਼ਸ਼ਤਰਾਂ ਵਾਲੇ ਬੰਦਿਆਂ ਤੇ ਟੁੱਟ ਪੈਣ ਤਾਂ ਉਹ ਕੀ ਕਰ ਸਕਦੇ ਹਨ? ਪਰ ਫਿਰ ਵੀ ਗੁਰੂ ਜੀ ਦੇ ਧਰਮ ਯੁੱਧ ਦੇ ਚਾਅ ਨੂੰ ਦੇਖ ਕੇ, ਪੰਜਾਬ ਦੇ ਲੋਕਾਂ ਵਿੱਚ ਬੇ-ਮੁਹਾਹ ਜ਼ੁਰਅਤ ਭਰ ਗਈ ਕਿ ਉਹ ਗੁਰੂ ਪੰਥ ਤੋਂ ਆਪਾ ਨਿਛਾਵਰ ਕਰਨ ਲਈ ਤਿਆਰ ਸਨ। ੨੧ ਦਸੰਬਰ ੧੭੦੪ ਈ. ਦੀ ਸਾਮ ਨੂੰ ਗੁਰੂ ਜੀ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ, ਪੰਜ ਪਿਆਰਿਆਂ ਅਤੇ ਥੱਕੇ ਟੁੱਟੇ ਲਹੂ-ਲੁਹਾਨ ਹੋਏ ਕੁਝ ਕੁ ਸਿੰਘਾਂ ਸਮੇਤ ਚਮਕੌਰ ਦੀ ਧਰਤੀ ਤੇ ਪਹੁੰਚੇ ਤਾਂ ਇੱਕ ਜ਼ਿਮੀਦਾਰ ਚੌਧਰੀ ਬੁੱਧੀਚੰਦ ਖਬਰ ਮਿਲਣ ਤੇ ਭੱਜਾ ਆਇਆ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਸਿੰਘਾਂ ਸਮੇਤ ਦਾਸ ਦੀ ਹਵੇਲੀ ਵਿੱਚ ਚਰਨ ਪਾਉ। ਦੇਖੋ ਥਾਂ ਵੀ ਉੱਚੀ ਹੈ ਖੁੱਲ੍ਹੇ ਮੈਦਾਨ ਨਾਲੋਂ ਯੁੱਧ ਲਈ ਚੰਗਾ ਰਹੇਗਾ ਅਤੇ ਕਿਹਾ ਕਿ ਮਹਾਂਰਾਜ ਆਪ ਜੀ ਸਾਡੇ ਲਈ ਕਿਤਨੇ ਵੱਡੇ ਕਸ਼ਟ ਝੱਲ ਰਹੇ ਹੋ, ਅਸੀਂ ਜਿਤਨੇ ਜੋਗੇ ਹਾਂ ਆਪ ਜੀ ਦੀ ਖਿਦਮਤ ਵਿੱਚ ਹਾਜ਼ਰ ਹਾਂ। ਇਸ ਵਾਰਤਾ ਨੂੰ ਹਜ਼ੂਰੀ ਕਵੀ ਸੈਨਾਪਤਿ ਲਿਖਦਾ ਹੈ ਕਿ-

ਜਦ ਖਬਰ ਸੁਨੀ ਜ਼ਿਮੀਦਾਰ ਨੇ ਮਧੇ ਬਸੇ ਚਮਕੌਰ।
ਸੁਨਤ ਬਚਨ ਤਤਕਾਲ ਹੀ ਉਹ ਆਯੋ ਉਠਿ ਦੌਰ।
ਹਾਥ ਜੋਰ ਐਸੇ ਕਹਯੋ ਬਿਨਤੀ ਸੁਣੋ ਕਰਤਾਰ।
ਬਸੋ ਮਧਿ ਚਮਕੌਰ ਕੇ ਗੁਰ ਅਪਨੀ ਕਿਰਪਾ ਧਾਰਿ।

ਇਉਂ ਗੁਰੂ ਜੀ ਨੇ ਗੜ੍ਹੀ-ਨੁਮਾ ਇਸ ਕੱਚੀ ਹਵੇਲੀ ਦੀ ਨਾਕਾ ਬੰਦੀ ਕੀਤੀ ਅਤੇ ਪੰਜ-ਪੰਜ ਸਿੰਘਾਂ ਦੇ ਜਥੇ ਬਣਾ, ਬਾਹਰ ਨਿਕਲ ਕੇ ਜੂਝਣ ਦੀ ਯੋਜਨਾ ਬਣਾਈ। ਦਸੰਬਰ ੨੨ ਦੀ ਸਵੇਰ ਹੋਣ ਸਾਰ ਸੂਬਾ ਸਰਹੰਦ ਵਜ਼ੀਰ ਖਾਂ ਨੇ ਢੰਡੋਰਾ ਪਿੱਟ ਦਿੱਤਾ ਕਿ ਜੇਕਰ ਗੁਰੂ ਜੀ ਆਤਮ ਸਮਰਪਨ ਕਰ ਦੇਣ ਤਾਂ ਉਨ੍ਹਾਂ ਤੇ ਹਮਲਾ ਨਹੀਂ ਕੀਤਾ ਜਾਵੇਗਾ ਪਰ ਜਾਣੀ-ਜਾਣ

(ਬਾਕੀ ਸਫਾ 26 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਮਿਆਂਮਾਰ ਬਾਰੇ ਮਤੇ 'ਤੇ ਭਾਰਤ ਨੇ ਦਿੱਤਾ ਰੂਸ ਤੇ ਚੀਨ ਦਾ ਸਾਥ, ਰਿਹਾ ਗੈਰਹਾਜਰ

## ਭਾਰਤ ਨੇ ਕਿਹਾ ਮਤਾ ਲੋੜੀਂਦਾ ਮੰਤਵ ਪੂਰਾ ਨਹੀਂ ਕਰਦਾ

**ਸੈਕਰਾਮੈਂਟੋ 23 ਦਸੰਬਰ-** ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਪੇਸ਼ ਕੀਤੇ ਮਤੇ ਜਿਸ ਵਿਚ ਮਿਆਂਮਾਰ ਵਿਚ ਲੋਕਤੰਤਰ ਬਹਾਲ ਕਰਨ, ਜੇਲਾਂ ਵਿਚ ਬੰਦ ਰਾਜਸੀ ਕੈਦੀ ਰਿਹਾਅ ਕਰਨ ਦਾ ਸੱਦਾ ਦਿੱਤਾ ਗਿਆ ਸੀ, ਉਪਰ ਵੋਟਿੰਗ ਦੌਰਾਨ ਭਾਰਤ ਨੇ ਰੂਸ ਤੇ ਚੀਨ ਦਾ ਸਾਥ ਦਿੱਤਾ।

ਇਹ ਤਿੰਨੇ ਦੇਸ਼ ਗੈਰ ਹਾਜਰ ਰਹੇ। ਮਿਆਂਮਾਰ ਵਿਚ ਲੋਕਤੰਤਰਿਕ ਢੰਗ ਤਰੀਕੇ ਨਾਲ ਚੁਣੀ ਸਰਕਾਰ ਦਾ ਤਖਤਾ ਪਲਟ ਦੇਣ ਦੇ 22 ਮਹੀਨੇ ਬਾਅਦ ਸੰਯੁਕਤ ਰਾਸ਼ਟਰ ਵਿਚ ਪੇਸ਼ ਮਤੇ ਨੂੰ 15 ਮੈਂਬਰੀ ਸਲਾਮਤੀ ਕੌਂਸਲ ਵਿਚ 12 ਵੋਟਾਂ ਮਿਲੀਆਂ। ਰੂਸ ਤੇ ਚੀਨ ਦਾ ਵਿਰੋਧ ਟਾਲਣ ਲਈ ਆਮ ਸਹਿਮਤੀ ਬਣਾਉਣ ਵਾਸਤੇ ਲੰਬੇ ਵਿਚਾਰ ਵਟਾਂਦਰੇ ਉਪਰੰਤ ਬਰਤਾਨੀਆ ਵੱਲੋਂ ਪੇਸ਼ ਮਤਾ ਆਪਣੇ ਮੰਤਵ ਵਿਚ ਨਾਕਾਮ ਰਿਹਾ । ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਮੈਂਬਰ ਰੁਕਿਰਾ ਕੰਬੋਜ ਨੇ ਮਤੇ ਉਪਰ ਬੋਲਦਿਆਂ ਮਿਆਂਮਾਰ ਵਿਚ ਲੋਕਤੰਤਰ ਬਹਾਲ ਕਰਨ ਤੇ ਰਾਜਸੀ ਕੈਦੀ ਰਿਹਾਅ ਕਰਨ ਦੀ ਅਪੀਲ ਕੀਤੀ ਪਰੰਤੂ ਕਿਹਾ ਕਿ ਮਤੇ ਨਾਲ ਮੰਤਵ ਦੀ ਪੂਰਤੀ ਨਹੀਂ ਹੁੰਦੀ। ਵੋਟਿੰਗ ਦੌਰਾਨ ਭਾਰਤ ਵੱਲੋਂ ਗੈਰਹਾਜਰ ਰਹਿਣ ਬਾਰੇ ਸਪੱਸ਼ਟ ਕਰਦਿਆਂ ਉਨਾਂ ਕਿਹਾ ਕਿ ਮਤਾ ਨਿਰਣਾਇਕ ਗੱਲਬਾਤ ਲਈ ਉਤਸ਼ਾਹਿਤ ਕਰਨ ਦੀ ਬਜਾਏ ਸਬੰਧਤ ਧਿਰਾਂ ਦੀ ਸਥਿੱਤੀ ਨੂੰ ਹੋਰ ਕਠੋਰ ਕਰ ਦੇਵੇਗਾ।

ਉਨਾਂ ਕਿਹਾ ਕਿ ਮਿਆਂਮਾਰ ਦੀ ਗੁੰਝਲਦਾਰ ਸਥਿੱਤੀ ਦੇ ਮੱਦੇਨਜਰ ਇਕ ਸਥਿੱਰ ਤੇ ਸਬਰਵਾਲੀ ਕੂਟਨੀਤੀ ਦੀ ਲੋੜ ਹੈ।

ਬੀਬੀ ਕੰਬੋਜ ਨੇ ਕਿਹਾ ਕਿ ਮਿਆਂਮਾਰ ਵਿਚ ਸਥਿਰਤਾ ਦਾ ਅਸਰ ਭਾਰਤ ਦੀ ਕੌਮੀ ਸੁਰੱਖਿਆ ਉਪਰ ਸਿੱਧੇ ਤੌਰ 'ਤੇ ਪੈਂਦਾ ਹੈ ਜਿਸ ਦੀ ਮਿਆਂਮਾਰ ਨਾਲ 1700 ਕਿਲੋਮੀਟਰ ਸਰਹੱਦ ਸਾਂਝੀ ਹੈ। ਉਨਾਂ ਕਿਹਾ ਕਿ ਮਿਆਂਮਾਰ ਦੇ ਲੋਕਾਂ ਦੀ ਭਲਾਈ ਉੱਚ ਤਰਜੀਹ ਹੋਣੀ ਚਾਹੀਦੀ ਹੈ ਤੇ ਇਸ ਸਬੰਧ ਵਿਚ ਕੋਸ਼ਿਸ਼ਾਂ ਹੋਣੀਆਂ ਚਾਹੀਦੀਆਂ ਹਨ।

# ਅਮਰੀਕਾ ਦੇ ਉਟਾਹ ਤੇ ਮਿਸੀਸਿੱਪੀ ਰਾਜਾਂ ਨੇ ਸਕੂਲਾਂ ਦੇ ਸਲੇਬਸ ਵਿਚ ਸਿੱਖਾਂ ਬਾਰੇ ਪੜਾਈ ਨੂੰ ਕੀਤਾ ਸ਼ਾਮਿਲ, ਸਿੱਖ ਭਾਈਚਾਰੇ ਵਿਚ ਖੁਸ਼ੀ

**ਸੈਕਰਾਮੈਂਟੋ 25 ਦਸੰਬਰ-** ਸਿੱਖ ਭਾਈਚਾਰੇ ਲਈ ਉਸ ਵੇਲੇ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਜਦੋਂ ਉਨਾਂ ਨੂੰ ਇਹ ਜਾਣਕਾਰੀ ਮਿਲੀ ਕਿ ਅਮਰੀਕਾ ਦੇ ਦੋ ਹੋਰ ਰਾਜਾਂ ਨੇ ਸਕੂਲਾਂ ਦੇ ਸਲੇਬਸ ਵਿਚ ਸਿੱਖਾਂ ਬਾਰੇ ਪੜਾਈ ਨੂੰ ਸ਼ਾਮਿਲ ਕਰਨ ਦਾ ਫੈਸਲਾ ਕੀਤਾ ਹੈ। ਉਟਾਹ ਤੇ ਮਿ-ਸੀਸਿੱਪੀ ਰਾਜਾਂ ਨੇ ਨਵੀਂ ਸਮਾਜਿਕ ਸਿੱਖਿਆ (ਸੋਸ਼ਲ ਸਟੱਡੀ) ਦੀ ਕਿਤਾਬ ਵਿਚ ਸਿੱਖੀ ਤੇ ਸਿੱਖ ਧਰਮ ਨੂੰ ਸ਼ਾਮਿਲ ਕਰਨ ਦੇ ਹੱਕ ਵਿਚ ਵੋਟ ਪਾਈ ਹੈ। ਉਟਾਹ ਤੇ ਮਿਸੀਸਿੱਪੀ ਅਮਰੀਕਾ ਦੇ ਕ੍ਰਮਵਾਰ 15 ਵੇਂ ਤੇ 16 ਵੇਂ ਰਾਜ ਬਣ ਗਏ ਹਨ ਜਿਨਾਂ ਨੇ ਹਾਲ ਹੀ ਵਿਚ ਸਿੱਖਾਂ ਬਾਰੇ ਪੜਾਈ ਨੂੰ ਸੋਸ਼ਲ ਸਟੱਡੀ ਦੀ ਕਿਤਾਬ ਵਿਚ ਸ਼ਾਮਿਲ ਕੀਤਾ ਹੈ। ਹੁਣ ਅਮਰੀਕਾ ਵਿਚ ਪੜਦੇ ਢਾਈ ਕਰੋੜ ਤੋਂ ਵਧ ਵਿਦਿਆਰਥੀ ਸਿੱਖਾਂ ਦੇ ਅਮੀਰ ਵਿਰਸੇ , ਸਿੱਖਾਂ ਦੀਆਂ ਰਵਾਇਤਾਂ ਤੇ ਕਦਰਾਂ-ਕੀਮਤਾਂ ਬਾਰੇ ਜਾਣੂ ਹੋ ਸਕਣਗੇ। ਨਵੇਂ ਘਟਨਾਕ੍ਰਮ ਦੇ ਸਿੱਟੇ ਵਜੋਂ ਉਟਾਹ ਵਿਚ ਪੜਦੇ 6,06000 ਵਿਦਿਆਰਥੀ ਤੇ ਮਿਸੀਸਿੱਪੀ ਵਿਚ ਪੜਦੇ ਅੰਦਾਜਨ 4,57000 ਵਿਦਿਆਰਥੀ ਸਿੱਖਾਂ ਬਾਰੇ ਪੜ ਸਕਣਗੇ। ਸਿੱਖ ਭਾਈਚਾਰੇ ਨੇ ਉਟਾਹ ਤੇ ਮਿਸੀਸਿੱਪੀ ਰਾਜਾਂ ਵੱਲੋਂ ਸਿੱਖਾਂ ਬਾਰੇ ਪੜਾਈ ਨੂੰ ਸਮਾਜਿਕ ਸਿੱਖਿਆ ਦੀ ਕਿਤਾਬ ਵਿਚ ਸ਼ਾਮਲ ਕਰਨ ਦਾ ਜੋਰਦਾਰ ਸਵਾਗਤ ਕੀਤਾ ਹੈ ਤੇ ਇਨਾਂ ਰਾਜਾਂ ਦਾ ਧਨਵਾਦ ਕੀਤਾ ਹੈ।

ਉਟਾਹ ਦੇ ਸਾਲਟਲੇਕ ਸ਼ਹਿਰ ਦੇ ਵਸਨੀਕ ਮਨਜੀਤ ਸਿੰਘ ਨੇ ਇਸ ਉਪਰ ਖੁਸ਼ੀ ਪਰਗਟ ਕਰਦਿਆਂ ਕਿਹਾ ਹੈ ਕਿ ਨਵੇਂ ਸਿੱਖਿਆ ਮਾਪਦੰਡਾਂ ਸਦਕਾ ਰਾਜ ਭਰ ਵਿਚ ਵਿਦਿਆਰਥੀ ਸਿੱਖਾਂ ਬਾਰੇ ਜਾਣ ਸਕਣਗੇ ਤੇ ਉਹ ਸਿੱਖਾਂ ਦੇ ਸ਼ਾਨਦਾਰ ਵਿਰਸੇ ਤੇ ਸਭਿਆਚਾਰ ਤੋਂ ਜਾਣੂ ਹੋ ਸਕਣਗੇ।

ਉਨਾਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਸਿੱਖਇਜ਼ਮ ਵਿਸ਼ਵ ਦਾ 5ਵਾਂ ਵੱਡਾ ਧਰਮ ਹੈ ਤੇ ਸਿੱਖ ਭਾਈਚਾਰੇ ਨੇ ਪਿਛਲੀ ਇਕ ਸਦੀ ਦੇ ਵੀ ਵਧ ਸਮੇ ਤੋਂ ਅਮਰੀਕੀ ਸਮਾਜ ਖਾਸ ਕਰਕੇ ਮਨੁੱਖੀ ਅਧਿਕਾਰਾਂ, ਰਾਜਨੀਤੀ, ਖੇਤੀਬਾੜੀ, ਇੰਜੀਨੀਅਰਿੰਗ , ਡਾਕਟਰੀ ਤੇ ਹੋਰ ਖੇਤਰਾਂ ਵਿਚ ਆਪਣਾ ਯੋਗਦਾਨ ਪਾਇਆ ਹੈ। ਸਿੱਖ ਹਲਕਿਆਂ ਨੇ ਕਿਹਾ ਹੈ ਕਿ ਉਟਾਹ ਤੇ ਮਿਸੀਸਿੱਪੀ ਸਰਕਾਰਾਂ ਨੇ ਸਿੱਖਾਂ ਬਾਰੇ ਸਿੱਖਿਆ ਨੂੰ ਸਲੇਬਸ ਵਿਚ ਸ਼ਾਮਿਲ ਕਰਕੇ ਸਿੱਖ ਭਾਈਚਾਰੇ ਨੂੰ ਵੱਡਾ ਸਨਮਾਨ ਦਿੱਤਾ ਹੈ ਜਿਸ ਲਈ ਸਿੱਖ ਸਮਾਜ ਉਨਾਂ ਦਾ ਰਿਣੀ ਰਹੇਗਾ।

# ਅਮਰੀਕਾ ਵਿਚ ਬਰਫ਼ੀਲੇ ਤੂਫਾਨ ਦਾ ਕਹਿਰ ਜਾਰੀ, ਘਰਾਂ ਤੇ ਸੜਕਾਂ ਉਪਰ ਫੱਸੀਆਂ ਗੱਡੀਆਂ ਵਿਚ ਮਰ ਰਹੇ ਹਨ ਲੋਕ, ਮੌਤਾਂ ਦੀ ਗਿਣਤੀ 50 ਤੋਂ ਟੱਪੀ





**ਸੈਕਰਮੈਂਟੋ 27 ਦਸੰਬਰ-** ਅਮਰੀਕਾ ਵਿਚ ਭਿਆਨਕ ਬਰਫ਼ੀਲੇ ਤੂਫਾਨ ਤੇ ਬਰਫ਼ਬਾਰੀ ਦਾ ਕਹਿਰ ਥਮਣ ਦਾ ਨਾਂ ਨਹੀਂ ਲੈ ਰਿਹਾ ਤੇ ਹਰ ਰੋਜ ਇਸ ਦੀ ਜ਼ਦ ਵਿਚ ਆ ਕੇ ਮਰਨ ਵਾਲੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਬਿਜਲੀ ਤੋਂ ਬਿਨਾਂ ਘਰਾਂ ਵਿਚ ਰਹਿ ਰਹੇ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ ਤੇ ਸੜਕਾਂ ਉਪਰ ਫੱਸੀਆਂ ਕਾਰਾਂ ਤੇ ਹੋਰ ਵਾਹਣਾਂ ਵਿਚ ਲੋਕ ਮਰ ਰਹੇ ਹਨ। ਹੁਣ ਤੱਕ 50 ਤੋਂ ਵਧ ਮੌਤਾਂ ਹੋ ਚੁੱਕੀਆਂ ਹਨ ਤੇ ਜਿਸ ਤਰਾਂ ਦੇ ਹਾਲਾਤ ਬਣੇ ਹੋਏ ਹਨ, ਉਸ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਮੌਤਾਂ ਦੀ ਗਿਣਤੀ ਕਿਤੇ ਜਿਆਦਾ ਹੋ ਸਕਦੀ ਹੈ। ਪੱਛਮੀ ਨਿਊਯਾਰਕ ਜਿਥੇ ਰਿਕਾਰਡ ਤੋੜ 40 ਇੰਚ ਤੋਂ ਵਧ ਬਰਫ਼ਬਾਰੀ ਹੋਈ ਹੈ, ਵਿਚ 27 ਮੌਤਾਂ ਹੋਣ ਦੀ ਪੁਸ਼ਟੀ ਹੋਈ ਹੈ। ਬੁਫਾਲੋ (ਨਿਊਯਾਰਕ) ਖੇਤਰ ਵਿਚ ਤੂਫਾਨ ਨੇ ਭਿਆਨਕ ਤਬਾਹੀ ਮਚਾਈ ਹੈ ਜਿਥੇ ਸੜਕਾਂ ਉਪਰ ਖੜੇ ਵਾਹਣਾਂ ਵਿਚ ਫੱਸੇ ਲੋਕਾਂ ਨੂੰ ਬਚਾਉਣ ਲਈ ਹੰਗਾਮੀ ਹਾਲਾਤ ਐਲਾਨਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਰਿਹਾ।

ਈਰੀ ਕਾਊਂਟੀ ਦੇ ਅਧਿਕਾਰੀ ਮਾਰਕ ਪੋਲੋਨਕਾਰਜ਼ ਨੇ ਕਿਹਾ ਹੈ ਕਿ ਮੈ ਆਪਣੀ ਜਿੰਦਗੀ ਵਿਚ ਪਹਿਲੀ ਵਾਰ ਅਜਿਹਾ ਭਿਆਨਕ ਬਰਫ਼ੀਲਾ ਤੂਫਾਨ ਵੇਖਿਆ ਹੈ। ਉਨਾਂ ਚਿਤਾਵਨੀ ਦਿੱਤੀ ਹੈ ਕਿ ਮੌਤਾਂ ਦੀ ਗਿਣਤੀ ਵਧ ਸਕਦੀ ਹੈ। ਪਿਛਲੇ ਦੋ ਦਿਨਾਂ ਦੇ ਵੀ ਵਧ ਸਮੇ ਤੋਂ ਲੋਕ ਸੜਕਾਂ ਉਪਰ ਆਪਣੇ ਵਾਹਣਾਂ ਵਿਚ ਰਹਿਣ ਲਈ ਮਜ਼ਬੂਰ ਹਨ। ਰਾਸ਼ਟਰਪਤੀ ਜੋ ਬਾਈਡਨ ਨੇ ਨਿਊਯਾਰਕ ਦੇ ਗਵਰਨਰ ਕੈਥੀ ਹੋਛਲ ਨਾਲ ਫੋਨ ਉਪਰ ਗੱਲਬਾਤ ਕਰਕੇ ਹਾਲਾਤ ਦਾ ਜਾਇਜ਼ਾ ਲਿਆ ਹੈ ਤੇ ਮੱਦਦ ਦੀ ਪੇਸ਼ਕਸ਼ ਕੀਤੀ ਹੈ। ਬੁਫਾਲੋ ਵਿਚਲੇ ਕੌਮੀ ਮੌਸਮ ਸੇਵਾ ਕੇਂਦਰ ਨੇ ਕਿਹਾ ਹੈ ਕਿ ਇਸ ਹਫਤੇ ਦੇ ਅੰਤ ਵਿਚ ਤੂਫ਼ਾਨ ਦੀ ਰਫਤਾਰ ਘਟ ਸਕਦੀ ਹੈ ਤੇ ਹਾਲਾਤ ਸੁਖਾਵੇਂ ਬਣ ਸਕਦੇ ਹਨ ਪਰੰਤੂ ਹਾਲੇ ਵੀ 6 ਤੋਂ 12 ਇੰਚ ਤੱਕ ਹੋਰ ਬਰਫ਼ਬਾਰੀ ਹੋ ਸਕਦੀ ਹੈ।

# ਭਾਰਤੀ-ਅਮਰੀਕੀ ਰਿਚਰਡ ਵਰਮਾ ਵਿਦੇਸ਼ ਵਿਭਾਗ ਵਿਚ ਉੱਪ ਸਕੱਤਰ ਵਜੋਂ ਨਾਮਜ਼ਦ

**ਸੈਕਰਾਮੈਂਟੋ 27 ਦਸੰਬਰ-** ਰਾਸ਼ਟਰਪਤੀ ਜੋ ਬਾਈਡਨ ਨੇ ਭਾਰਤੀ ਮੂਲ ਦੇ ਅਮਰੀਕੀ ਰਿਚਰਡ ਵਰਮਾ ,ਜੋ ਭਾਰਤ ਵਿਚ ਰਾਜਦੂਤ ਵਜੋਂ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ, ਨੂੰ ਵਿਦੇਸ਼ ਵਿਭਾਗ ਵਿਚ ਉੱਪ ਸਕੱਤਰ ਵਜੋਂ ਨਾਮਜ਼ਦ ਕੀਤਾ ਹੈ। ਵਾਈਟ ਹਾਊਸ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਰਿਚਰਡ ਵਰਮਾ ਡਿਪਟੀ ਸੈਕਰੇਟਰੀ ਆਫ ਸਟੇਟ ਫਾਰ ਮੈਨਜਮੈਂਟ ਐਂਡ ਰਿਸੋਰਸਜ਼ ਹੋਣਗੇ। ਉਹ ਪਹਿਲੇ ਭਾਰਤੀ ਹੋਣਗੇ ਜੋ ਵਿਦੇਸ਼ ਵਿਭਾਗ ਵਿਚ ਉੱਚ ਅਹੁੱਦੇ ਉਪਰ ਕੰਮ ਕਰਨਗੇ। ਸੈਨਟ ਵੱਲੋਂ ਵਰਮਾ ਦੀ ਨਾਮਜ਼ਦਗੀ ਨੂੰ ਪ੍ਰਵਾਨਗੀ ਦਿੱਤੀ ਜਾਣੀ ਜੋ ਕੋਈ ਸਮੱਸਿਆ ਨਹੀਂ ਹੈ ਕਿਉਂਕਿ ਸੈਨਟ ਪਹਿਲਾਂ ਵੀ ਵੱਖ ਵੱਖ ਅਹੁੱਦਿਆਂ ਲਈ ਉਨਾਂ ਦੇ ਨਾਂ ਦੀ ਦੋ ਵਾਰ ਪੁਸ਼ਟੀ ਕਰ ਚੁੱਕੀ ਹੈ।



# ਅਮਰੀਕਾ ਦੇ ਜਿਆਦਾਤਰ ਹਿੱਸੇ ਵਿਚ ਪੈ ਰਹੀ ਹੱਡ ਚੀਰਵੀਂ ਠੰਡ ਕਾਰਨ ਜਨ ਜੀਵਨ ਉਪਰ ਵਿਆਪਕ ਅਸਰ

**ਸੈਕਰਾਮੈਂਟੋ 24 ਦਸੰਬਰ-** ਅਮਰੀਕਾ ਦੇ ਜਿਆਦਾਤਰ ਹਿੱਸਿਆਂ ਵਿਚ ਹੱਡ ਚੀਰਵੀਂ ਠੰਡ ਪੈ ਰਹੀ ਹੈ ਜਿਸ ਕਾਰਨ ਜਨ ਜੀਵਨ ਉਪਰ ਵਿਆਪਕ ਅਸਰ ਪਿਆ ਹੈ। ਜਿੰਦਗੀ ਦੀ ਤੋਰ ਮੱਠੀ ਪੈ ਗਈ ਹੈ। ਜਿਆਦਾਤਰ ਪੂਰਬੀ ਤੱਟ ਦਾ ਹਿੱਸਾ ਬਰਫ਼ੀਲੇ ਤੂਫਾਨ ਦੀ ਲਪੇਟ ਵਿਚ ਹੈ ਜਿਸ ਕਾਰਨ ਹਵਾਈ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ। ਹਜਾਰਾਂ ਉਡਾਣਾਂ ਨੂੰ ਰੱਦ ਕਰਨਾ ਪਿਆ ਹੈ। ਬਿਜਲੀ ਸੇਵਾਵਾਂ ਵੀ ਪ੍ਰਭਾਵਿਤ ਹੋਈਆਂ ਹਨ। ਵੈਬਸਾਈਟ ਫਲਾਈਟ ਅਵੇਅਰ ਅਨੁਸਾਰ



ਸ਼ੁੱਕਰਵਾਰ ਸ਼ਾਮ 6 ਵਜੇ ਤੱਕ 5000 ਤੋਂ ਵਧ ਹਵਾਈ ਉਡਾਣਾਂ ਨੂੰ ਰੱਦ ਕਰਨਾ ਪਿਆ ਹੈ। ਨੈਸ਼ਵਿਲੇ ਸਮੇਤ ਦੱਖਣ ਦੇ ਸ਼ਹਿਰਾਂ ਵਿਚ ਤਾਪਮਾਨ ਮਨਫੀ ਇਕ ਡਿਗਰੀ ਤੱਕ ਹੇਠਾਂ ਡਿਗ ਗਿਆ ਹੈ। ਵੈਦਰ ਸਰਵਿਸ ਡੈਟਾ ਅਨੁਸਾਰ ਤਕਰੀਬਨ 15 ਕਰੋੜ ਅਮਰੀਕੀਆਂ ਨੂੰ ਖਤਰਨਾਕ ਠੰਡੀਆਂ ਹਵਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 20 ਕਰੋੜ ਤੋਂ ਵਧ ਜੋ ਮੋਟੇ ਤੌਰ 'ਤੇ ਅਮਰੀਕਾ ਦੀ 60% ਆਬਾਦੀ ਬਣਦੀ ਹੈ, ਨੂੰ ਖਰਾਬ ਮੌਸਮ ਤੋਂ ਬਚਣ ਦੀ ਚਿਤਾਵਨੀ ਜਾਂ ਸਲਾਹ ਦਿੱਤੀ ਗਈ ਹੈ। ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਹੈ ਕਿ ਇਹ ਉਸ ਤਰਾਂ ਦੀ ਬਰਫਬਾਰੀ ਨਹੀਂ ਹੈ ਜਦੋਂ ਤੁਸੀਂ ਬੱਚੇ ਹੁੰਦੇ ਸੀ, ਇਸ ਦਾ ਰੂਪ ਖਤਰਨਾਕ ਹੈ।

### ਕਈ ਵਾਹਣ ਆਪਸ ਵਿਚ ਟਕਰਾਏ

ਖਰਾਬ ਮੌਸਮ ਕਾਰਨ ਈਰੀ ਕਾਊਂਟੀ ਵਿਚ ਉਹੀਓ ਟਰਨਪਾਈਕ 'ਤੇ ਹੋਏ ਭਿਆਨਕ ਸੜਕ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਅਨੇਕਾਂ ਹੋਰ ਜ਼ਖਮੀ ਹੋ ਗਏ। ਇਹ ਪ੍ਰਗਟਾਵਾ ਕਰਦਿਆਂ ਉਹੀਓ ਸਟੇਟ ਹਾਈਵੇਅ ਪੈਟਰੋਲ ਸਾਰਜੈਂਟ ਰਿਆਨ ਪੁਰਪੁਰਾ ਨੇ ਕਿਹਾ ਹੈ ਕਿ ਇਸ ਹਾਦਸੇ ਵਿਚ ਤਕਰੀਬਨ 50 ਵਾਹਣ ਇਕ ਦੂਸਰੇ ਨਾਲ ਟਕਰਾਅ ਗਏ। ਉਨਾਂ ਕਿਹਾ ਕਿ ਹਾਦਸੇ ਵਿਚ ਸ਼ਾਮਿਲ ਵਾਹਣਾਂ ਵਿਚ ਸਵਾਰ ਲੋਕਾਂ ਨੂੰ ਬੱਸ ਦੁਆਰਾ ਨੇੜੇ ਸੁਰ-ਖਿਅਤ ਜਗਾ 'ਤੇ ਪਹੁੰਚਾਇਆ ਗਿਆ ਤਾਂ ਜੋ ਉਹ ਆਪਣੇ ਆਪ ਨੂੰ ਗਰਮ ਰਖ ਸਕਣ। ਵੀਰਵਾਰ ਦੇਰ ਗਏ ਬਰਫ਼ੀਲਾ ਤੂਫਾਨ ਸਿਨਸਿਨਾਟੀ ਖੇਤਰ ਵਿਚ ਦਾਖਲ ਹੋਇਆ ਸੀ ਜਿਸ ਤੋਂ ਬਾਅਦ ਰਾਜ ਭਰ ਵਿਚ ਹੋਏ ਹਾਦਸਿਆਂ ਵਿੱਚ 4 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਤੇ ਅਨੇਕਾਂ ਹੋਰ ਜ਼ਖਮੀ ਹੋਏ ਹਨ।

# ਅਮਰੀਕਾ ਵਿਚ ਬਰਫ਼ੀਲੇ ਤੂਫਾਨ ਦੌਰਾਨ ਵਾਪਰੇ ਸੜਕ ਹਾਦਸੇ ਵਿਚ ਹਰਿਆਣਾ ਦੇ ਨੌਜਵਾਨ ਦੀ ਮੌਤ



**ਸੈਕਰਾਮੈਂਟੋ 28 ਦਸੰਬਰ)-** ਅਮਰੀਕਾ ਦੇ ਜਿਆਦਾਤਰ ਹਿੱਸੇ ਵਿਚ ਆਏ ਭਿਆਨਕ ਬਰਫ਼ੀਲੇ ਤੂਫਾਨ ਤੇ ਹੋ ਰਹੀ ਭਾਰੀ ਬਰਫ਼ਬਾਰੀ ਦੌਰਾਨ ਵਾਪਰੇ ਸੜਕ ਹਾਦਸੇ ਵਿਚ 26 ਸਾਲਾ ਇਕ ਭਾਰਤੀ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮਨਪ੍ਰੀਤ ਸਿੰਘ ਵਜੋਂ ਹੋਈ ਹੈ ਜੋ ਪਿਹੋਵਾ (ਹਰਿਆਣਾ) ਦਾ ਰਹਿਣ ਵਾਲਾ ਸੀ। ਉਹ ਹਾਲ ਹੀ ਵਿਚ ਕੁਈਨਜ (ਨਿਊਯਾਰਕ) ਆ ਕੇ ਰਹਿਣ ਲੱਗ ਪਿਆ ਸੀ। ਉਸ ਨਾਲ ਹਾਦਸਾ ਉਸ ਸਮੇ ਵਾਪਰਿਆ ਜਦੋਂ ਉਹ ਇੰਡਿਆਨਾ ਜਾ ਰਿਹਾ ਸੀ। ਕਲੇਰੀਆਨ ਕਾਊਂਟੀ ਦੇ ਕੋਰੋਨਰ ਅਧਿਕਾਰੀ ਡੈਨ ਸ਼ਿਗਲ ਡੈਕਰ ਨੇ ਦੱਸਿਆ ਕਿ ਭਾਰਤੀ ਨੌਜਵਾਨ ਨਾਲ ਹਾਦਸਾ ਕਲੇਰੀਆਨ ਟਾਊਨਸ਼ਿੱਪ ਦੇ ਪੱਛਮ ਵਿਚ ਇੰਟਰ ਸਟੇਟ 80 ਉਪਰ ਉਸ ਵੇਲੇ ਵਾਪਰਿਆ ਜਦੋਂ ਇਕ ਟਰੱਕ ਉਸ ਵਿਚ ਆ ਵੱਜਾ। ਉਸ ਨੂੰ ਨੇੜੇ ਦੇ ਹਸਪਤਾਲ ਵਿਚ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਹਾਦਸੇ ਉਪਰੰਤ ਇੰਟਰ ਸਟੇਟ 80 ਤਕਰੀਬਨ 12 ਘੰਟੇ ਬੰਦਾ ਰਿਹਾ। ਪਤਾ ਲੱਗਾ ਹੈ ਕਿ ਮਨਪ੍ਰੀਤ ਸਿੰਘ ਆਪਣੇ ਮਾਤਾ-ਪਿਤਾ ਦੀ ਇਕਲੌਤੀ ਔਲਾਦ ਸੀ।

# ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਅੱਠ ਰੋਜ਼ਾ ਧਾਰਮਿਕ ਸਮਾਗਮ ਸੰਪੰਨ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਓਟੈਗੋ ਸਟਰੀਟ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਅੱਠ ਰੋਜ਼ਾ ਲਗਾਤਾਰ ਸ਼ਾਮ ਦੇ ਦੀਵਾਨ ਸਜਾਏ ਗਏ। ਜਿਸ ਦੌਰਾਨ ਸਕਾਟਲੈਂਡ ਦੇ ਜੰਮਪਲ ਨਿੱਕੇ ਨਿੱਕੇ ਭੁਝੰਗੀ ਸਿੰਘ ਸਿੰਘਣੀਆਂ ਵੱਲੋਂ ਵੀ ਸਾਰੇ ਦਿਨ ਅਣਥੱਕ ਸੇਵਾ ਕਾਰਜ ਕੀਤੇ ਗਏ। ਨਵੀਂ ਪੀੜ੍ਹੀ ਨੂੰ ਧਰਮ ਤੇ ਵਿਰਸੇ ਨਾਲ ਜੋੜਨ ਦਾ ਇਹ ਉਪਰਾਲਾ ਹਰ ਕਿਸੇ ਵੱਲੋਂ ਸਰਾਹਿਆ ਜਾ ਰਿਹਾ ਸੀ। ਜਿੱਥੇ ਸੰਗਤਾਂ ਵੱਲੋਂ ਸਹਿਜ ਪਾਠ ਆਰੰਭ ਕੀਤੇ ਗਏ ਸਨ, ਉੱਥੇ ਹਰ ਸ਼ਾਮ ਨੂੰ





ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਸਜਾਏ ਜਾਂਦੇ ਸਨ, ਜਿਸ ਦੌਰਾਨ ਦੂਰ ਦੁਰਾਡੇ ਤੋਂ ਸੰਗਤਾਂ ਪਰਿਵਾਰਾਂ ਸਮੇਤ ਹਾਜ਼ਰੀ ਭਰਨ ਆਉਂਦੀਆਂ ਰਹੀਆਂ। ਸਹਿਜ ਪਾਠਾਂ ਦੇ ਭੋਗ ਪੈਣ ਤੋਂ ਇੱਕ ਦਿਨ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਗੱਤਕਾ ਅਖਾੜਾ ਵੱਲੋਂ ਸਿੱਖਿਅਤ ਵਿਦਿਆਰਥੀਆਂ ਵੱਲੋਂ ਗੱਤਕੇ ਦੇ ਜੌਹਰ ਵੀ ਦਿਖਾਏ ਗਏ। ਸਮਾਗਮ ਦੀ ਸਮਾਪਤੀ ਉਪਰੰਤ ਗੱਲਬਾਤ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਸਵੀਰ ਸਿੰਘ ਬਮਰਾਹ, ਸਰਦਾਰਾ ਸਿੰਘ ਜੰਡੂ, ਹੈਰੀ ਮੋਗਾ ਨੇ ਸਮੂਹ ਸੇਵਾਦਾਰਾਂ, ਸੰਗਤਾਂ ਦਾ ਹਾਰਦਿਕ ਧੰਨਵਾਦ ਕੀਤਾ, ਜਿਹਨਾਂ ਵੱਲੋਂ ਸਮਾਗਮਾਂ ਵਿੱਚ ਨਿਰੰਤਰ ਹਾਜ਼ਰੀ ਲਗਵਾਈ ਜਾਂਦੀ ਰਹੀ। ਸਮੁੱਚੇ ਸਮਾਗਮਾਂ ਦੌਰਾਨ ਜਿੱਥੇ ਭਾਈ ਸ਼ਮਸ਼ੇਰ ਸਿੰਘ ਜੀ ਵੱਲੋਂ ਕਥਾ ਵਿਚਾਰ ਰਾਹੀਂ ਗੁਰਬਾਣੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਗਿਆ ਉੱਥੇ ਵੱਖ ਵੱਖ ਕੀਰਤਨੀਏ ਜੱਥਿਆਂ ਵੱਲੋਂ ਵੀ ਕੀਰਤਨ ਗਾਇਨ ਰਾਹੀਂ ਆਪਣਾ ਤਿਲ ਫੁੱਲ ਯੋਗਦਾਨ ਪਾਇਆ ਗਿਆ।

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਦੀ ਮਾਸਿਕ ਮਿਲਣੀ ਵਿੱਚ ਉਸਾਰੂ ਵਿਚਾਰ-ਵਟਾਂਦਰਾ

## ਬਹੁ-ਵਿਧਾਈ ਲੇਖਕ ਚਰਨਜੀਤ ਸਿੰਘ ਪੰਨੂ ਦਾ ਨਵ ਪ੍ਰਕਾਸ਼ਿਤ ਸਫ਼ਰਨਾਮਾ-'ਯੂਟਾ ਦੇ ਪ੍ਰਕਿਰਤਕ ਜਲਵੇ' ਲੋਕ ਅਰਪਣ

**ਹੇਵਰਡ:** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਦੀ ਸਾਹਿਤਕ ਮਿਲਣੀ ਕਿਡੇਂਗੋ ਹੇਵਰਡ ਈ ਵਾਈ ਸੀ ਵਿਖੇ ਮੀਤ ਪ੍ਰਧਾਨ ਅਮਰਜੀਤ ਪੰਨੂੰ ਦੀ ਪ੍ਰਧਾਨਗੀ ਹੇਠ ਹੋਈ। ਜਨਰਲ ਸਕੱਤਰ ਕੁਲਵਿੰਦਰ ਨੇ ਮੰਚ ਦਾ ਕਾਜ-ਭਾਰ ਸੰਭਾਲਦੇ ਹੋਏ, ਕੋਵਿਡ ਤੋਂ ਬਾਅਦ ਉਦਾਸ ਮੌਸਮ ਵਾਂਗ ਉਦਾਸ ਹੋਏ ਮਨ ਦੀ ਗੱਲ ਕਰਦਿਆਂ ਹਾਜ਼ਰ ਮੈਂਬਰ ਸਾਹਿਬਾਨ ਨੂੰ ਸੰਸਥਾ ਦੀਆਂ ਗਤੀਵਿਧੀਆਂ ਵਿਚ ਸਰਗਰਮੀ ਲਿਆਉਣ ਅਤੇ ਸਦ ਭਾਵਨਾ ਵਧਾਉਣ ਲਈ ਸੁਝਾਅ ਮੰਗੇ। ਇਸ ਵਿਸ਼ੇ ਤੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਹੋਇਆ। ਹਾਜ਼ਰ ਮੈਂਬਰਾਂ ਵਲੋਂ ਵਿਪਸਾ ਦੀਆਂ ਗਤੀਵਿਧੀਆਂ ਨੂੰ ਨਿਯਮਤ ਰੂਪ ਦੇਣ ਲਈ ਭਾਰੀ ਉਤਸ਼ਾਹ ਦਿਖਾਇਆ ਗਿਆ। ਇਸ ਮੌਕੇ ਸਰਬ ਸੰਮਤੀ ਨਾ.ਲ ਨਿਮਨਲਿਖਤ ਫ਼ੈਸਲੇ ਲਏ ਗਏ: ਇਸ ਵਰ੍ਹੇ ਸਲਾਨਾ ਕਾਨਫ਼ਰੰਸ ਨਾ ਹੋਣ ਦੀ ਸੂਰਤ ਵਿੱਚ ਅਗਲੇ ਵਰ੍ਹੇ ਦੇ ਸ਼ੁਰੂ ਵਿੱਚ ਕਨਫ਼ਰੰਸ ਨਹੀਂ ਕਰਵਾਈ ਜਾਵੇਗੀ। ਮਾਸਿਕ ਮਿਲਣੀਆਂ ਲਈ ਸਿਰਫ਼ ਅਕੈਡਮੀ ਦੇ ਮੈਂਬਰ ਲੇਖਕਾਂ ਨੂੰ ਹੀ ਸੱਦਾ-ਪੱਤਰ ਭੇਜਿਆ ਜਾਵੇਗਾ। ਮੈਂਬਰ ਸੱਦਾ-ਪੱਤਰ ਮਿਲਣ ਤੋਂ ਬਾਅਦ ਜਨਰਲ ਸਕੱਤਰ ਨਾਲ ਸੰਪਰਕ ਕਰਕੇ ਆਪਣੀ ਹਾਜ਼ਰ/ਗੈਰ ਹਾਜ਼ਰ ਹੋਣ ਬਾਰੇ ਸੂਚਿਤ ਕਰਨਗੇ। ਇਹ ਮਿਲਣੀਆਂ ਕਿਡੇਂਗੋ ਈ ਵਾਈ ਸੀ ਜਾਂ ਕਿਸੇ ਮੈਂਬਰ (ਹੋਸਟ) ਦੇ ਘਰ ਹੋਣਗੀਆਂ। ਵੱਡੇ ਸਮਾਗਮ ਵੱਡੇ ਹਾਲ ਵਿੱਚ ਹੋਣਗੇ ਅਤੇ ਸਾਹਿਤ ਪ੍ਰੇਮੀ ਵੀ ਬੁਲਾਏ ਜਾਣਗੇ। ਸੰਸਥਾ ਵਿੱਚ ਸਕਾਰਾਤਮਕ ਅਤੇ ਊਰਜਾਮਈ ਵਾਤਾਵਰਣ ਕਾਇਮ ਰੱਖਿਆ ਜਾਵੇਗਾ। ਇਹ ਸੰਸਥਾ ਲੇਖਕਾਂ ਲਈ 'ਉਤਸ਼ਾਹ ਅਤੇ ਪ੍ਰੇਰਨਾ' ਮਾਟੋ ਨੂੰ ਅਮਲੀ ਜਾਮਾ ਪਹਿਨਾਵੇਗੀ। ਤਿੰਨ ਸਾਹਿਤਕ



ਮਿਲਣੀਆਂ ਤੋਂ ਬਾਅਦ ਚੌਥੀ ਮਿਲਣੀ ਵਿੱਚ ਇਕ ਕਹਾਣੀ ਸੈਸ਼ਨ ਹੋਵੇਗਾ। ਪਹਿਲੀਆਂ ਤਿੰਨ ਮਿਲਣੀਆਂ ਵਿਚ ਕਵੀ ਦਰਬਾਰ ਦੇ ਨਾ.ਲ-ਨਾ.ਲ ਇਕ ਸ਼ਾਇਰ ਦੀ ਰਚਨਾ 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਸਮੂਹ ਮੈਂਬਰ ਸਮੇਂ ਸਿਰ ਹਾਜ਼ਰ ਹੋਣਗੇ। ਵਿਪਸਾ ਦਾ ਫੇਸ ਬੁੱਕ ਪੇਜ ਜਗਜੀਤ ਨੌਸ਼ਿਹਰਵੀ ਵਲੋਂ ਬਣ-ਾਇਆ ਜਾਵੇਗਾ।

ਫਰਵਰੀ 18, 2023 ਦਿਨ ਸ਼ਨੀਵਾਰ ਨੂੰ ਮਹਿਰਾਨ ਰੈਸਟੋਰੈਂਟ, ਨਿਊਵਾਰਕ ਵਿਖੇ ਸ਼ਾਮ 5:00-9:00 ਤੱਕ ਅਕੈਡਮੀ ਦੇ ਸਰਪ੍ਰਸਤ ਮਰਹੂਮ ਡਾ. ਗੁਰੂਮੇਲ ਸਿੱਧੂ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਕਰਵਾਇਆ ਜਾਵੇਗਾ। ਇਸ ਉਪਰੰਤ ਬਹੁ-ਵਿਧਾਈ ਲੇਖਕ ਚਰਨਜੀਤ ਸਿੰਘ ਪੰਨੂ ਦਾ ਨਵ ਪ੍ਰਕਾਸ਼ਿਤ ਸਫ਼ਓਨਾਮਾ- 'ਯੂਟਾ ਦੇ ਪ੍ਰਕਿਰਤਕ ਜਲਵੇ' ਲੋਕ ਅਰਪਣ ਕੀਤਾ ਗਿਆ। ਉਨ੍ਹਾਂ ਸਫ਼ਰਨਾਮੇ ਵਿੱਚੋਂ ਇੱਕ ਭਾਵ-ਪੂਰਤ ਨਜ਼ਮ ਪੇਸ਼ ਕੀਤੀ ਜੋ ਯੂਟਾ ਦੇ ਪ੍ਰਕਰਿਤਕ ਨਜ਼ਾਰਿਆਂ ਦੀ ਮੂੰਹ ਬੋਲਦੀ ਤਸਵੀਰ ਸੀ। ਇਹ ਨਜ਼ਮ ਸਫ਼ਰਨਾਮਾ ਪੜ੍ਹਨ ਲਈ ਸਰੋਤਿਆਂ ਦੇ ਮਨਾਂ ਵਿਚ ਉਤਸੁਕਤਾ ਪੈਦਾ ਕਰਨ ਵਿੱਚ ਕਾਮਯਾਬ ਰਹੀ। ਲੇਖਕ ਨੇ ਇਸ ਪੁਸਤਕ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਹ ਸਫ਼ਰਨਾਮੇ ਉਨ੍ਹਾਂ ਪਾਠਕਾਂ ਲਈ ਲਿਖਦੇ ਹਨ ਜੋ ਅਮਰੀਕਾ ਦੀ ਭੱਜ ਦੌੜ ਵਾਲੀ ਜ਼ਿੰਦਗੀ ਵਿੱਚੋਂ ਬਾਹਰ ਨਿਕਲਕੇ ਸਫ਼ਓਮਪ;ਰ ਕਰਨ ਤੋਂ ਅਸਮਰੱਥ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਪਾਠਕ ਇਸ ਪੁਸਤਕ ਦਾ ਭਰਪੂਰ ਅਨੰਦ ਮਾਣਨਗੇ। ਸੁਰਜੀਤ ਸਖੀ ਨੇ ਚਰਨਜੀਤ ਸਿੰਘ ਪੰਨੂ ਨੂੰ ਟੈਕਸਟ ਮੈਸਜ ਰਾਹੀਂ ਵਧਾਈ ਸੰਦੇਸ਼ ਭੇਜਿਆ। ਵਿਪਸਾ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਨੇ ਫੋਨ ਰਾਹੀਂ ਹਾਜ਼ਰੀ ਭਰੀ। ਉਨ੍ਹਾਂ ਚਰਨਜੀਤ ਸਿੰਘ ਪੰਨੂੰ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਸਫ਼ਓਮਪ;ਰਨਾਮਾ ਪੜ੍ਹਨ ਉਪਰੰਤ ਪੇਪਰ ਲਿਖ ਕੇ ਆਪਣੇ ਵਿਚਾਰ ਸਾਂਝੇ ਕਰਨਗੇ। ਅੰਤ ਵਿੱਚ ਕਵੀ ਦਰਬਾਰ ਹੋਇਆ ਜਿਸ ਵਿੱਚ ਚਰਨਜੀਤ ਸਿੰਘ ਪੰਨੂ, ਤਾਰਾ ਸਿੰਘ ਸਾਗਰ, ਜਗਜੀਤ ਨੌਸ਼ਿਹਰਵੀ, ਅਮਰਜੀਤ ਕੌਰ ਪੰਨੂੰ, ਲਾਜ ਨੀਲਮ ਸੈਣੀ ਅਤੇ ਕੁਲਵਿੰਦਰ ਨੇ ਭਾਗ ਲਿਆ। ਸੁਖਦੇਵ ਸਾਹਿਲ ਨੇ ਕੁਲਵਿੰਦਰ ਦੀ ਲਿਖੀ ਗ਼ਜ਼ਲ 'ਨਦੀ ਝੀਲ ਚਸ਼ਮਾ' ਦਾ ਗਾਇਨ ਕਰਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਇਸ ਮੌਕੇ ਮਨਜੀਤ ਪਲਾਹੀ, ਰਮੇਸ਼ ਬੰਗੜ, ਰਿੰਮੀ ਸੰਧੂ ਅਤੇ ਜੇ ਸੰਧੂ ਵੀ ਹਾਜ਼ਰ ਸਨ।

**ਰਿਪੋਰਟ: ਲਾਜ ਨੀਲਮ ਸੈਣੀ**
**(ਸਹਾਇਕ ਸਕੱਤਰ ਵਿਪਸਾ)**
**ਫੋਨ: 510-502-0551**



# ਅਮਰੀਕਾ 'ਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਹੋਏ ਨਤਮਸਤਕ, ਉਦਯੋਗਪਤੀਆਂ ਨੂੰ ਨਿਵੇਸ਼ ਕਰਨ ਦਾ ਦਿੱਤਾ ਸੱਦਾ

**ਸਿਨਸਿਨਾਟੀ, ਦਸੰਬਰ 24, 2022–** ਅਮਰੀਕਾ 'ਚ ਭਾਰਤੀ ਰਾਜਦੂਤ ਸ. ਤਰਨਜੀਤ ਸਿੰਘ ਸੰਧੂ ਨੇ ਬੀਤੇ ਦਿਨੀਂ ਓਹਾਇਓ ਸੂਬੇ ਦੇ ਉਦਯੋਗਿਕ ਸ਼ਹਿਰ ਸਿਨਸਿਨਾਟੀ ਵਿਖੇ ਆਪਣੀ ਫੇਰੀ ਦੌਰਾਨ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਗੁਰਦੁਆਰਾ ਸਾਹਿਬ ਨਤਮਸਤਕ ਹੋਏ ਅਤੇ ਸੰਗਤ ਨਾਲ ਵੱਖ ਵੱਖ ਮੁੱਦਿਆਂ ਬਾਰੇ ਗੱਲਬਾਤ ਕੀਤੀ।

ਰਾਜਦੂਤ ਸੰਧੂ ਨੇ ਭਾਈਚਾਰੇ ਨੂੰ ਪੰਜਾਬ ਜਾਂ ਭਾਰਤ ਦੇ ਕਿਸੇ ਵੀ ਹਿੱਸੇ ਵਿੱਚ ਨਿਵੇਸ਼ ਦੇ ਮੌਕਿਆਂ ਲਈ ਸੱਦਾ ਦਿੱਤਾ। ਉਹਨਾਂ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਵੀਜ਼ਾ ਕੈਂਪ ਲਗਾਉਣ ਲਈ ਉਹ ਪ੍ਰਬੰਧ ਕਰਨਗੇ ਅਤੇ ਕੌਂਸਲੇਟ ਵੱਲੋਂ ਇਸ ਸੰਬੰਧੀ ਹਰ ਤਰਾਂ ਦੀ ਮਦਦ ਕੀਤੀ ਜਾਵੇਗੀ।

ਟਵੀਟ ਕਰਕੇ ਉਹਨਾਂ ਕਿਹਾ "ਗ੍ਰੇਟਰ ਸਿਨਸਿਨਾਟੀ ਦੇ ਗੁਰੂ ਨਾਨਕ ਸੋਸਾਇਟੀ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ। ਵਾਹਿਗੁਰੂ ਸਭ ਨੂੰ ਸ਼ਾਂਤੀ, ਸਿਹਤ ਅਤੇ ਖੁਸ਼ੀਆਂ ਬਖਸ਼ਣ"। ਉਹਨਾਂ ਹਿੰਦੂ ਟੈਂਪਲ ਆਫ ਸਿਨਸਿਨਾਟੀ ਵਿਖੇ ਵੀ ਹਾਜਰੀ ਭਰੀ। ਆਪਣੀ ਫੇਰੀ ਦੌਰਾਨ ਉਹਨਾਂ ਸਿਨਸਿਨਾਟੀ ਦੇ ਮੇਅਰ ਆਫ਼ਤਾਬ ਪੁਰੇਵਾਲ, ਸਿਨਸਿਨਾਟੀ ਬਿਜ਼ਨਸ ਕਮੇਟੀ, ਯੂਨੀਵਰਸਿਟੀ ਆਫ ਸਿਨਸਿਨਾਟੀ, ਪ੍ਰੋਕਟਰ ਐਂਡ ਗੈਂਬਲ ਕੰਪਨੀ, ਭਾਰਤ ਦੀ ਕੰਪਨੀ ਟਾਟਾ ਕੰਸਲਟੈਂਸੀ ਸਰਵਿਸਜ਼ ਦੇ ਸਿਨਸਿਨਾਟੀ ਵਿਖੇ ਸਥਿਤ ਦਫਤਰ ਅਤੇ ਭਾਰਤੀ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਵੀ ਵੱਖ-ਵੱਖ ਮੀਟਿੰਗਾਂ ਕੀਤੀਆਂ। ਓਹਾਇਓ ਦੌਰੇ ਦੀ ਸ਼ੁਰੂਆਤ ਉਹਨਾਂ ਸੂਬੇ ਦੀ ਰਾਜਧਾਨੀ ਕੋਲੰਬਸ ਵਿਖੇ ਵਿਸ਼ਵ ਪ੍ਰਸਿੱਧ ਓਹਾਇਓ ਸਟੇਟ ਯੂਨੀਵਰਸਿਟੀ ਤੋਂ ਕੀਤੀ ਜਿੱਥੇ ਉਹਨਾਂ ਦੇ ਪਿਤਾ ਸ. ਬਿਸ਼ਨ ਸਿੰਘ ਸਮੁੰਦਰੀ ਨੇ ਛੇ ਦਹਾਕੇ ਪਹਿਲਾਂ ਖੇਤੀਬਾੜੀ ਵਿਭਾਗ ਵਿੱਚ ਉਚੇਰੀ ਸਿੱਖਿਆ ਪ੍ਰਾਪਤ ਕੀਤੀ ਸੀ ਜਿਸ ਉਪਰੰਤ ਉਹ ਭਾਰਤ ਵਾਪਸ ਆ ਕੇ ਖਾਲਸਾ ਕਾਲਜ ਦੇ ਪ੍ਰਿੰਸੀਪਲ ਬਣੇ। ਜੱਦ 1967 ਵਿੱਚ ਗੁਰੂ ਨਾਨਕ ਦੇ ਯੂਨੀਵਰਸਿਟੀ ਸਥਾਪਤ ਹੋਈ ਤਾਂ ਉਹਨਾਂ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਬਨਣ ਦਾ ਮਾਨ ਪ੍ਰਾਪਤ ਹੋਇਆ। ਯੂਨੀਵਰਸਿਟੀ ਵੱਲੋਂ ਰਾਜਦੂਤ ਸੰਧੂ ਨੂੰ ਉਹਨਾਂ ਦੇ ਮਾਤਾ ਪਿਤਾ ਦੀਆਂ ਯੂਨੀਵਰਸਿਟੀ ਵਿਖੇ ਬਿਤਾਏ ਸਮੇਂ ਦੀਆਂ ਯਾਦਗਾਰੀ ਤਸਵੀਰਾਂ ਵੀ ਭੇਂਟ ਕੀਤੀਆਂ ਗਈਆਂ।

ਟਵੀਟਰ ਤੇ ਜਾਣਕਾਰੀ ਸਾਂਝੀ ਕਰਦਿਆਂ ਉਹਨਾਂ ਦੱਸਿਆ ਕਿ ਕੋਲੰਬਸ ਵਿਖੇ ਯੂਨੀਵਰਸਿਟੀ ਦੇ ਪ੍ਰਧਾਨ ਡਾ. ਕ੍ਰਿਸਟੀਨਾ ਜੋਹਨਸਨ ਅਤੇ ਵਿਦਿਆਰਥੀਆਂ ਨੂੰ ਵੀ ਮਿਲੇ ਜਿੱਥੇ ਉਹਨਾਂ ਭਾਰਤ ਅਤੇ ਅਮਰੀਕਾ ਵਿਚਕਾਰ ਵਿਦਿਅਕ ਸੰਬੰਧਾਂ ਨੂੰ ਅੱਗੇ ਲਿਜਾਣ, ਖੇਤੀਬਾੜੀ, ਸਿਹਤ ਸੇਵਾਵਾਂ, ਆਈਟੀ ਅਤੇ ਉਰਜਾ ਵਰਗੇ ਪ੍ਰਮੁੱਖ ਖੇਤਰਾਂ ਬਾਰੇ ਗੱਲਬਾਤ ਕੀਤੀ।

ਓਹਾਇਓ ਤੋਂ ਜਾਰੀ ਬਿਆਨ ਵਿੱਚ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਮਾਮਲਿਆਂ ਦੇ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਰਾਜਦੂਤ ਸੰਧੂ ਵਲੋਂ ਅਮਰੀਕਾ ਅਤੇ ਭਾਰਤ ਵਿਚਕਾਰ ਖੇਤੀਬਾੜੀ ਅਤੇ ਹੋਰ ਖੇਤਰਾਂ ਵਿੱਚ ਕੀਤੇ ਜਾ ਰਹੇ ਇਹਨਾਂ ਯਤਨਾਂ ਲਈ ਸ਼ਲਾਘਾ ਕੀਤੀ ਹੈ। ਗੁਮਟਾਲਾ ਨੇ ਕਿਹਾ ਕਿ ਇਸ ਨਾਲ ਅਮਰੀਕਾ ਤੋਂ ਖੇਤੀਬਾੜੀ ਸਣੇ ਨਵੇਂ ਉਦਯੋਗ ਅਤੇ ਨਿਵੇਸ਼ ਲਿਆਉਣ ਦੇ ਯਤਨਾਂ ਨਾਲ ਪੰਜਾਬ ਨੂੰ ਵੀ ਆਰਥਿਕ ਲਾਭ ਹੋਵੇਗਾ।

**– ਸਮੀਪ ਸਿੰਘ ਗੁਮਟਾਲਾ**

# ਡੋਗਰ ਰਾਮ ਮੁਨੀਮ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਬੰਗਾ–** ਨਗਰ ਕੌਂਸਲ ਬੰਗਾ ਦੇ ਪ੍ਰਧਾਨ ਰਹੇ ਅਤੇ ਉਘੇ ਸਮਾਜ ਸੇਵੀ ਸ੍ਰੀ ਡੋਗਰ ਰਾਮ ਮੁਨੀਮ ਦੀ ਬੇਵਕਤੀ ਸੰਖੇਪ



ਬਿਮਾਰੀ ਉਪਰੰਤ ਦਿਹਾਂਤ ਹੋਣ 'ਤੇ ਤਹਿਸੀਲ ਕੰਪਲੈਕਸ ਬੰਗਾ ਵਿਖੇ ਤਹਿਸੀਲ ਯੂਨੀਅਨ ਬੰਗਾ ਦੀ ਇਕ ਸੋਗ ਮੀਟਿੰਗ ਕੀਤੀ ਗਈ। ਇਸ ਮੌਕੇ ਸ੍ਰੀ ਮੁਨੀਮ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਉਹਨਾਂ ਵੱਲੋਂ ਬੰਗਾ ਵਿਖੇ ਸਥਾਪਿਤ ਕੀਤੇ ਸ੍ਰੀ ਗੁਰੂ ਰਵਿਦਾਸ ਪੈਲੇਸ ਬੰਗਾ, ਸ੍ਰੀ ਗੁਰੂ ਰਵਿਦਾਸ ਮੰਦਿਰ ਅਤੇ ਬੰਗਾ ਸ਼ਹਿਰ ਦੇ ਵਿਕਾਸ ਲਈ ਪਾਏ ਵਡਮੁੱਲੇ ਸਹਿਯੋਗ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸੰਤੋਖ ਜੱਸੀ ਪ੍ਰਧਾਨ, ਜੋਗਿੰਦਰ ਘਈ ਵਾਇਸ ਪ੍ਰਧਾਨ, ਰਮੇਸ਼ ਅਟਾਰੀ ਮੁੱਖ ਬੁਲਾਰਾ, ਕਮਲ ਭਾਟੀਆ, ਬਲਵੀਰ ਝਿੱਕਾ, ਅਮਰ ਚੰਦ ਮੱਲ, ਲਖਵੀਰ ਬੀਸਲਾ, ਹਰਦੀਪ ਭਾਟੀਆ, ਜਤਿੰਦਰ ਖਮਾਚੋਂ, ਸੁਰਿੰਦਰ ਘਈ, ਗਗਨਦੀਪ ਘਈ। ਗੁਰਮੀਤ ਜੱਸੀ ਨੰਬਰਦਾਰ, ਇੰਦਰਜੀਤ ਅਟਾਰੀ, ਲਵਦੀਪ, ਦਲਵਿੰਦਰ, ਸੰਜੀਵ ਬਲੀ, ਸੰਦੀਪ ਬਿੱਲਾ, ਸੰਦੀਪ ਕਜਲਾ, ਗੁਰਮਿੰਦਰ, ਤਲਵਿੰਦਰ, ਅਰੁਣ ਕੁਮਾਰ, ਜਸਵੀਰ ਭੂਤਾਂ, ਵਿਜੈ ਬੈਂਸ, ਮੁਨੀਸ਼ ਭਾਰਦਵਾਜ, ਰਵੀ ਘਈ, ਬਲਦੇਵ ਰਾਜ, ਜਸਵਿੰਦਰ ਜੱਸਾ, ਜਗਜੀਤ, ਗੁਰਪ੍ਰੀਤ ਸੇਵਾ ਕੇਂਦਰ ਆਦਿ ਹਾਜ਼ਰ ਸਨ।

# ਜੰਮੂ 'ਚ ਅੱਤਵਾਦੀਆਂ ਦੇ ਐਨਕਾਊਂਟਰ ਤੋਂ ਬਾਅਦ ਗ੍ਰਹਿ ਮੰਤਰਾਲਾ ਅਲਰਟ

**ਨਵੀਂ ਦਿੱਲੀ–** ਜੰਮੂ ਦੇ ਸਿਧਰਾ 'ਚ ਬੁੱਧਵਾਰ ਸਵੇਰੇ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਾਲੇ ਮੁੱਠਭੇੜ ਹੋਈ। ਮੁਕਾਬਲੇ ਦੌਰਾਨ ਸੁਰੱਖਿਆ ਬਲਾਂ ਨੇ ਚਾਰ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ। ਇਸ ਦੇ ਨਾਲ ਹੀ ਇਸ ਮੁਕਾਬਲੇ ਤੋਂ ਬਾਅਦ ਗ੍ਰਹਿ ਮੰਤਰਾਲੇ ਨੂੰ ਅਲਰਟ ਕਰ ਦਿੱਤਾ ਗਿਆ ਹੈ। ਇਸ ਸਬੰਧ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਾਮ 4 ਵਜੇ ਅਹਿਮ ਮੀਟਿੰਗ ਬੁਲਾਈ ਹੈ।

ਅਮਿਤ ਸ਼ਾਹ ਇਸ ਬੈਠਕ ਦੀ ਪ੍ਰਧਾਨਗੀ ਕਰਨਗੇ। ਇਸ ਮੀਟਿੰਗ ਵਿੱਚ ਕਈ ਵੱਡੇ ਅਧਿਕਾਰੀ ਹਿੱਸਾ ਲੈਣਗੇ। ਸੀਆਰਪੀਐਫ ਅਤੇ ਬੀਐਸਐਫ ਦੇ ਅਧਿਕਾਰੀ ਵੀ ਮੀਟਿੰਗ ਵਿੱਚ ਸ਼ਾਮਲ ਹੋ ਸਕਦੇ ਹਨ। ਬੈਠਕ 'ਚ ਅੱਤਵਾਦੀਆਂ ਖਿਲਾਫ ਚੱਲ ਰਹੀ ਮੁਹਿੰਮ 'ਤੇ ਚਰਚਾ ਕੀਤੀ ਜਾਵੇਗੀ।

ਗੌਰਤਲਬ ਹੈ ਕਿ ਚਾਰ ਅੱਤਵਾਦੀ ਇੱਕ ਟਰੱਕ ਵਿੱਚ ਸਿਧਰਾ ਆਏ ਸਨ। ਅੱਤਵਾਦੀਆਂ ਦੀ ਖਬਰ ਮਿਲਦੇ ਹੀ ਸੁਰੱਖਿਆ ਬਲਾਂ ਨੇ ਉਨ੍ਹਾਂ ਨੂੰ ਘੇਰ ਲਿਆ। ਸੁਰੱਖਿਆ ਬਲਾਂ ਨੇ ਚਾਰ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ। ਜਿਸ ਟਰੱਕ 'ਚ ਅੱਤਵਾਦੀ ਆਏ ਸਨ, ਉਸ ਨੂੰ ਵੀ ਅੱਗ ਲੱਗ ਗਈ ਹੈ। ਸੁਰੱਖਿਆ ਬਲਾਂ ਨੇ ਮੌਕੇ ਤੋਂ ਵੱਡੀ ਗਿਣਤੀ 'ਚ ਹਥਿਆਰ ਬਰਾਮਦ ਕੀਤੇ ਹਨ। ਮੁਕਾਬਲੇ ਦੌਰਾਨ 7 ਏਕੇ-47 ਰਾਈਫਲਾਂ, 3 ਪਿਸਤੌਲ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ ਹੈ। ਟਰੱਕ ਮਾਲਕ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ।

ਇਕ ਅਧਿਕਾਰੀ ਨੇ ਦੱਸਿਆ ਕਿ ਅੱਤਵਾਦੀਆਂ ਦੀ ਮੌਜੂਦਗੀ ਬਾਰੇ ਖੁਫੀਆ ਸੂਚਨਾਵਾਂ ਦੇ ਆਧਾਰ 'ਤੇ ਸਿਧਰਾ



ਖੇਤਰ 'ਚ ਸੁਰੱਖਿਆ ਬਲਾਂ ਦੀ ਸਾਂਝੀ ਟੀਮ ਨੇ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾਈ। ਇਕ ਅਧਿਕਾਰੀ ਨੇ ਦੱਸਿਆ ਕਿ ਜਿਵੇਂ ਹੀ ਅੱਤਵਾਦੀ ਨੇੜੇ ਪਹੁੰਚੇ, ਉਨ੍ਹਾਂ ਨੇ ਸੁਰੱਖਿਆ ਬਲਾਂ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਸਵੇਰੇ ਕਰੀਬ 7.30 ਵਜੇ ਗੋਲੀਬਾਰੀ ਦੀ ਪਹਿਲੀ ਆਵਾਜ਼ ਸੁਣਾਈ ਦਿੱਤੀ।






# ਬਾਬਾ ਸਾਹਿਬ ਡਾ.ਅੰਬੇਡਕਰ ਖਿਲਾਫ ਸੋਸ਼ਲ ਮੀਡੀਆ 'ਤੇ ਗਲਤ ਸ਼ਬਦਾਵਲੀ ਬੋਲਣ ਵਾਲੇ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਐਸ.ਪੀ. ਹੈੱਡ ਕੁਆਰਟਰ ਨੂੰ ਦਿੱਤਾ ਮੰਗ ਪੱਤਰ

**ਫਗਵਾੜਾ 27 ਦਸੰਬਰ (ਬੀ.ਕੇ.ਰੱਤੂ)** ਭਾਰਤੀ ਸਵਿਧਾਨ ਦੇ ਨਿਰਮਾਤਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਖਿਲਾਫ ਗਲਤ ਸ਼ਬਦਾਂ ਦੀ ਵਰਤੋਂ ਕਰਨ ਦੀ ਇੱਕ ਵਿਅਕਤੀ ਵੱਲੋਂ ਸੋਸ਼ਲ ਮੀਡੀਆ ਤੇ ਪਾਈ ਗਈ ਵੀਡਿਓ ਬਹੁਤ ਹੀ ਤੇਜੀ ਨਾਲ ਵਾਇਰਲ ਹੋ ਰਹੀ ਹੈ, ਜਿਸ ਨਾਲ ਦਲਿਤ ਭਾਈਚਾਰੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਿਕਰਯੋਗ ਹੈ ਕਿ ਵਾਇਰਲ ਹੋਈ ਇਸ ਵੀਡਿਓ ਵਿੱਚ ਉਕਤ ਵਿਅਕਤੀ ਜਿੱਥੇ ਬਾਬਾ ਸਾਹਿਬ ਨੂੰ ਗਾਲੀ ਗਲੋਚ ਕਰ ਰਿਹਾ ਹੈ, ਉੱਥੇ ਹੀ ਦਲਿਤ ਭਾਈਚਾਰੇ ਖਿਲਾਫ ਵੀ ਗਲਤ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ। ਉਕਤ ਵਿਅਕਤੀ ਵੱਲੋਂ ਵਰਤੀ ਜਾ ਰਹੀ ਇਸ ਗਲਤ ਸ਼ਬਦਾਵਲੀ ਦੇ ਵਿਰੋਧ ਵਿੱਚ ਅੰਬੇਡਕਰ ਸੈਨਾ ਮੂਲ ਨਿਵਾਸੀ, ਗੁਰੂ ਰਵਿਦਾਸ ਟਾਈਗਰ ਫੋਰਸ, ਗੁਰੂ ਰਵਿਦਾਸ ਸਭਾ ਅਰਬਨ ਅਸਟੇਟ ਅਤੇ ਭਗਵਾਨ ਵਾਲਮੀਕਿ ਐਕਸ਼ਨ ਕਮੇਟੀ ਵੱਲੋਂ ਇੱਕ ਰੋਸ ਪ੍ਰਦਰਸ਼ਨ ਅੰਬੇਡਕਰ ਪਾਰਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਕੀਤਾ ਗਿਆ। ਇਸ ਦੌਰਾਨ ਜਿੱਥੇ ਸਮੂਹ ਦਲਿਤ ਭਾਈਚਾਰੇ ਵੱਲੋਂ ਉਕਤ ਵਿਅਕਤੀ ਖਿਲਾਫ ਜੋਰਦਾਰ ਨਾਅਰੇਬਾਜੀ ਕੀਤੀ ਗਈ, ਉਥੇ ਹੀ ਸਮੂਹ ਆਗੂਆਂ ਨੇ ਫਗਵਾੜਾ ਦੀ ਫੇਰੀ ਤੇ ਆਏ ਐਸ.ਪੀ. ਹੈਡਕੁਆਟਰ ਹਰਪ੍ਰੀਤ ਸਿੰਘ ਬੈਨੀਪਾਲ ਨੂੰ ਮੰਗ ਪੱਤਰ ਵੀ ਦਿੱਤਾ। ਜਿਸ ਵਿਚ ਉਕਤ ਵਿਅਕਤੀ ਦੀ ਭਾਲ ਕਰਕੇ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਅੰਬੇਡਕਰ ਸੈਨਾ ਮੂਲ ਨਿਵਾਸੀ ਪੰਜਾਬ ਦੇ ਪ੍ਰਧਾਨ ਹਰਭਜਨ ਸੁੰਮਨ ਅਤੇ ਗੁਰੂ ਰਵਿਦਾਸ ਟਾਈਗਰ ਫੋਰਸ ਦੇ ਪ੍ਰਧਾਨ ਯਸ਼ ਬਰਨਾ ਨੇ ਕਿਹਾ ਕਿ ਉਕਤ ਵਿਅਕਤੀ ਵੱਲੋਂ ਵਰਤੀ ਗਈ ਸ਼ਬਦਾਵਲੀ ਨਾਲ ਸਮੂਹ ਦਲਿਤ ਭਾਈਚਾਰੇ ਅਤੇ ਬਾਬਾ ਸਾਹਿਬ ਨੂੰ ਮੰਨਣ ਵਾਲੇ ਪੈਰੋਕਾਰਾਂ ਦੇ ਦਿਲਾਂ ਨੂੰ ਕਾਫੀ ਠੇਸ ਪਹੁੰਚੀ ਹੈ। ਉਹਨਾਂ ਕਿਹਾ ਕਿ ਇਸ ਮਾੜੀ ਮਾਨਸਿਕਤਾ ਵਾਲੇ ਵਿਅਕਤੀ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀ ਜਾਵੇਗਾ ਅਤੇ ਇਸ ਨੂੰ ਸਖਤ ਸਜਾ ਦੁਆਈ ਜਾਵੇਗੀ। ਉਹਨਾਂ ਮੰਗ ਕੀਤੀ ਕਿ ਉਕਤ ਵਿਅਕਤੀ ਖਿਲਾਫ ਪਰਚਾ ਦਰਜ ਕਰਕੇ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਕੋਈ ਵੀ ਅਜਿਹੀ ਮਾੜੀ ਹਰਕਤ ਕਰਨ ਦੀ ਜੁਅਰਤ ਨਾ ਕਰ ਸਕੇ। ਇਸ ਮੌਕੇ ਧਰਮਵੀਰ ਸੇਠੀ, ਅਮਰਜੀਤ ਸਮੇਤ ਵੱਡੀ ਗਿਣਤੀ 'ਚ ਦਲਿਤ ਭਾਈਚਾਰੇ ਦੇ ਲੋਕ ਹਾਜਰ ਸਨ।



# ਨਿੱਕੀਆਂ ਕਰੂੰਬਲਾਂ ਵੱਲੋਂ ਸ਼ਾਇਰ ਪ੍ਰੇਮ ਸਾਹਿਲ ਨਾਲ ਸਾਹਿਤਕ ਮਿਲਣੀ ਕੀਤੀ ਗਈ

**ਮਾਹਿਲਪੁਰ–** ਪੰਜਾਬੀ ਹਿੰਦੀ ਦੇ ਉਘੇ ਸ਼ਾਇਰ ਪ੍ਰੇਮ ਸਾਹਿਲ ਜੋ ਉਤਰਾਖੰਡ ਵਿਚ ਰਹਿੰਦੇ ਹਨ ; ਨਾਲ ਇੱਕ ਸਾਹਿਤਕ ਮਿਲਣੀ ਦਾ ਪ੍ਰਬੰਧ ਕਰੂੰਬਲਾਂ ਭਵਨ ਮਾਹਿਲਪੁਰ ਵਿੱਚ ਕੀਤਾ ਗਿਆ। ਪ੍ਰੇਮ ਸਾਹਿਲ ਨੇ ਇਸ ਮੌਕੇ ਆਪਣੇ ਜੀਵਨ ਸਫ਼ਰ ਬਾਰੇ ਜਾਣਕਾਰੀ ਦਿੰਦਿਆ ਕਿਹਾ ਕਿ ਉਹ ਆਪਣੀ ਮਿੱਟੀ ਨਾਲ ਜੁੜਿਆ ਸ਼ਾਇਰ ਹੈ । ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਆਯੋਜਤ ਕੀਤੇ ਇਸ ਸਮਾਰੋਹ ਵਿਚ ਉਹਨਾਂ ਆਪਣੀਆਂ ਗ਼ਜ਼ਲਾਂ ਨਾਲ ਖੂਬ ਰੰਗ ਬੰਨ੍ਹਿਆ । ਉਨ੍ਹਾਂ ਆਪਣੀ ਛਪ ਰਹੀ ਪੁਸਤਕ ' ਘਰਾਂ ਦੀ ਝਾਕ ' ਬਾਰੇ ਵੀ ਜਾਣਕਾਰੀ ਦਿੱਤੀ। ਬਾਲ ਸਾਹਿਤ ਲੇਖਕ ਅਤੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਰੌਸ਼ਨੀ ਪਾਈ। ਲੋਕ ਕਵੀ ਪੰਮੀ ਖੁਸ਼ਹਾਲਪੁਰੀ ਅਤੇ ਸੁਖਮਨ ਸਿੰਘ ਨੇ ਆਪਣੀਆਂ ਰਚਨਾਵਾਂ ਨਾਲ ਸਭ ਨੂੰ ਮੰਤਰ-ਮੁਗਧ ਕੀਤਾ। ਸੁਰ ਸੰਗਮ ਵਿੱਦਿਅਕ ਟਰੱਸਟ ਦੇ ਮੈਂਬਰ ਅਤੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਮਾਣ ਸਨਮਾਨ ਵੀ ਕੀਤਾ ਗਿਆ । ਇਸ ਮਿਲਣੀ ਮੌਕੇ ਬੱਗਾ ਸਿੰਘ ਆਰਟਿਸਟ,ਹਰਭਜਨ ਸਿੰਘ ਕਾਹਲੋਂ , ਪਰਮਜੀਤ ਸਿੰਘ, ਪਵਨ ਸਕਰੂਲੀ , ਹਰਵੀਰ ਮਾਨ, ਹਰਮਨਪ੍ਰੀਤ ਕੌਰ ,ਰਵਨੀਤ ਕੌਰ,ਪ੍ਰਿੰਸੀਪਲ ਮਨਜੀਤ ਕੌਰ ,ਚੈਂਚਲ ਸਿੰਘ ਬੈਂਸ ਸਮੇਤ ਸਾਹਿਤ ਪ੍ਰੇਮੀ, ਕਰੂੰਬਲਾਂ ਪਾਠਕ ਮੰਚ ਅਤੇ ਸੰਪਾਦਕੀ ਬੋਰਡ ਦੇ ਮੈਂਬਰ ਸ਼ਾਮਲ ਹੋਏ ।



# ਜਲਦ ਹੀ ਸੁਨਾਮ ਵਾਸੀਆਂ ਨੂੰ ਮਿਲੇਗਾ 5 ਆਮ ਆਦਮੀ ਕਲੀਨਿਕਾਂ ਦਾ ਤੋਹਫਾ: ਅਮਨ ਅਰੋੜਾ

**ਜਖੇਪਲ/ਸੁਨਾਮ ਊਧਮ ਸਿੰਘ ਵਾਲਾ (ਦਲਜੀਤ ਕੌਰ)–** ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਰਵੋਤਮ ਸਿਹਤ ਸੇਵਾਵਾਂ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਹੀ ਮੁਹੱਈਆ ਕਰਵਾਉਣ ਦੇ ਉਦੇਸ਼ ਤਹਿਤ ਸ਼ਹਿਰੀ ਤੇ ਦਿਹਾਤੀ ਖੇਤਰਾਂ ਵਿੱਚ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ ਜਿਨ੍ਹਾਂ ਨੂੰ ਸੂਬੇ ਭਰ ਵਿੱਚ ਵੱਡਾ ਹੁੰਗਾਰਾ ਮਿਲਿਆ ਹੈ।



ਇਹ ਪ੍ਰਗਟਾਵਾ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਅਤੇ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਮੰਤਰੀ ਸ੍ਰੀ ਅਮਨ ਅਰੋੜਾ ਨੇ ਪਿੰਡ ਚੌਵਾਸ ਜਖੇਪਲ ਵਿਖੇ ਬਣਨ ਵਾਲੇ ਆਮ ਆਦਮੀ ਕਲੀਨਿਕ ਦਾ ਨੀਂਹ ਪੱਥਰ ਰੱਖਦਿਆਂ ਕੀਤਾ। ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੁਨਾਮ ਵਾਸੀਆਂ ਨੂੰ ਸਰਵੋਤਮ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਕਰੀਬ 1.25 ਕਰੋੜ ਰੁਪਏ ਦੀ ਲਾਗਤ ਨਾਲ 5 ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਸਿਹਤ ਅਤੇ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਅਹਿਮ ਉਪਰਾਲੇ ਕਰ ਰਹੀ ਹੈ ਜਿਸ ਤਹਿਤ ਆਮ ਆਦਮੀ ਕਲੀਨਿਕ ਲੋੜਵੰਦ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕਰੀਬ ਪੰਜ ਮਹੀਨੇ ਪਹਿਲਾਂ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ 100 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਸਨ ਜਿਨ੍ਹਾਂ ਨੂੰ ਲੋਕਾਂ ਵੱਲੋਂ ਹਾਂ ਪੱਖੀ ਹੁੰਗਾਰਾ ਮਿਲਿਆ ਹੈ ਅਤੇ ਉਸੇ ਤਰਜ਼ ਉੱਤੇ ਹੁਣ ਹਲਕਾ ਸੁਨਾਮ ਵਿਖੇ ਸ਼ਹਿਰੀ ਤੇ ਪੇਂਡੂ ਲੋਕਾਂ ਦੀ ਸਿਹਤ ਨੂੰ ਪ੍ਰਮੁੱਖਤਾ ਦਿੰਦੇ ਹੋਏ ਜਖੇਪਲ ਚੌਵਾਸ, ਉੱਭਾਵਾਲ, ਗੱਗੜਪੁਰ, ਪੁਰਾਣਾ ਹਸਪਤਾਲ ਸੁਨਾਮ ਅਤੇ ਗੁਰਦੁਆਰਾ ਸਾਹਿਬ ਜਾਖਲ ਰੋਡ ਵਿਖੇ ਇਹ ਕਲੀਨਿਕ ਅਤਿ ਆਧੁਨਿਕ ਸਿਹਤ ਸੁਵਿਧਾਵਾਂ ਪ੍ਰਦਾਨ ਕਰਨਗੇ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪਹਿਲੇ ਪੜਾਅ ਵਿੱਚ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਸੰਗਰੂਰ ਵਿੱਚ ਚਾਰ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਸਨ ਅਤੇ ਹੁਣ ਹੋਰ ਸਥਾਨਾਂ ਤੇ ਕਲੀਨਿਕ ਸਥਾਪਤ ਹੋਣ ਨਾਲ ਯਕੀਨੀ ਤੌਰ 'ਤੇ ਸਿਹਤ ਸਹੂਲਤਾਂ ਦਾ ਫਾਇਦਾ ਵਧੇਰੇ ਲੋੜਵੰਦਾਂ ਨੂੰ ਮਿਲੇਗਾ। ਇਸ ਮੌਕੇ ਐਸਡੀਐਮ ਜਸਪ੍ਰੀਤ ਸਿੰਘ, ਸਿਵਲ ਸਰਜਨ ਡਾ. ਪਰਮਿੰਦਰ ਕੌਰ, ਐਡਵੋਕੇਟ ਹਰਦੀਪ ਸਿੰਘ ਭਰੂਰ, ਜਰਨੈਲ ਸਿੰਘ, ਰਾਜ ਸ਼ਰਮਾ, ਗੁਰਚਰਨ ਸਿੰਘ, ਲਾਲ ਸਿੰਘ ਮੈਂਬਰ, ਦੇਵ ਸਿੰਘ, ਲਾਭ ਸਿੰਘ ਵੀ ਹਾਜ਼ਰ ਸਨ।


NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# 30 ਸਾਲਾ ਪੰਜਾਬੀ ਨੌਜਵਾਨ ਕੁਲਬੀਰ ਸਿੰਘ ਸਿੱਧੂ ਦੀ ਸੜਕ ਹਾਦਸੇ ਵਿਚ ਮੌਤ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਵਸਦੇ ਭਾਰਤੀ ਖਾਸ ਕਰ ਪੰਜਾਬੀ ਭਾਈਚਾਰੇ ਲਈ ਬੇਹੱਦ ਦੁਖਦਾਈ ਸ਼ੋਕ ਸਮਾਚਾਰ ਹੈ ਕਿ ਇਥੇ 18-19 ਸਾਲਾਂ ਤੋਂ ਰਹਿ ਰਹੇ 30 ਸਾਲਾ ਪੰਜਾਬੀ ਨੌਜਵਾਨ ਸ. ਕੁਲਬੀਰ ਸਿੰਘ ਸਿੱਧੂ ਸਪੁੱਤਰ ਸਵ. ਸ. ਲਖਬੀਰ ਸਿੰਘ ਅਤੇ ਸ੍ਰੀਮਤੀ ਹਰਪ੍ਰੀਤ ਕੌਰ, ਪਿੰਡ ਪੁਰਾਣਾ ਜ਼ਿਲ੍ਹਾ ਗੁਰਦਾਸਪੁਰ ਕੱਲ੍ਹ ਇਕ ਦਰਦਨਾਕ ਸੜਕ ਹਾਦਸੇ ਦੇ ਵਿਚ ਆਪਣੀ ਜਾਨ ਗਵਾ ਗਏ। ਪੁਲਿਸ ਅਨੁਸਾਰ ਜੋ ਵਾਹਨ (ਯੂਟ) ਇਹ ਨੌਜਵਾਨ ਚਲਾ ਰਿਹਾ ਸੀ, ਉਹ ਬੁਰੀ ਤਰ੍ਹਾਂ ਸੜ੍ਹ ਗਿਆ ਸੀ ਅਤੇ ਉਸ ਨੂੰ ਚਲਾਉਣ ਵਾਲਾ (ਸ. ਕੁਲਬੀਰ ਸਿੰਘ ਸਿੱਧੂ) ਵੀ ਬੁਰੀ ਤਰ੍ਹਾਂ ਸੜ ਗਿਆ ਸੀ। ਪੁਲਿਸ ਅਜੇ ਹੋਰ ਜਾਂਚ-ਪੜ੍ਹਤਾਲ ਕਰ ਰਹੀ ਹੈ।



ਕਿਵੇਂ ਘਟੀ ਦੁੱਖਦਾਈ ਘਟਨਾ: ਸ. ਕੁਲਬੀਰ ਸਿੰਘ ਸਿੱਧੂ ਆਪਣੀ ਪਤਨੀ ਅਤੇ ਦੋ ਬੱਚੀਆਂ ਦੇ ਨਾਲ ਕ੍ਰਿਸਮਸ ਦੀਆਂ ਛੁੱਟੀਆਂ ਕਰਕੇ ਨਿਊਪਲਾਈਮੱਥ ਵਿਖੇ ਗਿਆ ਸੀ ਤੇ ਹੋਟਲ ਆਦਿ ਬੁੱਕ ਸੀ। ਸ਼ਾਮ ਨੂੰ ਬੱਚਿਆਂ ਦੇ ਕਹਿਣ ਉਤੇ ਇਹ ਉਥੇ ਰਾਤ ਰਹਿਣ ਦੀ ਬਜ਼ਾਏ ਵਾਪਿਸ ਮੈਨੁਰੇਵਾ (ਔਕਲੈਂਡ) ਨੂੰ ਚੱਲ ਪਏ। ਕੁੱਝ ਘੰਟੇ ਦਾ ਸਫਰ ਕੱਢਣ ਉਤੇ ਵੇਖਿਆ ਕਿ ਉਸਦਾ ਮੋਬ-ਾਇਲ ਹੋਟਲ ਦੇ ਵਿਚ ਹੀ ਰਹਿ ਗਿਆ ਹੈ। ਪਰਿਵਾਰ ਇਸ ਹੱਕ ਵਿਚ ਸੀ ਕਿ ਹੋਟਲ ਵਾਲੇ ਕੋਰੀਅਰ ਕਰ ਦੇਣਗੇ ਪਰ ਇਸ ਨੇ ਸੋਚਿਆ ਕਿ ਕਈ ਦਿਨ ਲੱਗ ਜਾਣੇ ਹਨ, ਜਾ ਕੇ ਹੀ ਲੈ ਆਉਂਦਾ ਹਾਂ। ਹਮਿਲਟਨ ਤੱਕ ਪਹੁੰਚਣ ਉਤੇ ਉਸਨੇ ਆਪਣੇ ਇਕ ਦੋਸਤ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਹ ਉਸਦੇ ਬੱਚਿਆਂ ਨੂੰ ਹਮਿਲਟਨ ਤੋਂ ਮੈਨੁਰੇਵਾ ਲੈ ਜਾਵੇ। ਬੱਚੇ ਵਾਪਿਸ ਆ ਗਏ ਅਤੇ ਪਰਿਵਾਰ ਨੇ ਕਿਹਾ ਕਿ ਤੁਸੀਂ ਹੁਣ ਹੋਟਲ ਰਾਤ ਰਹਿ ਕੇ ਸਵੇਰੇ ਆਇਓ ਤਾਂ ਕਿ ਰੈਸਟ ਵੀ ਹੋ ਸਕੇ। ਮਾੜੀ ਕਿਸਮਤ ਜਿਵੇਂ ਮੌਤ ਪਿੱਛੇ ਅਵਾਜਾਂ ਮਾਰ ਰਹੀ ਹੋਵੇ। ਉਹ ਵਾਪਿਸ ਜਾ ਕੇ ਅਗਲੇ ਦਿਨ 26 ਦਸੰਬਰ ਨੂੰ ਵਾਪਿਸ ਤੜਕੇ ਹੀ ਔਕਲੈਂਡ ਨੂੰ ਨਿਕਲ ਪਿਆ। ਸਵੇਰੇ 7.20 ਕੁ ਵਜੇ ਦੀ ਘਟਨਾ ਹੈ ਕਿ ਜਦੋਂ ਉਹ ਥੋੜਾ ਦਾ ਸਫਰ ਤੈਅ ਕਰ ਚੁੱਕਾ ਸੀ ਤਾਂ ਮੀਮੀ ਅਤੇ ਵਾਇਟੀ ਰੋਡ ਦੇ ਨੇੜੇ ਪਤਾ ਨਹੀਂ ਕਿਸ ਤਰ੍ਹਾਂ ਉਸਦੇ ਯੂਟ ਨੂੰ ਅੱਗ ਲੱਗ ਗਈ ਅਤੇ ਉਹ ਵੀ ਵਿਚ ਹੀ ਸੜ ਗਿਆ। ਕਿਸੀ ਨੇ ਜਲਦੇ ਯੂਟ ਨੂੰ ਵੇਖ ਕੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਉਸਨੂੰ ਵਾਇਕਾਟੋ ਹਸਪਤਾਲ ਵਿਖੇ ਹਵਾਈ ਜਹਾਜ਼ ਰਾਹੀਂ ਪਹੁੰਚਾਇਆ, ਪਰ ਮੌਤ ਝੱਪਟ ਕੇ ਲੈ ਗਈ।

# ਕਰੋਨਾ ਪ੍ਰਤੀ ਸਾਵਧਾਨੀਆਂ ਜ਼ਰੂਰੀ ਘਬਰਾਉਣ ਦੀ ਲੋੜ ਨਹੀਂ: ਡਾ ਪਰਮਿੰਦਰ ਕੌਰ

**ਸੰਗਰੂਰ, (ਦਲਜੀਤ ਕੌਰ)–** ਦੇਸ਼ ਦੇ ਕੁਝ ਸੂਬਿਆਂ ਵਿੱਚ ਵੇਰੀਐਂਟ ਓਮੀਕ੍ਰੋਨ ਵੈਰੀਐਂਟ ਦੇ ਆਏ ਨਵੇਂ ਕੁਝ ਕੇਸਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਹਤ ਵਿਭਾਗ ਪੰਜਾਬ ਵੱਲੋਂ ਜਾਰੀ ਹੁਕਮਾਂ ਮੁਤਾਬਿਕ ਪ੍ਰਬੰਧ ਕੀਤੇ ਜਾ ਰਹੇ ਹਨ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਿਵਲ ਸਰਜਨ ਡਾ ਪਰਮਿੰਦਰ ਕੌਰ ਨੇ ਦੱਸਿਆ ਕਿ ਨਵੇ ਓਮੀਕ੍ਰੋਨ ਵੈਰੀਏਂਟ ਦਾ ਇਕ ਮਰੀਜ ਇਕ ਦਰਜਨ ਤੋਂ ਵੱਧ ਲੋਕਾਂ ਨੂੰ ਤੇਜ਼ੀ ਨਾਲ ਪ੍ਰਭਾਵਿਤ ਕਰ ਸਕਦਾ ਹੈ। ਇਸ ਸਬੰਧੀ ਉਨ੍ਹਾਂ ਲੋਕਾਂ ਨੂੰ ਜਾਗਰੂਕ ਕਰਦੇ ਕਿਹਾ ਕਿ ਇਸ ਬੀਮਾਰੀ ਤੋਂ ਘਬਰਾਉਣ ਦੀ ਲੋੜ ਨਹੀਂ। ਇਸ ਲਈ ਲੋਕ ਕੋਵਿਡ -19 ਦੇ ਨਿਯਮਾਂ ਦੀ ਪਾਲਣਾ ਕਰਨ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਿਹਤ ਵਿਭਾਗ ਵੱਲੋਂ ਦੱਸੀਆਂ ਸਾਵਧਾਨੀਆਂ ਦੀ ਸਖ਼ਤੀ ਨਾਲ ਪਾਲਣਾ ਕਰਨ, ਜਿਵੇਂ ਕਿ ਮੂੰਹ ਤੇ ਮਾਸਕ ਪਾਉਣਾ, ਸੋਸ਼ਲ ਦੂਰੀ ਬਣਾ ਕੇ ਰੱਖਣਾ, ਹੱਥਾਂ ਨੂੰ ਸੈਨੇਟਾਇਜ ਕਰਨਾ ਜਾਂ ਸਾਬਣ ਪਾਣੀ ਨਾਲ ਵਾਰ ਵਾਰ ਸਾਫ ਕਰਨਾ ਅਤੇ ਭੀੜ ਵਾਲੀਆਂ ਥਾਵਾਂ ਤੇ ਜਾਣ ਤੋਂ ਗੁਰੇਜ਼ ਕਰਨਾ ਆਦਿ। ਇਸ ਬੀਮਾਰੀ ਦੇ ਲੱਛਣਾਂ ਪ੍ਰਤੀ ਹੋਰ ਜਾਣਕਾਰੀ ਦਿੰਦਿਆਂ ਡਾ ਪਰਮਿੰਦਰ ਕੌਰ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਬੁਖਾਰ, ਮਾਸਪੇਸ਼ੀਆਂ ਵਿੱਚ ਦਰਦ, ਸਿਰ ਦਰਦ, ਗਲਾ ਜਾਂ ਖਾਂਸੀ ਅਤੇ ਜ਼ੁਕਾਮ ਹੋਵੇ, ਤਾਂ ਅਜਿਹੇ ਸ਼ੱਕੀ ਵਿਅਕਤੀ ਨੂੰ ਆਪਣੇ ਨੇੜੇ ਦੇ ਸਿਹਤ ਕੇਂਦਰ ਵਿਖੇ ਜਾ ਕੇ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਲੱਛਣ ਪਾਏ ਜਾਂਦੇ ਹਨ ਤਾਂ ਉਸ ਨੂੰ ਆਪਣੇ ਨੇੜੇ ਦੇ ਹਸਪਤਾਲ ਵਿਚ ਕੋਵਿਡ ਸੈਂਪਲਿੰਗ ਕਰਵਾਉਣੀ ਚਾਹੀਦੀ ਹੈ ਤਾਂ ਕਿ ਸਮੇਂ ਸਿਰ ਇਸ ਬਿਮਾਰੀ ਦਾ ਪਤਾ ਲੱਗ ਸਕੇ ਅਤੇ ਇਲਾਜ ਹੋ ਸਕੇ। ਉਨ੍ਹਾਂ ਕਿਹਾ ਕਿ ਕੋਰੋਨਾ ਲਹਿਰ ਦੇ ਟਾਕਰੇ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਲਾਮਬੱਧ ਅਤੇ ਸਮਰੱਥ ਹੈ। ਇਸ ਮੌਕੇ ਕਾਰਜ ਕਾਰੀ ਸਹਾਇਕ ਸਿਵਲ ਸਰਜਨ ਡਾ. ਬਲਜੀਤ ਸਿੰਘ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਇੰਦਰਜੀਤ ਸਿੰਗਲਾ ਹਾਜ਼ਰ ਸਨ।



# ਉਸਤਾਦ ਗੀਤਕਾਰ ਲਾਲ ਸਿੰਘ ਲਾਲੀ ਜੀ ਨਹੀਂ ਰਹੇ, ਅੰਤਮ ਅਰਦਾਸ 28 ਦਸੰਬਰ ਨੂੰ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)–** ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦੀ 1987 ਤੋਂ ਬਤੌਰ ਪ੍ਰਧਾਨ ਰਹਿਨੁਮਾਈ ਕਰਦੇ ਆ ਰਹੇ, ਵਿਸ਼ਵ ਪ੍ਰਸਿੱਧੀ-ਪ੍ਰਾਪਤ ਗੀਤਕਾਰ ਸ੍ਰ. ਲਾਲ ਸਿੰਘ ਲਾਲੀ ਜੀ, 22 ਦਸੰਬਰ, 2022 ਨੂੰ ਆਪਣੇ ਸੁਆਸਾਂ ਦੀ ਪੂੰਜੀ ਨੂੰ ਪੂਰਾ ਕਰਦੇ ਹੋਏ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। 23 ਦਸੰਬਰ ਨੂੰ ਉਨ੍ਹਾਂ ਦੇ ਅੰਤਮ ਦਰਸ਼ਨਾਂ ਵਕਤ ਜਿੱਥੇ ਉਨ੍ਹਾਂ ਦੇ ਪਰਿਵਾਰਕ ਮੈਂਬਰ, ਰਿਸ਼ਤੇਦਾਰ ਤੇ ਸੱਜਣ-ਮਿੱਤਰ ਸੰਸਕਾਰ ਵਕਤ ਪੁੱਜੇ ਉਥੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦੇ ਵੀ ਅਨੇਕਾਂ ਸਾਥੀ ਪੁੱਜੇ। ਲਾਲੀ ਜੀ ਦੇ ਤੁਰ ਜਾਣ ਦਾ ਨਾ ਸਿਰਫ ਪਰਿਵਾਰ ਨੂੰ ਹੀ ਨਾ ਪੂਰੇ ਜਾਣ ਵਾਲਾ ਘਾਟਾ ਪਿਆ ਹੈ, ਬਲਕਿ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਜਿਸਦੇ ਕਿ ਉਹ ਥੰਮ੍ਹ ਸਨ, ਨੂੰ ਵੀ ਬਹੁਤ ਵੱਡਾ ਅਸਹਿ ਸਦਮਾ ਤੇ ਘਾਟਾ ਪਿਆ ਹੈ। ਪਰਿਵਾਰਕ ਸੂਤਰਾਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮ੍ਰਿਤਕ ਨਮਿੱਤ ਅੰਤਿਮ ਅਰਦਾਸ 28 ਦਸੰਬਰ, ਦਿਨ ਬੁੱਧਵਾਰ ਨੂੰ ਉਨਾਂ ਦੇ ਪਿੰਡ ਨਾਰੰਗਵਾਲ ਕਲਾਂ ਦੇ ਗੁਰਦੁਆਰਾ ਸਾਹਿਬ ਵਿਖੇ 12 ਤੋਂ 1 ਦੇ ਵਿਚਕਾਰ ਹੋਵੇਗੀ।



ਜ਼ਿਕਰ ਯੋਗ ਹੈ ਕਿ ਲਾਲੀ ਜੀ ਦਾ ਪਹਿਲਾ ਗੀਤ, 'ਮੈਨੂੰ ਰੇਸ਼ਮੀ ਰੁਮਾਲ ਵਾਂਗੂੰ ਰੱਖ ਮੁੰਡਿਆ' (ਨਰਿੰਦਰ ਬੀਬਾ ਜੀ ਕਰਨੈਲ ਗਿੱਲ (ਐਚ. ਐਮ. ਵੀ. ਕੰਪਨੀ) ਸੰਨ 1969 ਵਿਚ ਗੂੰਜਿਆ ਸੀ। ਫਿਰ, 'ਸੁਣੋ ਲੰਬੜਾਂ ਦਾ ਮੁੰਡਾ ਬੋਲੀ ਹੋਰ ਬੋਲਦਾ', 'ਤੇਰਾ ਗਲਗਲ ਵਰਗਾ ਰੰਗ ਜੱਟੀਏ' ਅਤੇ 'ਅੱਖਾਂ ਜਾ ਲੱਗੀਆਂ ਘੁੰਡ ਚੀਰ ਮੁੰਡਿਆ' ਆਦਿ ਅਨੇਕਾਂ ਗੀਤ ਮੀਂਹ ਦੇ ਛਰਾਟੇ ਵਾਂਗ ਧੜਾ-ਧੜ ਐਚ. ਐਮ. ਵੀ. ਕੰਪਨੀ ਦੁਆਰਾ ਰਿਕਾਰਡ ਹੋ ਹੋ ਕੇ ਸੰਗੀਤ-ਪ੍ਰੇਮੀਆਂ ਦੀਆਂ ਮਹਿਫ਼ਲਾਂ ਤੇ ਆਲ ਇੰਡੀਆ ਰੇਡੀਓ ਸਟੇਸ਼ਨ 'ਤੇ ਧੁੰਮਾਂ ਪਾਉਣ ਲੱਗੇ। ਤਵਿਆਂ ਦੇ ਯੁੱਗ ਵਿਚ ਜਿਨ੍ਹਾਂ ਹੋਰ ਗਾਇਕ ਅਤੇ ਗਾਇਕਾਵਾਂ ਨੇ ਲਾਲੀ ਜੀ ਦੇ ਗੀਤਾਂ ਨਾਲ ਨਾਮਣਾ ਖੱਟਿਆ, ਉਨ੍ਹਾਂ ਵਿਚ ਬੀਬਾ ਸੁਰਿੰਦਰ ਕੌਰ, ਬੀਬਾ ਪ੍ਰਕਾਸ਼ ਕੌਰ, ਬੀਬਾ ਸਵਰਨ ਲਤਾ, ਬੀਬਾ ਜਗਮੋਹਣ ਕੌਰ, ਪਾਲੀ ਦੇਤਵਾਲੀਆ, ਹਾਕਮ ਬਖਤੜੀਵਾਲਾ-ਬੀਬਾ ਦਲਜੀਤ ਕੌਰ, ਰਣਬੀਰ ਰਾਣਾ, ਰਮੇਸ਼ ਰੰਗੀਲਾ ਅਤੇ ਕੈਸਿਟ-ਯੁੱਗ ਦੇ ਗਾਇਕ-ਗਾਇਕਾਵਾਂ ਵਿਚ ਰਛਪਾਲ ਰਸੀਲਾ-ਮੋਹਣੀ ਰਸੀਲਾ, ਇਰਸ਼ਾਦ ਮੁਹੰਮਦ, ਗੁਰਵਿੰਦਰ ਗੁਰੀ, ਕ੍ਰਿਸ਼ਨ ਰਾਹੀ ਤੇ ਰਾਜਪਾਲ ਚੰਨੀ ਆਦਿ ਅਨੇਕਾਂ ਨਾਂਉਂ ਵਿਸ਼ੇਸ਼ ਵਰਣਨ ਯੋਗ ਹਨ।ੜ.ਪਾਲੀ ਦੇਤਵਾਲੀਆ ਜੀ ਦੀ ਅਵਾਜ਼ ਵਿਚ ਰਿਕਾਰਡ ਤਾਜਾ ਗੀਤ, 'ਪਾਣੀ ਤੇ ਮੁਸੀਬਤਾਂ ਨੀਵੇਂ ਥਾਂ ਨੂੰ ਆਉਂਦੀਆਂ' ਸਾਬਿਤ ਕਰਦਾ ਹੈ ਕਿ ਸਾਢੇ ਪੰਜ ਦਿਹਾਕਿਆਂ ਤੋਂ ਗੀਤਕਾਰੀ ਖੇਤਰ ਵਿਚ ਤੁਰਿਆ ਹੋਇਆ ਸਾਡਾ ਹਰਮਨ-ਪਿਆਰਾ ਗੀਤਕਾਰ ਲਾਲੀ ਅਜੇ ਅੱਕਿਆ-ਥੱਕਿਆ ਨਹੀ, ਬਲਕਿ ਉਸ ਦੀ ਕਲਮ ਅਜੇ ਵੀ ਜਵਾਨ ਸੀ।. ਲਾਲੀ ਜੀ, 'ਗੀਤਾਂ ਭਰੀ ਚੰਗੇਰ', 'ਤੇਰਾ ਗਲਗਲ ਵਰਗਾ ਰੰਗ ਜੱਟੀਏ', 'ਗੀਤਾਂ ਦਾ ਸਿਰਨਾਵਾਂ', 'ਗੀਤਾਂ ਦੀ ਮਹਿਕ' ਅਤੇ 'ਲੰਬੀ ਸੋਚ' ਮੌਲਿਕ ਪੁਸਤਕਾਂ ਸਾਹਿਤ ਨੂੰ ਦੇਣ ਦੇ ਨਾਲ-ਨਾਲ ਦੋ ਦਰਜਨ ਦੇ ਕਰੀਬ ਸਾਂਝੀਆਂ ਪੁਸਤਕਾਂ ਵਿਚ ਵੀ ਭਰਵੀਂ ਹਾਜ਼ਰੀ ਲਗਵਾ ਚੁੱਕੇ ਹਨ। ਇਸਤੋਂ ਇਲਾਵਾ ਲਾਲੀ ਜੀ ਨੂੰ ਸੰਸਥਾ ਵੱਲੋਂ ਜਿੱਥੇ ਅੱਠ ਮਿਆਰੀ ਸਾਂਝੇ ਕਾਵਿ-ਸੰਗ੍ਰਹਿ ਅਤੇ ਦੋ ਟੈਲੀਫੋਨ ਡਾਇਰੈਕਟਰੀਆਂ ਦੇ ਉਪਰਾਲੇ ਕਰਨ ਦਾ ਮਾਣ ਹਾਸਲ ਹੈ, ਉਥੇ ਹਜ਼ਾਰਾਂ ਦੀ ਗਿਣਤੀ ਵਿਚ ਕਲਮਾਂ, ਅਵਾਜ਼ਾਂ ਅਤੇ ਸੁਰਾਂ ਨੂੰ ਪੈਦਾ ਕਰ ਕੇ ਬੁਲੰਦੀਆਂ ਉਤੇ ਪਹੁੰਚਾਉਣ ਦਾ ਵੀ ਗੌਰਵ ਹਾਸਲ ਹੈ। . .ਨਿਮਰ, ਸ਼ਹਿਨਸ਼ੀਲ ਅਤੇ ਫੱਕਰ ਬਿਰਤੀ ਦੇ ਮਾਲਕ, ਲਾਲੀ ਜੀ ਰੋਜ਼ਗਾਰ ਵਿਭਾਗ, ਪੰਜਾਬ ਵਿੱਚੋਂ ਸੁਪਰਡੰਟ ਗਰੇਡ-ਵੰਨ ਦੇ ਅਹੁੱਦੇ ਤੋਂ ਸੇਵਾ-ਮੁਕਤ ਸਨ।

# ਗਲਾਸਗੋ: ਸੈਂਟਰਲ ਗੁਰਦੁਆਰਾ ਸਿੰਘ ਸਭਾ ਵਿਖੇ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਗਲਾਸਗੋ ਦੇ ਸੈਂਟਰਲ ਗੁਰਦੁਆਰਾ ਸਿੰਘ ਸਭਾ ਵਿਖੇ ਦਸ਼ਮੇਸ਼ ਪਿਤਾ ਪਰਿਵਾਰ ਦੀਆਂ ਕੁਰਬਾਨੀਆਂ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਸਥਾ ਇਤਿਹਾਸ ਯੂਕੇ ਦੇ ਵਿਸ਼ੇਸ਼ ਉਪਰਾਲੇ ਨਾਲ ਹੋਏ ਇਸ ਕਵੀ ਦਰਬਾਰ ਦੀ ਸ਼ੁਰੂਆਤ ਸ੍ਰ: ਸੁਰਜੀਤ ਸਿੰਘ ਚੌਧਰੀ ਜੀ ਦੇ ਬੋਲਾਂ ਨਾਲ ਹੋਈ। ਉਹਨਾਂ ਸਮੂਹ ਸੰਗਤ, ਸੰਸਥਾ ਇਤਿਹਾਸ ਯੂਕੇ ਤੇ ਪੀ ਟੀ ਸੀ ਪੰਜਾਬੀ ਯੂਕੇ ਤੇ ਪੰਜ ਦਰਿਆ ਯੂਕੇ ਦੀ ਟੀਮ ਨੂੰ ਇਸ ਉਪਰਾਲੇ ਲਈ ਹੱਲਾਸ਼ੇਰੀ ਦਿੱਤੀ। ਉਹਨਾਂ ਕਿਹਾ ਕਿ ਸਿੱਖ ਇਤਿਹਾਸ ਨੂੰ ਵੱਖ ਵੱਖ ਵਿਧਾਵਾਂ ਰਾਹੀ ਪੇਸ਼ ਕਰਨ ਦੇ ਉਪਰਾਲੇ ਵਿੱਚੋਂ ਕਵੀ ਦਰਬਾਰ ਵੀ ਇੱਕ ਹਨ।

ਉਹਨਾਂ ਉਪਰੰਤ ਸ੍ਰ: ਜਸਪਾਲ ਸਿੰਘ ਖਹਿਰਾ ਨੇ ਦਸ਼ਮੇਸ਼ ਪਿਤਾ ਜੀ ਦੇ ਕਵੀਆਂ ਨਾਲ ਮੋਹ ਦਾ ਵਰਨਣ ਕਰਦਿਆਂ ਕਿਹਾ ਕਿ ਉਹਨਾਂ ਦੇ ਦਰਬਾਰ ਵਿੱਚ ਕਵਿਤਾ ਤੇ ਕਵੀਆਂ ਨੂੰ ਬਹੁਤ ਹੀ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਇਹੀ ਵਜ੍ਹਾ ਸੀ ਕਿ ਉਹਨਾਂ ਦੇ ਦਰਬਾਰ ਵਿੱਚ ਵੱਖ ਵੱਖ ਜਾਤਾਂ, ਧਰਮਾਂ ਨਾਲ ਸੰਬੰਧਤ 52 ਕਵੀ ਸਨ। ਕਵੀ ਦਰਬਾਰ ਦੌਰਾਨ ਧਾਰਮਿਕ ਰਚਨਾਵਾਂ ਦੀ ਸ਼ੁਰੂਆਤ ਸੁਰੀਲੇ ਰਾਗੀ ਸਿੰਘ ਤੇ ਵਿਵੇਕਸ਼ੀਲ ਨੌਜਵਾਨ ਜੱਜਵੀਰ ਸਿੰਘ ਨੇ ਸਿੱਖ ਇਤਿਹਾਸ ਦੇ ਹਵਾਲੇ ਅਤੇ ਕਵੀ ਅੱਲਾ ਯਾਰ ਖਾਂ ਦੀ ਰਚਨਾ ਸੁਣਾ ਕੇ ਕੀਤੀ। ਗਲਾਸਗੋ ਵਸਦੇ ਪ੍ਰਸਿੱਧ ਸ਼ਾਇਰ ਅਮਨਦੀਪ ਸਿੰਘ ਅਮਨ ਨੇ ਆਪਣੇ ਵਿਲੱਖਣ ਅੰਦਾਜ਼ ਵਿੱਚ ਦੋ ਰਚਨਾਵਾਂ ਰਾਹੀਂ ਹਾਜ਼ਰੀ ਲਗਵਾਈ। ਸਿੱਖ ਕੌਂਸਲ ਆਫ ਸਕਾਟਲੈਂਡ ਦੇ ਮੁੱਖ ਸੇਵਾਦਾਰ ਗੁਰਦੀਪ ਸਿੰਘ ਸਮਰਾ ਨੇ ਸੰਬੋਧਨ ਕਰਦਿਆਂ ਲੇਖਕਾਂ, ਕਵੀਜਨਾਂ ਨੂੰ ਇਤਿਹਾਸ ਸੰਬੰਧੀ ਰਚਨਾਵਾਂ ਦੀ ਰਚਨਾ ਲਈ ਪ੍ਰੇਰਿਤ ਕੀਤਾ।



ਗਾਇਕ ਕਰਮਜੀਤ ਮੀਨੀਆਂ ਨੇ ਤੂੰਬੀ ਨਾਲ ਲੇਖਕ ਭਾਗ ਸਿੰਘ ਦੀ ਰਚਨਾ ਨੂੰ ਪੇਸ਼ ਕਰਕੇ ਮਾਹੌਲ ਵੈਰਾਗਮਈ ਕਰ ਦਿੱਤਾ। ਸ਼ਾਇਰ ਗਿੱਲ ਦੋਦਾ ਗਲਾਸਗੋ ਵੱਲੋਂ ਆਪਣੀ ਰਚਨਾ 'ਹੇ ਦਸ਼ਮੇਸ਼ ਪਿਤਾ- ਹੇ ਸਰਬੰਸ ਦਾਨੀਆਂ' ਰਾਹੀਂ ਪੁਖ਼ਤਾ ਹਾਜ਼ਰੀ ਲਗਵਾਈ। ਲੀਡਰ ਸਾਬ੍ਹ ਵੱਲੋਂ ਵੀ ਆਪਣੀ ਰਚਨਾ ਰਾਹੀਂ ਵੀ ਛੋਟੇ ਸਾਹਿਬਜ਼ਾਦਿਆਂ ਨੂੰ ਪ੍ਰਣਾਮ ਕਿਹਾ ਗਿਆ।

ਇਸ ਸਮੇਂ ਸੁਲੱਖਣ ਸਿੰਘ, ਬਾਬਾ ਬੁੱਢਾ ਦਲ ਗਲਾਸਗੋ ਵੱਲੋਂ ਹਰਜੀਤ ਸਿੰਘ ਖਹਿਰਾ, ਦਲਬਾਰਾ ਸਿੰਘ ਗਿੱਲ, ਗੁਰਦਿਆਲ ਸਿੰਘ, ਗੁਰਨਾਮ ਸਿੰਘ ਧਾਮੀ, ਸੁਖਦੇਵ ਸਿੰਘ ਰਾਹੀ, ਹਾਕਮ ਸਿੰਘ ਸਿੱਧੂ, ਸੰਤੋਖ ਸਿੰਘ ਸੋਹਲ, ਗੁਰਮੀਤ ਸਿੰਘ ਸਿੱਧੂ ਆਦਿ ਸਮੇਤ ਭਾਈਚਾਰੇ ਦੀਆਂ ਸਖਸੀਅਤਾਂ ਹਾਜ਼ਰ ਸਨ। ਸਮਾਗਮ ਦੀ ਸਮਾਪਤੀ ਮੌਕੇ ਸੰਸਥਾ ਯੂਕੇ ਦੇ ਮੁੱਖ ਬੁਲਾਰੇ ਹਰਪਾਲ ਸਿੰਘ ਤੇ ਕਵਲਦੀਪ ਸਿੰਘ ਵੱਲੋਂ ਆਈਆਂ ਸੰਗਤਾਂ ਅਤੇ ਕਵੀਜਨਾਂ ਦੇ ਨਾਲ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੀ ਟੀ ਸੀ ਪੰਜਾਬੀ ਯੂਕੇ ਤੇ ਪੰਜ ਦਰਿਆ ਯੂਕੇ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਸਮਾਗਮ ਦੌਰਾਨ ਮੰਚ ਸੰਚਾਲਕ ਦੇ ਫ਼ਰਜ਼ ਮਨਦੀਪ ਖੁਰਮੀ ਹਿੰਮਤਪੁਰਾ ਨੇ ਨਿਭਾਏ।

# ਬੀਕੇਯੂ-ਏਕਤਾ (ਡਕੌਂਦਾ) ਵੱਲੋਂ ਕਿਸਾਨ-ਅੰਦੋਲਨ ਨੂੰ ਸਿਲੇਬਸਾਂ ਦਾ ਹਿੱਸਾ ਬਣਾਏ ਜਾਣ ਦੀ ਮੰਗ ਦੀ ਹਮਾਇਤ

**ਚੰਡੀਗੜ੍ਹ (ਦਲਜੀਤ ਕੌਰ) –** ਭਾਰਤੀ ਕਿਸਾਨ ਯੂਨੀਅਨ-ਏਕਤਾ(ਡਕੌਂਦਾ) ਵੱਲੋਂ ਇਤਿਹਾਸਕ ਕਿਸਾਨ ਅੰਦੋਲਨ ਨੂੰ ਵਿਦਿਆਰਥੀਆਂ ਦੇ ਸਿਲੇਬਸਾਂ ਦਾ ਹਿੱਸਾ ਬਣਾਏ ਜਾਣ ਦੀ ਮੰਗ ਦੀ ਜ਼ੋਰਦਾਰ ਹਮਾਇਤ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਬੂਟਾ ਸਿੰਘ ਬੁਰਜ਼ਗਿੱਲ, ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ, ਸੀਨੀਅਰ ਮੀਤ ਪ੍ਰਧਾਨ



ਮਨਜੀਤ ਸਿੰਘ ਧਨੇਰ, ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਗੁਰਮੀਤ ਸਿੰਘ ਭੱਟੀਵਾਲ, ਦਰਸ਼ਨ ਸਿੰਘ ਰਾਏਸਰ, ਵਿੱਤ ਸਕੱਤਰ ਰਾਮ ਸਿੰਘ ਮਟੋਰੜਾ, ਪ੍ਰੈਸ ਸਕੱਤਰ ਬਲਵੰਤ ਸਿੰਘ ਉੱਪਲੀ ਅਤੇ ਵਿਸ਼ੇਸ਼ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ ਨੇ ਕਿਹਾ ਕਿ ਬੀਕੇਯੂ-ਏਕਤਾ (ਡਕੌਂਦਾ) ਨੇ ਹੀ ਇਸ ਮੰਗ ਦੀ ਸ਼ੁਰੂਆਤ ਕੀਤੀ ਸੀ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਧਿਆਪਕ ਜਥੇਬੰਦੀ ਨੂੰ ਦਿੱਤੇ ਭਰੋਸਾ ਸਦਕਾ ਇਹ ਉਮੀਦ ਬਣੀ ਹੈ ਕਿ ਵਿਦਿਆਰਥੀਆਂ ਨੂੰ ਪ੍ਰੇਰਣਾ ਦੇਣ ਵਾਲਾ ਇਤਿਹਾਸਕ ਅੰਦੋਲਨ ਪੜ੍ਹਾਏ ਜਾਣ ਦੀ ਉਮੀਦ ਬਣੀ ਹੈ।

ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਜਥੇਬੰਦੀ ਵੱਲੋਂ ਜ਼ੀਰਾ 'ਚ ਸ਼ਰਾਬ ਫੈਕਟਰੀ ਬੰਦ ਕਰਵਾਉਣ ਲਈ ਲਾਏ ਸਾਂਝੇ ਮੋਰਚੇ 'ਚ ਸ਼ਮੂਲੀਅਤ ਲਗਾਤਾਰ ਜਾਰੀ ਹੈ। ਜ਼ੀਰੇ ਸਾਂਝੇ ਮੋਰਚੇ ਲਈ ਹਰ ਰੋਜ਼ ਦਰਜ਼ਨਾਂ ਪਿੰਡਾਂ ਤੋਂ ਕਿਸਾਨ ਰਵਾਨਾ ਹੋ ਰਹੇ ਹਨ। 28 ਦਸੰਬਰ ਨੂੰ ਸੰਗਰੂਰ, 29 ਦਸੰਬਰ ਨੂੰ ਲੁਧਿਆਣਾ, 30 ਦਸੰਬਰ ਨੂੰ ਪਟਿਆਲਾ ਅਤੇ 31 ਦਸੰਬਰ ਨੂੰ ਮਲੇਰਕੋਟਲਾ ਅਤੇ ਮੋਗਾ ਜਿਲ੍ਹਿਆਂ ਦੇ ਕਾਫ਼ਲੇ ਸ਼ਮੂਲੀਅਤ ਕਰਨਗੇ। ਜ਼ੀਰਾ ਸਾਂਝੇ ਮੋਰਚੇ ਲਈ ਸੰਘਰਸ਼ ਕਰਦੇ ਕਿਸਾਨਾਂ ਦੀ ਰਿਹਾਈ ਨੂੰ ਏਕੇ ਅਤੇ ਲੋਕ ਸੰਘਰਸ਼ ਦੀ ਜਿੱਤ ਕਰਾਰ ਦਿੱਤਾ ਹੈ। ਉਹਨਾਂ ਕਿਹਾ ਕਿ ਲੋਕਾਂ ਦੇ ਏਕੇ ਨੇ ਧਰਨਾ ਚੁਕਵਾਉਣ ਦੀਆਂ ਕੋਸ਼ਿਸ਼ਾਂ ਨੂੰ ਅਸਫਲ ਕੀਤਾ ਅਤੇ ਗ੍ਰਿਫਤਾਰ ਕਿਸਾਨਾਂ ਅਤੇ ਇੱਕ ਔਰਤ ਨੂੰ ਫ਼ਿਰੋਜ਼ਪੁਰ ਜੇਲ੍ਹ ਵਿੱਚੋਂ ਰਿਹਾਅ ਲੋਕ-ਸੰਘਰਸ਼ ਦੀ ਜਿੱਤ ਹੈ।

# ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਬਲੀਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ: ਅਸ਼ਵਨੀ ਸ਼ਰਮਾ

**ਚੰਡੀਗੜ–** ਧਰਮ ਦੀ ਰੱਖਿਆ ਲਈ ਛੋਟੀ ਉਮਰ ਵਿੱਚ ਆਪਣਾ ਬਲੀਦਾਨ ਦੇਣ ਵਾਲੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੀ ਲਸਾਨੀ ਸ਼ਹਾਦਤ ਨੂੰ ਸਮਰਪਿਤ "ਵੀਰ ਬਾਲ ਦਿਵਸ" ਦੇ ਮੌਕੇ ‘ਤੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗੁਵਾਈ ਹੇਠ ਕਈ ਸੀਨੀਅਰ ਭਾਜਪਾ ਨੇਤਾ ਅਤੇ ਸੈਕੜੇ ਵਰਕਰਾਂ ਨੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਪੁੱਜ ਕੇ ਗੁਰੂ ਚਰਨਾਂ ਵਿੱਚ ਮੱਥਾ ਟੇਕਿਆ ਅਤੇ ਗੁਰੂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਭਾਜਪਾ ਆਗੂਆਂ ਨੇ ਦੇਸ਼ ਅਤੇ ਪੰਜਾਬ ਦੀ ਭਲਾਈ ਲਈ ਅਰਦਾਸ ਕੀਤੀ।

ਅਸ਼ਵਨੀ ਸ਼ਰਮਾ ਨੇ ਇਸ ਮੌਕੇ ਗੱਲ ਕਰਦਿਆਂ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ ਅਤੇ ਬਲੀਦਾਨੀਆਂ ਦੀ ਧਰਤੀ ਹੈ ਅਤੇ ਇਹਨਾ ਵਿਚੋਂ ਸਭ ਤੋਂ ਵਧ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੀ ਐਸੀ ਲਾਸਾਨੀ ਸ਼ਹਾਦਤ ਹੈ ਜਿਸ ਨੂੰ ਸੁਣ ਕੇ ਹੀ ਸਰੀਰ ਦਾ ਰੋਮ-ਰੋਮ ਖੜਾ ਹੋ ਜਾਂਦਾ ਹੈ। ਅੱਜ ਉਹਨਾਂ ਦੀ ਲਾਸਾਨੀ ਸਹਾਦਤ ਨੂੰ ਸਮਰਪਿਤ ਵੀਰ ਬਾਲ ਦਿਵਸ ਮੌਕੇ ਪੰਜਾਬ ਭਾਜਪਾ ਵੱਲੋਂ ਸੂਬੇ ਦੇ 400 ਬਲਾਕਾਂ ਵਿੱਚ ਸਮਾਗਮ ਕਰਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਨਮਨ ਕੀਤਾ ਗਿਆ ਹੈ। ਇਸੇ ਤਹਿਤ ਅੱਜ ਭਾਜਪਾ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਅਤੇ ਵਰਕਰ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਵਿੱਚ ਨਤਮਸਤਕ ਹੋਣ ਪੁੱਜੇ ਹਨ। ਉਹਨਾ ਕਿਹਾ ਕਿ ਦੁਨੀਆਂ ਅੰਦਰ ਅਜਿਹੀ ਉਦਹਾਰਣ ਕੀਤੇ ਨਹੀਂ ਹੈ ਕਿ ਕੌਮ,ਧਰਮ ਅਤੇ ਦੇਸ਼ ਲਈ ਆਪਣਾ ਸਰਬੰਸ਼ ਵਾਰ ਦਿੱਤਾ ਹੋਵੇ।



ਅਸ਼ਵਨੀ ਸ਼ਰਮਾ ਨੇ ਕਿਹਾ ਕਿ ਸਾਹਿਬਜਾਦਿਆਂ ਦਾ ਬਲੀਦਾਨ ਰਹਿੰਦੀ ਦੁਨੀਆ ਤੱਕ ਹਮੇਸ਼ਾਂ ਯਾਦ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਤਿਹਾਸ ਦੇ ਪੰਨਿਆਂ ’ਤੇ ਸੁਨਹਿਰੇ ਅੱਖਰਾਂ ਵਿੱਚ ਲਿਖੇ ਇਨ੍ਹਾਂ ਲਾਸਾਨੀ ਸ਼ਹਾਦਤਾਂ ਦੇ ਬਿਰਤਾਂਤ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਉਹਨਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਦੇਸ਼ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੇ ਬਲੀਦਾਨ ਨੂੰ ਹਮੇਸ਼ਾ ਯਾਦ ਰੱਖੇਗਾ।

ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਅੱਜ ਵੀਰ ਬਾਲ ਦਿਵਸ ਵਜੋਂ ਮਨਾਉਣ ਨਾਲ ਉਹਨਾਂ ਦੀ ਸ਼ਹਾਦਤ ਬਾਰੇ ਆਉਣ ਵਾਲਿਆਂ ਨਸਲਾਂ ਨੂੰ ਜਿਥੇ ਜਾਣਕਾਰੀ ਮਿਲੇਗੀ, ਉਥੇ ਹੀ ਉਹਨਾਂ ਦੀ ਸਹਾਦਤ ‘ਤੋ ਸੇਧ ਲੈ ਕੇ ਨੌਜਵਾਨ ਧਰਮ ਅਤੇ ਦੇਸ਼ ਦੀ ਰਖਿਆ ਲਈ ਵੀ ਆਪਣੇ ਫਰਜ ਬਾਰੇ ਵੀ ਜਾਗਰੂਕ ਹੋਣਗੇ। ਉਹਨਾਂ ਸਾਰੀਆਂ ਨੂੰ ਛੋਟੇ ਸਾਹਿਬਜਾਦਿਆਂ ਵਲੋਂ ਦਰ੍ਸ਼ਾਏ ਰਸਤੇ ‘ਤੇ ਚੱਲ ਕੇ ਧਰਮ ਅਤੇ ਦੇਸ਼ ਦੀ ਸੇਵਾ ਲਈ ਅੱਗੇ ਆਉਣ ਦਾ ਸੱਦਾ ਵੀ ਦਿਤੀ।

ਇਸ ਮੌਕੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨਾਲ, ਸੰਗਠਨ ਮੰਤਰੀ ਸ੍ਰੀਮੰਥਰੀ ਸ੍ਰੀਨਿਵਾਸ਼ਲੂ, ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਗੁਰਪ੍ਰੀਤ ਸਿੰਘ ਕਾਂਗੜ, ਸੂਬਾ ਪ੍ਰਧਾਨ ਬੀ ਜੇ ਪੀ ਕਿਸਾਨ ਮੋਰਚਾ ਦਰਸ਼ਨ ਸਿੰਘ ਨੈਣੇਵਾਲ, ਸੂਬਾ ਪ੍ਰਧਾਨ ਐਸ ਸੀ ਮੋਰਚਾ ਐਸ ਆਰ ਲੱਧੜ, ਯੁਵਾ ਮੋਰਚਾ ਪੰਜਾਬ ਦੇ ਪ੍ਰਧਾਨ ਕਨਵਰਵੀਰ ਸਿੰਘ ਟੋਹੜਾ, ਗੁਰਦੇਵ ਸ਼ਰਮਾ ਦੇਬੀ, ਕੇਵਲ ਸਿੰਘ ਢਿੱਲੋਂ, ਜੈ ਇੰਦਰ ਕੌਰ, ਸੁਖਵਿੰਦਰ ਗੋਲਡੀ, ਦਮਨ ਬਾਜਵਾ ਤੋ ਇਲਾਵਾ ਪੰਜਾਬ ਭਾਜਪਾ ਦੀ ਸਮੁੱਚੀ ਲੀਡਰਸ਼ਿਪ ਅਤੇ ਸੈਕੜੇਂ ਵਰਕਰਾਂ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਨਮਨ ਕੀਤਾ।

# ਪੰਜਵੇਂ ਪੜਾਅ ‘ਚ ਭਾਰਤ ਜੋੜੋ ਯਾਤਰਾ ਦਾ ਫਗਵਾੜਾ ਵਿਖੇ ਹੋਵੇਗਾ ਠਹਿਰਾਓ : ਧਾਲੀਵਾਲ

## ਪੰਜਾਬ ਪ੍ਰਧਾਨ ਰਾਜਾ ਵੜਿੰਗ ਅਤੇ ਇੰਚਾਰਜ ਹਰੀਸ਼ ਚੌਧਰੀ ਨਾਲ ਮੀਟਿੰਗ





**ਫਗਵਾੜਾ 27 ਦਸੰਬਰ (ਬੀ.ਕੇ.ਰੱਤੂ)** ਭਾਰਤ ਜੋੜੋ ਯਾਤਰਾ ਦੀ ਪੰਜਾਬ ਆਮਦ ਅਤੇ ਲੁਧਿਆਣਾ ਤੋਂ ਜਲੰਧਰ ਦੇ ਰਸਤੇ ‘ਚ ਸਵਾਗਤ ਦੀਆਂ ਤਿਆਰੀਆਂ ਨੂੰ ਲੈ ਕੇ ਪਾਰਟੀ ਹਾਈਕਮਾਂਡ ਵਲੋਂ ਗਠਿਤ ਮਨੀਟਰਿੰਗ ਕਮੇਟੀ ਦੇ ਇੰਚਾਰਜ ਰਾਣਾ ਗੁਰਜੀਤ ਸਿੰਘ ਵਿਧਾਇਕ ਕਪੂਰਥਲਾ, ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ ਜਲੰਧਰ, ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਅਤੇ ਜਲੰਧਰ ਛਾਉਣੀ ਤੋਂ ਵਿਧਾਇਕ ਪਰਗਟ ਸਿੰਘ ਦੀ ਸਾਂਝੀ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਅਹੁਦੇਦਾਰਾਂ ਦਾ ਇੱਕ ਵਫ਼ਦ ਪੰਜਾਬ ਕਾਂਗਰਸ ਪ੍ਰਧਾਨ ਨੂੰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਇੰਚਾਰਜ ਹਰੀਸ਼ ਚੌਧਰੀ ਨੂੰ ਚੰਡੀਗੜ੍ਹ ਦੇ ਕਾਂਗਰਸ ਭਵਨ ਵਿਖੇ ਮਿਲਿਆ। ਇਸ ਦੌਰਾਨ ਭਾਰਤ ਜੋੜੋ ਯਾਤਰਾ ਦੇ ਸ਼ਾਨਦਾਰ ਸਵਾਗਤ ਸਬੰਧੀ ਡੂੰਘਾਈ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਵਿਧਾਇਕ ਧਾਲੀਵਾਲ ਨੇ ਦੱਸਿਆ ਕਿ ਰਾਹੁਲ ਗਾਂਧੀ ਦੀ ਅਗਵਾਈ ਹੇਠ 3 ਜਨਵਰੀ ਤੋਂ ਭਾਰਤ ਜੋੜੋ ਯਾਤਰਾ ਦਾ ਦੂਜਾ ਪੜਾਅ ਸ਼ੁਰੂ ਹੋ ਰਿਹਾ ਹੈ। ਸੰਭਾਵੀ ਤੌਰ ’ਤੇ 7 ਜਨਵਰੀ ਨੂੰ ਇਹ ਯਾਤਰਾ ਹਰਿਆਣਾ ਦੇ ਰਸਤੇ ਪੰਜਾਬ ’ਚ ਪ੍ਰਵੇਸ਼ ਕਰੇਗੀ। ਜਿਸ ਤੋਂ ਬਾਅਦ ਪੰਜਵੇ ਪੜਾਅ ਹੇਠ ਫਿਲੌਰ ਪਹੁੰਚਣ ’ਤੇ ਯਾਤਰਾ ਦਾ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ ਅਤੇ ਸ਼ਾਮ ਨੂੰ ਜ਼ਿਲ੍ਹਾ ਕਪੂਰਥਲਾ ਦੀ ਸਮੁੱਚੀ ਕਾਂਗਰਸ ਟੀਮ ਫਗਵਾੜਾ ’ਚ ਯਾਤਰਾ ਦਾ ਨਿੱਘਾ ਸਵਾਗਤ ਕਰੇਗੀ। ਉਨ੍ਹਾਂ ਦੱਸਿਆ ਕਿ ਪੰਜਵੇਂ ਪੜਾਅ ਵਿੱਚ ਭਾਰਤ ਜੋੜੋ ਯਾਤਰਾ ਫਗਵਾੜਾ ਵਿਖੇ ਰਾਤ ਵਿਸ਼ਰਾਮ ਕਰਕੇ ਅਗਲੀ ਸਵੇਰ ਜਲੰਧਰ ਲਈ ਰਵਾਨਾ ਹੋਵੇਗਾ।

ਵਫ਼ਦ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਐਸ.ਸੀ. ਵਿਭਾਗ ਦੇ ਚੇਅਰਮੈਨ ਡਾ: ਕੁਲਦੀਪ ਵੈਦਿਆ, ਡੈਲੀਗੇਟ ਮੈਂਬਰ ਤੇ ਕੋਆਰਡੀਨੇਟਰ ਫਿਲੌਰ ਗੁਰਜੀਤ ਪਾਲ ਵਾਲੀਆ, ਡਾ: ਮਨਜੀਤ ਸਿੰਘ ਸਰੋਆ ਕੋਆਰਡੀਨੇਟਰ ਫਗਵਾੜਾ, ਰਾਣਾ ਰੰਧਾਵਾ ਕੋਆਰਡੀਨੇਟਰ ਆਤਮਾ ਨਗਰ ਲੁਧਿਆਣਾ, ਜ਼ਿਲ੍ਹਾ ਨਵਾਂਸ਼ਹਿਰ ਦੇ ਪ੍ਰਧਾਨ ਅਜੇ ਮੰਗੂਪੁਰ, ਰਮੇਸ਼ ਜੋਸ਼ੀ ਕੋਆਰਡੀਨੇਟਰ ਬੰਗਾ, ਵਿਪਨ ਤਨੇਜਾ ਕੋਆਰਡੀਨੇਟਰ ਨਕੋਦਰ ਵੀ ਹਾਜ਼ਰ ਸਨ।





ਕੈਨਕਸ (ਮੈਕਸੀਕੋ ਵਿਖੇ 24 ਦਸੰਬਰ ਤੋਂ 3 ਜਨਵਰੀ 2023 ਤੱਕ ਕ੍ਰਿਸਮਿਸ ਮਨਾਈ ਜਾ ਰਹੀ ਹੈ। – ਸੁਖਚੈਨ ਸਿੰਘ


# “ਦੇਸ਼ ਦੁਆਬਾ”

## ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


# ਮੁਰਗੀਆਂ ਨੂੰ ਪਿੰਜਰਿਆਂ ਵਿਚ ਕੈਦ ਕਰ ਅੰਡਿਆਂ ਦਾ ਉਤਪਾਦਨ ਗੈਰ ਕਾਨੂੰਨੀ-ਨਹੀਂ ਲੱਭਦੇ ਅੰਡੇ

**ਔਕਲੈਂਡ (ਰਜਿੰਦਰ ਸਿੰਘ ਬਸਿਆਲਾ)–** ਪਸ਼ੂ-ਪੰਛੀਆਂ ਦਾ ਵੀ ਆਪਣਾ ਜੀਵਨ ਹੈ, ਕੀ ਹੋਇਆ ਜੇਕਰ ਉਹ ਬੇਜ਼ੁਬਾਨੇ ਹਨ, ਉਨ੍ਹਾਂ ਨੂੰ ਵੀ ਆਜ਼ਾਦ ਤੌਰ ਉਤੇ ਜ਼ਿੰਦਗੀ ਜੀਉਣ ਦਾ ਹੱਕ ਹੋਣਾ ਚਾਹੀਦਾ ਹੈ। ਨਿਊਜ਼ੀਲੈਂਡ ਦੀ ਸੰਸਥਾ ‘ਸੇਫ ਫਾਰ ਐਨੀਮਲਜ਼’ ਅਜਿਹੇ ਬਹੁਤ ਸਾਰੇ ਕਾਰਜ ਕਰ ਰਹੀ ਹੈ ਜਿੱਥੇ ਜਾਨਵਰਾਂ ਅਤੇ ਪਸ਼ੂਆਂ ਦੀ ਭਲਾਈ ਵਾਸਤੇ ਕੰਮ ਕੀਤੇ ਜਾਂਦੇ ਹਨ। ਨਿਊਜ਼ੀਲੈਂਡ ਸਰਕਾਰ ਨੇ 2012 ਦੇ ਵਿਚ ਐਲਾਨ ਕੀਤਾ ਸੀ ਕਿ ਮੁਰਗੀਆਂ ਦੇ ਅੰਡਿਆਂ ਲਈ ਮੁਰਗੀਆਂ ਨੂੰ ਤੰਗ ਪਿੰਜ-ਰਆਂ ਦੇ ਵਿਚ ਨਾ ਰੱਖਿਆ ਜਾਵੇ। ਇਸ ਸਾਲ ਦੇ ਅੰਤ ਤੱਕ ਦਾ ਸਮਾਂ ਸੀ ਤਾਂ ਕਿ ਇਸਦੇ ਬਦਲਵੇਂ ਪ੍ਰਬੰਧ ਹੋ ਜਾਣ। ਹੁਣ 31 ਦਸੰਬਰ ਤੋਂ ਬਾਅਦ ਜਿਹੜੇ ਦੁਕਾਨਦਾਰ ਪਿੰਜਰੇ ਵਾਲੇ ਅੰਡੇ ਵੇਚਦੇ ਸਨ, ਉਹ ਨਹੀਂ ਵੇਚ ਸਕਣਗੇ। ਇਸਦੇ ਬਦਲ ਵਿਚ ਅਜੇ ਸਰਕਾਰ ਨੇ ਕਿਹਾ ਹੈ ਕਿ ਮੁਰਗੀਆਂ ਦੇ ਛੋਟੇ-ਛੋਟੇ ਝੁੰਡ ਬਣਾਏ ਜਾ ਸਕਦੇ ਹਨ ਜਿਸ ਦੇ ਵਿਚ 60 ਮੁਰਗੀਆਂ ਹੋ ਸਕਦੀਆਂ ਹਨ। ਇਨ੍ਹਾਂ ਦੇ ਜੀਵਨ ਨਿ-ਰਬਾਹ ਲਈ ਕਈ ਹੋਰ ਸਹੂਲਤਾਂ ਮੁਰਗੀਆਂ ਦੇ ਪਿੰਡ (ਕਲੋਨੀ ਕੇਜ਼) ਦੇ ਵਿਚ ਸ਼ਾਮਿਲ ਕਰਨੀਆਂ ਹੋਣਗੀਆਂ। ਇਥੋਂ ਤੱਕ ਮੁਰ-ਗੀਆਂ ਦੇ ਪੰਜੇ ਰੱਖਣ ਵਾਸਤੇ ਰਬੜ ਦੇ ਮੈਟ ਅਤੇ ਫਰ ਖਿਲ-ਾਰਨ ਵਾਸਤੇ ਲੋੜੀਂਦੀ ਥਾਂ ਦੇਣ ਦੀ ਸਹੂਲਤ ਰੱਖੀ ਜਾਵੇਗੀ। ਇਕ ਮੁਰਗੀ ਦੇ ਲਈ ਲਗਪਗ ਏ-4 ਕਾਗਜ਼ ਆਕਾਰ ਦੀ ਥਾਂ ( 750 ਵਰਗ ਸੈਂਟੀਮੀਟਰ) ਲਾਜ਼ਮੀ ਹੋਵੇਗੀ। 2027 ਦੇ ਵਿਚ ਇਹ ਪ੍ਰਣਾਲੀ ਵੀ ਖਤਮ ਹੋ ਜਾਵੇਗੀ ਅਤੇ ਸਿਰਫ ਖੁੱਲ੍ਹੇ ਥਾਵਾਂ




ਵਿਚ ਰੱਖੀਆਂ ਮੁਰਗੀਆਂ ਦੇ ਅੰਡੇ ਹੀ ਵੇਚੇ ਜਾ ਸਕਣਗੇ। ਨਿ-ਊਜ਼ੀਲੈਂਡ ਦੇ ਵਿਚ ਇਸ ਵੇਲੇ 39 ਲੱਖ 40 ਹਜ਼ਾਰ ਮੁਰਗੀਆਂ ਹਨ ਜਿਨ੍ਹਾਂ ਵਿਚੋਂ ਲਗਪਗ 27 ਲੱਖ 40 ਹਜ਼ਾਰ ਮੁਰਗੀਆਂ ਪਿੰਜਰੇ ਵਿਚ ਹੀ ਆਪਣਾ ਜੀਵਨ ਗੁਜ਼ਾਰ ਦਿੰਦੀਆਂ ਹਨ। ਇਥੋਂ ਤੱਕ ਕਿ ਆਪਣੇ ਫਰ (ਪੰਖ) ਵੀ ਨਹੀਂ ਖਿਲਾਰ ਸਕਦੀਆਂ। ਅਜਿਹੇ ਨਿਯਮਾਂ ਦੇ ਪਰਿਵਰਤਨ ਦੇ ਚਲਦਿਆਂ ਨਿਊਜ਼ੀਲੈਂਡ ਦੇ ਵਿਚ ਅੰਡਿਆ ਦਾ ਕਾਲ ਪੈ ਚੁੱਕਾ ਹੈ। ਜਿਹੜੀ ਟ੍ਰੇਅ 6-7 ਡਾਲਰ ਦੀ ਆਉਂਦੀ ਸੀ, ਉਹ 20 ਡਾਲਰ ਤੱਕ ਵਿਕ ਚੁੱਕੀ ਹੈ। ਵੱਡੀਆਂ-ਵੱਡੀਆਂ ਸੁਪਰ ਮਾਰਕੀਟਾਂ ਦੇ ਵਿਚ ਵੀ ਅੰਡੇ ਖਤਮ ਹੋ ਗਏ ਹਨ।

## ਨਵਾਂ ਵਰ੍ਹਾ ਮੁਬਾਰਕ !

# ਨਵੇਂ ਵਰ੍ਹੇ ਦਿਆ ਸੂਰਜਾ, ਲੈ ਆਵੀਂ ਖ਼ੁਸ਼ੀਆਂ ਖੇੜ੍ਹੇ

## ਸੁਹਿਰਦ ਪਾਠਕਾਂ, ਸ਼ੁੱਭਚਿੰਤਕਾਂ, ਸੱਜਣਾਂ-ਮਿੱਤਰਾਂ ਤੇ ਸਾਕ ਸਬੰਧੀਆਂ ਦੇ ਨਾਂ 'ਤੇ



ਸੰਤੋਖ ਸਿੰਘ ਜੱਸੀ
91-70876-19800

ਦੁਨੀਆਂ ਵਿੱਚ ਪ੍ਰਚਲਿਤ ਈਸਵੀ ਕੈਲੰਡਰ ਮੁਤਾਬਿਕ ਹਰ ਸਾਲ ਪਹਿਲੀ ਜਨਵਰੀ ਨੂੰ ਨਵੇਂ ਸਾਲ ਦਾ ਆਗਾਜ਼ ਹੁੰਦਾ ਹੈ। ਹਰ ਨਵਾਂ ਵਰ੍ਹਾ ਇੱਕ ਕੋਰੇ ਕਾਗਜ਼ ਵਾਂਗ ਹੁੰਦਾ ਹੈ। ਜਿਸ 'ਤੇ ਨਵੀਂ ਇਬਾਰਤ ਲਿਖੀ ਜਾਣੀ ਹੁੰਦੀ ਹੈ। ਨਵਾਂ ਵਰ੍ਹਾ ਮਨਾਉਣਾ ਮਨੁੱਖ ਦੀ ਆਪਣੀ ਸਵੈ-ਕਾਢ ਹੈ। ਚੱਲ ਰਹੇ ਸਾਲ ਦੇ ਬੀਤਣ 'ਤੇ ਅਲਵਿਦਾ ਤੇ ਨਵਾਂ ਵਰ੍ਹਾ ਆਉਣ 'ਤੇ ਨਵੀਂ ਵਿਆਹੀ ਦੇ ਘਰ ਆਉਣ ਵਰਗਾ ਚਾਅ ਕੀਤਾ ਜਾਂਦਾ ਹੈ। ਇਹ ਦੁਨੀਆਂ ਦਾ ਇੱਕ ਅਜਿਹਾ ਵੱਡਾ ਤਿਉਹਾਰ ਹੋ ਨਿੱਬੜਿਆ ਹੈ। ਜਿਸ ਨੂੰ ਲੋਕ ਆਪੋ-ਆਪਣੇ ਢੰਗ ਤਰੀਕਿਆਂ ਨਾਲ ਮਨਾ ਕੇ ਖ਼ੁਸ਼ੀ ਦਾ ਇਜ਼ਹਾਰ ਕਰਦੇ ਹਨ। ਨਵੇਂ ਵਰ੍ਹੇ ਨੂੰ ਖ਼ੁਸ਼ਆਮਦੀਦ, ਜੀ ਆਇਆਂ ਨੂੰ ਆਖ ਕੇ ਸਵਾਗਤ ਕੀਤਾ ਜਾਂਦਾ ਹੈ ਅਤੇ ਬੀਤ ਰਹੇ ਸਾਲ ਨੂੰ ਅਲਵਿਦਾ ਆਖਿਆ ਜਾਂਦਾ ਹੈ। ਲੋਕ ਆਤਿਸ਼ਬਾਜ਼ੀ, ਪਟਾਖੇ, ਲਾਇਟਾਂ ਦੀ ਜਗਮਗ ਅਤੇ ਸੰਗੀਤ ਨਾਲ ਸੁਰਤਾਲ ਮਿਲਾ ਕੇ ਜਸ਼ਨ ਮਨਾਉਂਦੇ ਹਨ। ਬੀਤ ਰਹੇ ਸਾਲ ਵਾਰੇ ਆਤਮ-ਮੰਥਨ ਤੇ ਨਵੇਂ ਸਾਲ ਲਈ ਵਿਉਂਤਬੰਦੀਆਂ ਕੀਤੀਆਂ ਜਾਂਦੀਆਂ ਹਨ ਕਿ ਵਕਤ ਦੇ ਸਫ਼ੇ 'ਤੇ ਕਿਵੇਂ 'ਸਾਬਤੇ ਕਦਮਾਂ' ਨਾਲ ਅੱਗੇ ਵਧਣਾ ਹੈ :

ਨਵੇਂ ਵਰ੍ਹੇ ਦਿਆ ਸੂਰਜਾ, ਲੈ ਆਵੀਂ ਖ਼ੁਸ਼ੀਆਂ ਖੇੜ੍ਹੇ।

ਬੀਤੇ ਸਮੇਂ ਵਿੱਚ ਨਵੇਂ ਸਾਲ ਦੀਆਂ ਸ਼ੁੱਭ-ਇੱਛਾਵਾਂ ਵਾਲੇ ਕਾਰਡ, ਆਪਣੇ ਚਾਹੁੰਣ ਵਾਲਿਆਂ-ਸ਼ੁੱਭਚਿੰਤਕਾਂ ਅਤੇ ਸੰਗੀ ਸਾਥੀਆਂ ਨੂੰ ਭੇਜ ਕੇ ਇੱਕ-ਦੂਜੇ ਲਈ ਆਪਣੇਪਨ ਦਾ ਅਹਿਸਾਸ ਕਰਵਾਇਆ ਜਾਂਦਾ ਸੀ। ਪਰ ਵਕਤ ਦੀ ਤਬਦੀਲੀ ਇੰਟਰਨੈੱਟ ਅਤੇ ਆਧੁਨਿਕ ਤਕਨੀਕਾਂ ਦੀ ਖੋਜ ਉਪਰੰਤ ਹੁਣ ਵੱਟਸਅਪ, ਫੇਸਬੁੱਕ, ਇੰਸਟਾਗ੍ਰਾਮ, ਟਵੀਟਰ, ਸ਼ੇਅਰਚੈਟ ਆਦਿ ਰਾਹੀਂ ਸ਼ੁੱਭ-ਸੰਦੇਸ਼ ਭੇਜੇ ਜਾਂਦੇ ਹਨ। ਦੁਨੀਆਂ ਦੇ ਇਸ ਵੱਡੇ ਮੇਲੇ ਨੂੰ ਵੱਖ-ਵੱਖ ਟੈਲੀਵਿਜ਼ਨ ਚੈਨਲਾਂ 'ਤੇ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਇਹ ਇੱਕ ਅਜਿਹਾ ਤਿਉਹਾਰ ਹੈ, ਜਦੋਂ ਦੁਨੀਆਂ ਸੱਚਮੁੱਚ ਇੱਕ ਪਿੰਡ (ਗਲੋਬਲ ਵਿਲੇਜ਼) ਵਾਂਗ ਜਾਪਦੀ ਹੈ। ਉਦੋਂ ਅਸੀਂ ਸਮੇਂ ਦੇ ਸਾਜ਼ ਨਾਲ ਇੱਕਮਿੱਕ ਹੋ ਜਾਂਦੇ ਹਾਂ। ਸ਼ਾਇਦ ਇਸੇ ਲਈ ਇੱਕ ਕਹਾਵਤ ਹੈ ਕਿ ਦੁੱਖ ਵੰਡਣ ਨਾਲ ਘਟਦੇ ਹਨ ਤੇ ਖ਼ੁਸ਼ੀਆਂ ਵੰਡਣ ਨਾਲ ਦੂਣ ਸਵਾਈਆਂ ਹੋ ਜਾਂਦੀਆਂ ਹਨ।

ਨਵੇਂ ਵਰ੍ਹੇ ਸਾਲ 2023 'ਚ ਸਾਨੂੰ ਮਿਹਨਤ, ਸੰਜ਼ਮ ਤੇ ਆਤਮਵਿਸ਼ਵਾਸੀ ਹੋਣ, ਆਪਣੇ ਬਲਬੂਤੇ 'ਤੇ ਕੁੱਝ ਕਰਨ ਗੁਜ਼ਰਨ ਦੀ ਲੋੜ ਹੈ। ਕਿਉਂਕਿ 'ਜਿਹਨਾਂ ਨੇ ਸਮੇਂ ਦੀ ਹਿੱਕ 'ਤੇ ਪੈੜਾਂ ਪਾਉਣੀਆਂ ਨੇ ਉਹ ਘਿਸੇ-ਪਿਟੇ ਰਾਹਾਂ 'ਤੇ ਨਹੀਂ ਤੁਰਦੇ'। ਕਿਉਂਕਿ ਹਰ ਸਫ਼ਲ ਇਨਸਾਨ ਆਪਣੇ ਹੱਥਾਂ ਦੀਆਂ ਰੇਖਾਵਾਂ ਆਪ ਵਾਹੁੰਦਾ ਹੈ। ਇਹ ਵੀ 'ਸੱਚੋ-ਸੱਚ' ਹੈ ਕਿ ਮੰਜ਼ਿਲ 'ਤੇ ਪਹੁੰਚਣ ਲਈ ਦੀਵਾਨਗੀ ਦਾ ਹੋਣਾ ਅਤਿ ਜਰੂਰੀ ਹੈ। ਇਸ ਲਈ ਸਾਨੂੰ ਨਵੇਂ ਉਤਸ਼ਾਹ, ਨਵੀਆਂ ਸੱਧਰਾਂ ਅਤੇ ਖ਼ੁਸ਼ਹਾਲੀ ਦੀ ਕਾਮਨਾ ਕਰਦਿਆਂ ਇਸ ਘੁੱਗ ਵਸਦੇ ਸੰਸਾਰ ਦੇ ਲੋਕਾਂ ਦੀ ਜ਼ਿੰਦਗੀ ਵਿੱਚ ਤਰੱਕੀ ਦੀਆਂ ਪੁਲਾਂਘਾ ਪੁੱਟਣ ਦਾ ਇੱਕ ਹੋਰ ਮੌਕਾ ਸਾਡੇ ਬੂਹੇ ਦਸਤਕ ਦੇ ਰਿਹਾ ਹੈ। ਸਦੀਆਂ ਤੋਂ ਹਾਸ਼ੀਏ 'ਤੇ ਕੀਤੇ ਭਾਈਚਾਰਿਆਂ, ਜ਼ਿੰਦਗੀ 'ਚ ਦਰਦਨਾਕ ਹਾਦਸਿਆਂ ਕਾਰਨ ਪੀੜ੍ਹਾਂ ਝੱਲ ਰਹੇ ਬੇਵੱਸ, ਲਾਚਾਰ, ਕਮਜ਼ੋਰ ਲੋਕਾਂ ਦੀ ਮਦਦ ਕਰਕੇ ਅਤੇ ਉਹਨਾਂ ਵਾਸਤੇ ਜ਼ਿੰਦਗੀ ਪ੍ਰਤੀ ਦਇਆ ਦਿਖਾ ਕੇ ਉਹਨਾਂ ਨੂੰ ਵੀ ਖ਼ੁਸ਼ੀਆਂ 'ਚ ਸ਼ਾਮਿਲ ਕਰਨ ਦੀ ਕੋਸ਼ਿਸ਼ ਕਰੀਏ ਤਾਂ ਕਿ ਉਹ ਵੀ ਮਹਿਸੂਸ ਕਰਨ ਕਿ ਸਮਾਜ ਦੇ ਫ਼ਿਕਰ-ਮੰਦ ਲੋਕ ਉਹਨਾਂ ਦੇ ਦੁੱਖ-ਸੁੱਖ ਦੇ ਸਾਂਝੀਦਾਰ ਹਨ।

ਮੌਜੂਦਾ ਸਮਾਂ ਪੜ੍ਹਾਈ-ਲਿਖਾਈ, ਸੂਝ-ਬੂਝ, ਗਿਆਨਵਾਨ, ਖੋਜੀ, ਜਨੂੰਨੀ ਤੇ ਕਾਬਿਲ ਮਨੁੱਖਾਂ ਦਾ ਸਮਾਂ ਹੈ। ਇਸੇ ਲਈ ਕਿਹਾ ਗਿਆ ਹੈ ਕਿ 'ਇੱਕ ਰੋਟੀ ਘੱਟ ਖਾ ਲਿਉ, ਪਰ ਬੱਚੇ ਆਪਣੇ ਜਰੂਰ ਪੜ੍ਹਾਇਉ', ਕਿਉਂਕਿ ਅੰਗਰੇਜ਼ ਵਿਦਵਾਨ ਐਲਵਿਨ ਟੌਫ਼ਲਰ ਦਾ ਕਹਿਣਾ ਹੈ ਕਿ "21ਵੀਂ ਸਦੀ 'ਚ ਅਨਪੜ੍ਹ ਉਹਨਾਂ ਲੋਕਾਂ ਨੂੰ ਨਹੀਂ ਕਿਹਾ ਜਾਵੇਗਾ, ਜੋ ਪੜ੍ਹ, ਲਿਖ ਨਹੀਂ ਸਕਦੇ ਬਲਕਿ ਉਹਨਾਂ ਲੋਕਾਂ ਨੂੰ ਕਿਹਾ ਜਾਵੇਗਾ, ਜਿਹੜੇ ਸਿੱਖਣਾ ਨਹੀਂ ਚਾਹੁੰਦੇ, ਗਲਤ ਸਿੱਖੀਆਂ ਹੋਈਆਂ ਗੱਲਾਂ ਭੁਲਾਉਣਾ ਨਹੀਂ ਜਾਣਦੇ ਅਤੇ ਸਹੀ ਸਿੱਖਿਆ ਨੂੰ ਨਵੇਂ ਸਿਰਿਉਂ ਗ੍ਰਹਿਣ ਕਰਨਾ ਨਹੀਂ ਚਾਹੁੰਦੇ"।

ਜੇਕਰ 2022 ਵਿੱਚ ਸੰਸਾਰ ਪੱਧਰੀ ਘਟਨਾਕ੍ਰਮ ਵਾਰੇ ਗੱਲ ਕੀਤੀ ਜਾਵੇ ਤਾਂ ਦੁਨੀਆਂ ਦੇ ਸੁਪਰੀਮ ਕੰਟਰੀ ਮੰਨੇ ਜਾਂਦੇ ਰਾਸ਼ਟਰਪਤੀ ਜੋ ਬਾਇਡਨ ਨੇ ਬਤੌਰ ਅਮਰੀਕਨ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਰੂਸ ਅਤੇ ਯੂਕਰੇਨ ਦਰਮਿਆਨ ਲੰਮੇ ਸਮੇਂ ਤੋਂ ਚੱਲ ਰਹੇ ਯੁੱਧ ਨੇ ਖਿੱਤੇ ਵਿੱਚ ਅਸ਼ਾਂਤੀ ਫੈਲਾਈ ਹੋਈ ਹੈ। ਹੁਣੇ-ਹੁਣੇ ਕਤਰ ਵਿੱਚ ਫੀਫਾ ਕੱਪ ਲਈ ਅਰਜਨਟੀਨਾ ਹੱਥੋਂ ਫਰਾਂਸ ਦੀ ਹੋਈ ਹਾਰ ਅਤੇ ਖਿਡਾਰੀ ਲਿਓਨਲ ਮੈਸੀ ਨੇ ਦੁਨੀਆਂ ਭਰ ਵਿੱਚ ਰੱਝ ਕੇ ਜੱਸ ਪ੍ਰਾਪਤ ਕੀਤਾ। ਅਫ਼ਗਾਨਿਸਤਾਨ ਭਾਵੇਂ ਬੁਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ।ਰੂਸ ਅਤੇ ਅਮਰੀਕਾ ਆਦਿ ਦੇਸ਼ਾਂ ਨੂੰ ਮਾਤ ਦੇਣ ਤੋਂ ਬਾਅਦ ਆਖਿਰ ਇਸਲਾਮਿਕ ਰਾਜ ਸਥਾਪਿਤ ਹੋ ਚੁੱਕਾ ਹੈ। ਜਿੱਥੇ ਔਰਤਾਂ ਨੂੰ ਸਿੱਖਿਆ ਪੱਖੋਂ ਵਾਂਝੇ ਕੀਤਾ ਜਾ ਰਿਹਾ ਹੈ।




ਭਾਰਤ ਵਿੱਚ ਜਨਜਾਤੀ (ਆਦਿਵਾਸੀ) ਭਾਈਚਾਰੇ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਸ਼੍ਰੀਮਤੀ ਦਰੋਪਦੀ ਮੁਰਮੂ ਦਾ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਵਿੱਚ ਸਭ ਤੋਂ ਵੱਡੇ ਪਦ 'ਤੇ ਬਿਰਾਜਮਾਨ ਹੋਣਾ ਲੋਕਤੰਤਰ ਦੀ ਖ਼ੂਬਸੂਰਤੀ ਹੈ। ਰਾਸ਼ਟਰਪਤੀ ਵਲੋਂ ਦੇਸ਼ ਦੇ ਗਰੀਬਾਂ ਦਾ ਜੇਲ੍ਹਾਂ ਵਿੱਚ ਡੱਕੇ ਜਾਣ ਵਾਲੇ ਬਿਆਨ ਕਰਕੇ ਦੇਸ਼ ਦਾ ਸਿਸਟਮ ਖਾਸ ਕਰਕੇ ਨਿਆਂਇਕ ਪ੍ਰਣਾਲੀ ਵਿੱਚ ਕਾਫੀ ਉਥਲ-ਪੁਥਲ ਹੋਣ ਲੱਗੀ ਹੈ ਤੇ ਆਸ ਬੱਝਦੀ ਲੱਗਦੀ ਹੈ ਕਿ ਭਾਰਤ ਦੇ ਚੀਫ਼ ਜਸਟਿਸ ਇਸ ਵਾਰੇ ਸੰਬੰਧਿਤ ਅਦਾਲਤਾਂ ਨੂੰ ਇਸ ਦਾ ਬਾਰੀਕੀ ਨਾਲ ਨੋਟਿਸ ਲੈਣ ਲਈ ਆਦੇਸ਼ ਦੇਣਗੇ। ਦੂਜੇ ਪਾਸੇ ਭਵਿੱਖ ਦੀ ਮਹਾਨ ਖਿਡਾਰਨ (ਲੈਜ਼ੇਂਡ) ਮਿਸ ਮਨੀਸ਼ਾ ਕਲਿਆਣ ਭਾਰਤ ਦੀ ਅਜਿਹੀ ਪਹਿਲੀ ਫੁੱਟਬਾਲ ਖਿਡਾਰਨ ਹੈ, ਜਿਸ ਨੂੰ ਯੂ.ਈ.ਐੱਫ.ਏ. (ਯੂਨੀਅਨ ਆੱਫ ਯੂਰੋਪੀਅਨ ਫੁੱਟਬਾਲ ਐਸੋਸੀਏਸ਼ਨਜ਼) ਮਹਿਲਾ ਚੈਂਪੀਅਨਸ਼ਿੱਪ 'ਚ ਪਹੁੰਚਣ ਦਾ ਮਾਣ ਹਾਸਿਲ ਹੋਇਆ। ਜਿਸ ਵਾਰੇ ਭਾਰਤ ਦੇ ਪ੍ਰਸਿੱਧ ਟੈਲੀਵਿਜ਼ਨ ਪ੍ਰੋਗਰਾਮ "ਕੌਣ ਬਣੇਗਾ ਕਰੋੜਪਤੀ"ਵਿੱਚ 6 ਲੱਖ 40 ਹਜ਼ਾਰ ਦੀ ਰਾਸ਼ੀ ਲਈ ਸ਼੍ਰੀ ਅਮਿਤਾਭ ਬੱਚਨ ਵਲੋਂ ਸਵਾਲ ਪੁੱਛਿਆ ਗਿਆ ਅਤੇ ਉਸਦੀ ਖੇਡਦੀ ਦੀ ਫੋਟੋ ਵੀ ਪ੍ਰਦਰਸ਼ਿਤਕੀਤੀ ਗਈ।ਵਰਣਨਯੋਗ ਹੈ ਕਿ ਮਨੀਸ਼ਾ ਕਲਿਆਣ ਜ਼ਿਲ੍ਹਾ ਹੁਸ਼ਿਆਰਪੁਰ ਦੀ ਸਬ-ਤਹਿਸੀਲ ਮਾਹਿਲਪੁਰ ਦੇ ਨੇੜੇ ਪੈਂਦੇ ਪਿੰਡ ਮੁੱਗੋਵਾਲ ਦੇ ਇੱਕ ਅਤਿ ਗਰੀਬ ਪਰਿਵਾਰ ਦੀ ਲੜਕੀ ਹੈ। ਇਸੇ ਸਾਲ ਵਿੱਚ ਹੀ ਪਿਛਲੇ 75 ਸਾਲਾਂ ਤੋਂ ਰਾਜ ਕਰ ਰਹੀਆਂ ਰਵਾਇਤੀ ਪਾਰਟੀਆਂ ਦੀ ਥਾਂ 'ਤੇ ਨਵੀਂ ਆਮ ਆਦਮੀ ਪਾਰਟੀ ਨੇ 92 ਵਿਧਾਇਕਾਂ ਨਾਲ ਸਰਕਾਰ ਬਣਾਈ। ਲੋਕਾਂ ਵਲੋਂ ਕੀਤੇ ਬਦਲਾਅ ਕਾਰਨ ਹੁਣ ਬਿਹਤਰ ਸਹੂਲਤਾਂ, ਚੰਗੀਆਂ ਪ੍ਰਸ਼ਾਸਨਿਕ ਸੇਵਾਵਾਂ, ਭੈਅ ਮੁਕਤ ਵਾਤਾਵਰਣ ਦੀ ਜ਼ੋਰਦਾਰ ਮੰਗ ਆਪ ਮੁਹਾਰੇ ਉੱਠ ਰਹੀ ਹੈ। ਪੰਜਾਬ ਕਰਜੇ ਨਾਲ ਬੁਰੀ ਤਰ੍ਹਾਂ ਆਰਥਿਕ ਤਬਾਹੀ ਦੇ ਕੰਢੇ 'ਤੇ ਹੈ। ਮੌਜੂਦਾ ਮੁੱਖ ਮੰਤਰੀ ਸ. ਭਗਵੰਤ ਮਾਨ ਤੋਂ ਲੋਕ ਅਜਿਹੇ ਚਮਤਕਾਰ ਦੀ ਆਸ ਰੱਖੀ ਬੈਠੇ ਹਨ ਕਿ ਪੰਜਾਬ ਮੁੜ ਸੋਨੇ ਦੀ ਚਿੜੀ ਬਣ ਜਾਵੇ। ਸਿਆਸੀ ਲੋਕ ਦੇਖੋ ਤੇ ਉਡੀਕ ਕਰੋ ਦੀ ਨੀਤੀ 'ਤੇ ਚੱਲ ਰਹੇ ਹਨ। ਸਾਲ 2024 ਦੇ ਸ਼ੁਰੂ ਵਿੱਚ ਲੋਕਸਭਾ ਦੀਆਂ ਚੋਣਾਂ ਹੋਣ ਕਰਕੇ ਸਾਲ 2023 ਇੱਕ ਤਰ੍ਹਾਂ ਦਾ ਚੋਣ ਵਰ੍ਹਾ ਹੋਵੇਗਾ। ਜਿਸ ਕਰਕੇ ਕੇਂਦਰ ਤੇ ਪੰਜਾਬ ਨੂੰ ਲੋਕ ਭਲਾਈ ਸਕੀਮਾਂ ਦਾ ਲਾਭ ਦੇਣਾ ਹੁਕਮਰਾਨ ਪਾਰਟੀਆਂ ਦੀ ਮਜਬੂਰੀ ਹੋਵੇਗੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਕਰੀਬ 25 ਸਾਲ ਬਾਅਦ ਬਹੁਜਨ ਸਮਾਜ ਪਾਰਟੀ ਆਪਣਾ ਇੱਕ ਵਿਧਾਇਕ ਡਾ. ਨਛੱਤਰ ਪਾਲ ਨੂੰ ਜਿਤਾ ਕੇ ਪੰਜਾਬ ਵਿਧਾਨ ਸਭਾ ਵਿੱਚ ਪਹੁੰਚਾਉਣ ਵਿੱਚ ਸਫ਼ਲ ਹੋਈ ਹੈ।

ਸਾਲ 2023 ਉਹਨਾਂ ਲੋਕਾਂ ਨੂੰ ਸਮਰਪਿਤ ਹੋਵੇਗਾ ਜਿਹੜੇ ਜ਼ਿੰਦਗੀ ਵਿੱਚ ਨਿਰਾਸ਼ਾ ਤੋਂ ਆਸ਼ਾ ਦੇ ਸਫ਼ਰ ਦੇ ਦਰਵਾਜੇ 'ਤੇ ਦਸਤਕ ਦੇਣਗੇ। ਜਿਵੇਂ :-

* ਜ਼ਿੰਦਗੀ ਉਹਨਾਂ ਦੀ ਹੁੰਦੀ ਹੈ, ਜਿਹਨਾਂ ਦੇ ਸੁਪਨਿਆਂ ਵਿੱਚ ਜਾਨ ਹੁੰਦੀ ਹੈ,
* ਖੰਭਾਂ ਨਾਲ ਕੁੱਝ ਨਹੀਂ ਹੁੰਦਾ, ਹੌਸਲਿਆਂ ਨਾਲ ਉਡਾਨ ਹੁੰਦੀ ਹੈ।
* ਜੋ ਹਿੰਮਤ ਵਾਲੇ ਬੰਦੇ ਨੇ, ਤਕਦੀਰ ਉਹਨਾਂ ਦੀ ਦਾਸੀ ਏ,
* ਕਿਸਮਤ ਨੂੰ ਝੂਰਦੇ ਰਹਿੰਦੇ ਆ, ਜੋ ਮਰਦ ਨਕਾਰੇ ਹੁੰਦੇ ਨੇ,
* ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ,
* ਉੱਗਣ ਵਾਲੇ ਉੱਗ ਪੈਂਦੇ ਨੇ, ਸੀਨਾ ਪਾੜ੍ਹ ਕੇ ਪੱਥਰਾਂ ਦਾ।

ਭਾਰਤ ਦਾ ਸਮੇਂ ਪ੍ਰਤੀ ਹਮੇਸ਼ਾਂ ਅਵੇਸਲਾਪਨ ਰਿਹਾ ਹੈ। ਮਿਥਿਹਾਸ ਵਿੱਚ ਸਮਾਂ ਯੁੱਗਾਂ 'ਚ ਅਤੇ ਧਰਮਾਂ ਵਿੱਚ ਸਮੇਂ ਨੂੰ ਸਦੀਆਂ 'ਚ ਨਾਪਿਆ ਜਾਂਦਾ ਰਿਹਾ ਹੈ। ਪਰ ਹੁਣ ਵਿਗਿਆਨਕ ਯੁੱਗ ਹੋਣ ਕਾਰਨ ਸਮੇਂ ਦਾ ਹਿਸਾਬ-ਕਿਤਾਬ ਸਾਲਾਂ, ਮਹੀਨਿਆਂ, ਹਫ਼ਤਿਆਂ, ਘੰਟਿਆਂ, ਸਕਿੰਟਾਂ, ਮਿਲੀ-ਸਕਿੰਟਾਂ ਤੱਕ ਰੱਖਿਆ ਜਾਂਦਾ ਹੈ। ਸਮੇਂ ਵਾਰੇ ਠੀਕ ਹੀ ਕਿਹਾ ਗਿਆ ਹੈ ਕਿ :-

* ਇੱਕ ਸਾਲ ਦੀ ਕਦਰ ਉਸ ਵਿਦਿਆਰਥੀ ਨੂੰ ਪੁੱਛੋ ਜਿਹੜਾ ਕਿਸੇ ਜਮਾਤ ਵਿੱਚੋਂ ਫੇਲ੍ਹ ਹੋ ਗਿਆ ਹੋਵੇ।
* ਇੱਕ ਮਹੀਨੇ ਦੀ ਕਦਰ ਉਸ ਮਾਂ ਤੋਂ ਪੁੱਛੋ ਜਿਸਨੇ ਕਿ ਸਮੇਂ ਤੋਂ ਪਹਿਲਾਂ ਬੱਚੇ ਨੂੰ ਜਨਮ ਦਿੱਤਾ ਹੋਵੇ।
* ਇੱਕ ਹਫ਼ਤੇ ਦੀ ਕਦਰ ਹਫ਼ਤਾਵਰ ਅਖ਼ਬਾਰ ਦੇ ਸੰਪਾਦਕ ਨੂੰ ਪੁੱਛੋ।
* ਇੱਕ ਘੰਟੇ ਦੀ ਕੀਮਤ ਉਹਨਾਂ ਪ੍ਰੇਮੀਆਂ ਤੋਂ ਪੁੱਛੋ ਜਿਹੜੇ ਕਿ ਇੱਕ-ਦੂਜੇ ਨੂੰ ਮਿਲਣ ਲਈ ਲੋਚਦੇ ਹਨ।
* ਇੱਕ ਮਿੰਟ ਦੀ ਕੀਮਤ ਉਸ ਆਦਮੀ ਤੋਂ ਪੁੱਛੋ ਜਿਹੜਾ ਕਿਸੇ ਦੁਰਘਟਨਾ ਵਿੱਚੋਂ ਬਚ ਗਿਆ ਹੋਵੇ।
* ਇੱਕ ਸਕਿੰਟ ਦੀ ਕੀਮਤ ਉਸ ਵਿਅਕਤੀ ਤੋਂ ਪੁੱਛੋ ਜਿਸਦੀ ਗੱਡੀ ਲੰਘ ਗਈ ਹੋਵੇ।

ਦੁਨੀਆਂ ਦੇ ਬਹੁਤੇ ਦੇਸ਼ਾਂ 'ਤੇ ਧਰਮਾਂ ਦਾ ਹੀ ਦਬਦਬਾ ਚੱਲਦਾ ਆ ਰਿਹਾ ਹੈ। ਈਸਾਈ ਧਰਮ (2023 ਸਾਲ),ਬੁੱਧ ਧਰਮ (2587 ਸਾਲ), ਹਿਜ਼ਰੀ ਸੰਮਤ 1445 ਸਾਲ (ਇਸਲਾਮ), ਬਿਕਰਮੀ ਸੰਮਤ 2080 ਸਾਲ (ਸਨਾਤਨ ਧਰਮ), ਨਾਨਕਸ਼ਾਹੀ 554 ਸਾਲ (ਸਿੱਖ ਧਰਮ) ਸਾਲ ਪਹਿਲਾਂ ਹੋਂਦ ਵਿੱਚ ਆ ਚੁੱਕੇ ਹਨ। ਵਿਗਿਆਨ ਨੇ ਪੂਰੀ ਦੁਨੀਆਂ ਨੂੰ 'ਗਲੋਬਲ ਪਿੰਡ' ਬਣਾ ਦਿੱਤਾ ਹੈ। ਅਸੰਭਵ ਨੂੰ ਸੰਭਵ ਬਣਾਇਆ ਜਾ ਰਿਹਾ ਹੈ ਅਤੇ ਇਹ ਪ੍ਰਕਿਰਿਆਨਿਰੰਤਰ ਜਾਰੀ ਹੈ। ਬੀਤੇ ਸਾਲ 2022 'ਚ 8760 ਘੰਟੇ, 5 ਲੱਖ 25 ਹਜਾਰ 6 ਸੌ ਮਿੰਟ ਅਤੇ 3 ਕਰੋੜ 15 ਲੱਖ 36 ਹਜਾਰ ਸਕਿੰਟ ਅਸੀਂ ਬਿਤਾ ਦਿੱਤੇ ਹਨ। ਅਸੀਂ ਇਸ ਦਾ ਕਿੰਨਾ ਕੁ ਇਸਤੇਮਾਲ ਕੀਤਾ ਜਾਂ ਬਰਬਾਦ ਕੀਤਾ। ਇਹ ਦਿਲ 'ਤੇ ਹੱਥ ਰੱਖ ਕੇ ਖੁਦ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

ਹਰ ਦਿਨ ਸਾਡੇ ਖਾਤੇ ਵਿੱਚ ਆਪ-ਮੁਹਾਰੇ 86 ਹਜਾਰ 4 ਸੌ ਸਕਿੰਟ ਜਮ੍ਹਾਂ ਹੋ ਜਾਂਦੇ ਹਨ। ਜਿਸ ਵਾਰੇ ਅਸੀਂ ਹੀ ਤੈਅ ਕਰਨਾ ਹੈ ਕਿ ਅਸੀਂ ਵਕਤ 'ਤੇ ਆਪਣੀਆਂ ਪੈੜਾਂ ਛੱਡ ਕੇ ਜਾਣੀਆਂ ਹਨ ਜਾਂ ਫਿਰ ਹਾਸ਼ੀਏ 'ਤੇ ਰਹਿ ਕੇ ਹੀ ਬਰਬਾਦੀ ਦੇ ਕੰਢੇ 'ਤੇ ਹਨੇਰੇ ਦਾ ਅੰਜ਼ਾਮ ਦੇਖਣਾ ਹੈ ਜਾਂ ਚੜ੍ਹਦੇ ਸੂਰਜ ਦੀ ਲਾਲੀ।

ਆਓ ਅਤੀਤ ਦੀ ਬੁੱਕਲ ਵਿੱਚ ਅਲੋਪ ਹੋ ਰਹੇ ਵਰ੍ਹੇ ਨੂੰ ਅਲਵਿਦਾ ਆਖੀਏ ਅਤੇ ਸਰਦਲ 'ਤੇ ਖੜ੍ਹੇ ਨਵੇਂ ਵਰ੍ਹੇ ਤੋਂ ਸੱਧਰਾਂ ਤੇ ਖ਼ੁਸ਼ੀਆਂ ਦਾ ਪਾਣੀ ਵਾਰੀਏ। ਅਸੀਂ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੀਏ ਅਤੇ ਹਰ ਮੈਦਾਨ ਫ਼ਤਹਿ ਰਹੀਏ। ਘਰ-ਪਰਿਵਾਰ ਅਤੇ ਦੇਸ਼-ਵਿਦੇਸ਼ ਵਿੱਚ ਸੁੱਖ-ਸ਼ਾਂਤੀ ਦਾ ਮਾਹੌਲ ਸਿਰਜੀਏ। ਦੁਆ ਹੈ ਕਿ ਪੰਜਾਬ ਦੀ ਪਵਿੱਤਰ, ਸਰਜ਼ਮੀਨ 'ਤੇ ਵਹਿ ਰਿਹਾ ਨਸ਼ਿਆਂ ਦਾ 'ਛੇਵਾਂ ਦਰਿਆ', ਜਿਸ ਦੀਆਂ ਛੱਲਾਂ ਦੇ ਥਪੇੜਿਆਂ ਨੇ ਪੰਜਾਬ ਦੀ ਜਵਾਨੀ ਦਾ ਹੂਲੀਆ ਵਿਗਾੜ ਕੇ ਰੱਖ ਦਿੱਤਾ ਹੈ, ਰੱਬ ਕਰੇ ! ਸਦਾ ਲਈ ਸੁੱਕ ਜਾਵੇ।...'ਗੁਰਾਂ ਦੇ ਨਾਂ 'ਤੇ ਵਸਦੇ ਪੰਜਾਬ' 'ਤੇ ਗੁਰਾਂ ਦੀ ਰਹਿਮਤ ਦੀ ਬਰਸਾਤ ਹੋਵੇ ਅਤੇ ਪੰਜਾਬ ਦੀ ਰਵਾਇਤੀ ਸ਼ਾਨ ਮੁੜ ਪਰਤ ਆਵੇ। ਪੰਜਾਬ ਪ੍ਰਸਿੱਧ ਕਵਿਤਰੀ ਅੰਮ੍ਰਿਤਾ ਪ੍ਰੀਤਮ ਦੇ 1947 ਦੀ ਵੰਡ ਦੇ ਦ੍ਰਿਸ਼ ਨੂੰ ਰੂਪਮਾਨ ਕਰਦੀ ਕਵਿਤਾ ਦੇ ਕੁੱਝ ਅੰਸ਼ ਜਿਹੜੇ ਅੱਜ ਵੀ ਸਾਰਥਕ ਨੇ :

ਅੱਜ ਆਖਾਂ ਵਾਰਿਸ਼ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ,
ਤੇ ਅੱਜ ਕਿਤਾਬ-ਏ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।

ਦੁਨੀਆਂ ਵਿੱਚ ਵਸਦੇ ਪੰਜਾਬੀਓ ਕਾਮਨਾ ਕਰਦੇ ਹਾਂ ਕਿ ਸਾਰਿਆਂ ਦਾ ਭਵਿੱਖ ਸੁਨਹਿਰੀ ਹੋਵੇ। ਨਵੇਂ ਵਰ੍ਹੇ ਵਿੱਚ ਪੰਜਾਬੀ ਜ਼ੁਬਾਨ ਹੋਰ ਵਧੇ-ਫੁੱਲੇ ਸਾਡੇ ਸੱਭਿਆਚਾਰ ਦਾ ਘੇਰਾ ਵਿਸ਼ਾਲ ਹੋਵੇ। ਨਵੇਂ ਸਾਲ ਵਿੱਚ ਹਰ ਮਨੁੱਖ ਤਰੱਕੀ ਦੀਆਂ ਨਵੀਂਆਂ ਮੰਜ਼ਿਲਾਂ ਨੂੰ ਸਰ ਕਰੇ, ਭਾਈਚਾਰਕ ਸਾਂਝ ਅਤੇ ਅਮਨ-ਸ਼ਾਂਤੀ ਬਰਕਰਾਰ ਰਹੇ। ਜ਼ਿੰਦਗੀ ਜ਼ਿੰਦਾਬਾਦ।

# ਸਰਕਾਰੀ ਐਲਾਨ ਦੇ ਬਾਵਜੂਦ ਪ੍ਰੀ-ਪ੍ਰਾਇਮਰੀ ਵਾਲੇ ਬੱਚੇ ਅਤੇ ਜਨਰਲ ਤੇ ਬੀ.ਸੀ. ਸ਼੍ਰੇਣੀਆਂ ਦੇ ਲੜਕੇ ਵਰਦੀਆਂ ਤੋਂ ਵਾਂਝੇ

**ਚੰਡੀਗੜ੍ਹ (ਦਲਜੀਤ ਕੌਰ)-** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਵਿਧਾਨ ਸਭਾ ਵਿੱਚ ਕੀਤੇ ਐਲਾਨ ਦੇ ਬਾਵਜੂਦ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਪ੍ਰੀ ਪ੍ਰਾਇਮਰੀ ਦੇ ਸਾਰੇ ਵਿਦਿਆਰਥੀ ਅਤੇ ਅੱਠਵੀਂ ਜਮਾਤ ਜਨਰਲ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਲੜਕਿਆਂ ਨੂੰ ਅਜੇ ਤੱਕ ਵਰਦੀਆਂ ਨਹੀਂ ਮਿਲੀਆਂ। ਇਸ ਬਾਰੇ ਨੋਟਿਸ ਲੈਂਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਕਿਹਾ ਕਿ ਵਿੱਦਿਅਕ ਸੈਸ਼ਨ ਦੇ 9 ਮਹੀਨੇ ਬੀਤ ਜਾਣ ਦੇ ਬਾਵਜੂਦ ਸਰਕਾਰ ਵੱਲੋਂ ਉਕਤ ਵਿਦਿਆਰਥੀਆਂ ਲਈ ਵਰਦੀਆਂ ਦੀ ਗ੍ਰਾਂਟ ਜਾਰੀ ਨਾ ਕਰਨਾ ਮੰਦਭਾਗਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਜੱਥੇਬੰਦੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਸਮੂਹ ਵਿਦਿਆਰਥੀਆਂ ਲਈ ਗਰਮੀਆਂ ਅਤੇ ਸਰਦੀਆਂ ਲਈ ਵਰਦੀਆਂ ਦੇ ਦੋ ਸੈੱਟ ਦੇਣ ਦੀ ਮੰਗ ਲੰਮੇ ਸਮੇਂ ਤੋਂ ਕਰਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਜੱਥੇਬੰਦੀ ਵੱਲੋਂ ਸਰਕਾਰ ਪਾਸ ਵਰਦੀ ਦੇ ਸੈੱਟ ਲਈ ਦਿੱਤੀ ਜਾਣ ਵਾਲੀ 600 ਰੁਪਏ ਦੀ ਰਾਸ਼ੀ ਬਹੁਤ ਹੀ ਘੱਟ ਹੋਣ ਦਾ ਵਿਰੋਧ ਵੀ ਦਰਜ ਕਰਵਾਇਆ ਗਿਆ ਹੈ, ਕਿਉਂਕਿ ਇੰਨੀ ਘੱਟ ਰਾਸ਼ੀ ਵਿੱਚ ਵਰਦੀ ਦਾ ਇੱਕ ਸੈੱਟ ਜਿਸ ਵਿੱਚ ਕਮੀਜ, ਪੈਂਟ/ਸਲਵਾਰ, ਬੂਟ,



ਕੋਟੀ, ਜੁਰਾਬਾਂ, ਟੋਪੀ/ ਪਟਕਾ ਆਦਿ ਆਈਟਮਾਂ ਨਹੀਂ ਖਰੀਦੀਆਂ ਜਾ ਸਕਦੀਆਂ ਪਰ ਇਸ ਸਬੰਧੀ ਸਰਕਾਰ ਵੱਲੋਂ ਹਾਲੇ ਤੱਕ ਕੋਈ ਧਿਆਨ ਨਹੀਂ ਦਿੱਤਾ ਗਿਆ ਹੈ। ਇਸ ਵਾਰ ਵਿੱਤ ਮੰਤਰੀ ਨੇ ਵਿਧਾਨ ਸਭਾ ਵਿੱਚ ਬਜਟ ਭਾਸ਼ਣ ਦੌਰਾਨ ਪ੍ਰੀ ਪ੍ਰਾਇਮਰੀ ਤੋਂ ਅੱਠਵੀਂ ਤੱਕ ਦੇ ਸਾਰੇ ਵਿਦਿਆਰਥੀਆਂ ਲਈ ਵਰਦੀ ਦਾ ਇੱਕ ਸੈੱਟ ਦੇਣ ਦਾ ਐਲਾਨ ਕੀਤਾ ਸੀ ਜੋ ਕਿ ਅੱਜ ਤੱਕ ਪੂਰਾ ਨਹੀਂ ਕੀਤਾ ਗਿਆ।

ਡੀ.ਟੀ.ਐੱਫ. ਦੇ ਆਗੂਆਂ ਜਗਪਾਲ ਬੰਗੀ, ਗੁਰਪਿਆਰ ਕੋਟਲੀ, ਰਾਜੀਵ ਬਰਨਾਲਾ, ਬੇਅੰਤ ਫੂਲੇਵਾਲ, ਰਘਵੀਰ ਭਵਾਨੀਗੜ੍ਹ, ਜਸਵਿੰਦਰ ਔਜਲਾ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ ਕਪੂਰਥਲਾ, ਰੁਪਿੰਦਰ ਗਿੱਲ ਅਤੇ ਸੁਖਦੇਵ ਡਾਨਸੀਵਾਲ ਨੇ ਮੰਗ ਕੀਤੀ ਕਿ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਨੂੰ ਇਸ ਸਕੀਮ ਦੇ ਘੇਰੇ ਵਿੱਚ ਲਿਆਉਂਦੇ ਹੋਏ ਸਰਕਾਰ ਇਹ ਫੰਡ ਤੁਰੰਤ ਜਾਰੀ ਕਰੇ ਅਤੇ ਯੂਨੀਫਾਰਮ ਗ੍ਰਾਂਟ ਵਿੱਚ ਲੋੜੀਂਦਾ ਵਾਧਾ ਕੀਤਾ ਜਾਵੇ ਤਾਂ ਜੋ ਮਿਆਰੀ ਵਰਦੀ ਦੇ ਦੋ ਸੈੱਟ (ਗਰਮੀਆਂ ਅਤੇ ਸਰਦੀਆਂ ਲਈ ਇੱਕ-ਇੱਕ) ਦਿੱਤੇ ਜਾ ਸਕਣ।

# ਆਪਣੀ ਸੁਰੀਲੀ ਆਵਾਜ ਨੂੰ ਸਤਿਗੁਰੂ ਰਵਿਦਾਸ ਜੀ ਦਾ ਆਸ਼ੀਰਵਾਦ ਮੰਨਦਾ ਹੈ-ਗਾਇਕ ਜਸਵਿੰਦਰ ਲੋਹਟੀਆਂ

ਸਾਹਿਤ ਕਲਾ ਤੇ ਸੱਭਿਆਚਾਰ ਦਾ ਸਿੱਖਿਆ ਤੇ ਸਮਾਜ ਨਾਲ ਅਟੁੱਟ ਰਿਸ਼ਤਾ ਹੁੰਦਾ ਹੈ। ਸਮਾਜ ਅੰਦਰ ਨਵੀਂ ਨਰੋਈ ਨੈਤਿਕਤਾ, ਸਾਹਿਤ ਕਲਾ ਸੱਭਿਆਚਾਰ ਅਤੇ ਸੋਚ ਪੈਦਾ ਕਰਨ ਅਤੇ ਉਸਨੂੰ ਹੋਰ ਵੱਧ ਵਿਕਸਿਤ ਕਰਨ ਵਿੱਚ ਸਿੱਖਿਆ ਦਾ ਅਹਿਮ ਰੋਲ ਹੁੰਦਾ ਹੈ। ਪਰ ਸਾਡੇ ਮੁਲਕ ਅੰਦਰ ਵਿੱਦਿਅਕ ਪ੍ਰਬੰਧ ਦੇ ਜਮਹੂਰੀ ਕਦਰਾਂ ਕੀਮਤਾਂ ਤੋਂ ਸੱਖਣੇ ਹੋਣ,ਸਾਮਰਾਜ ਪ੍ਰਤੀ ਜਹਿਨੀ ਗੁਲਾਮੀ ਤੇ ਬਸਤੀਵਾਦੀ ਕਾਲ ਦੀ ਵਿਰਾਸਤ ਵਾਲੇ ਹੋਣ ਕਾਰਨ ਇੱਥੋਂ ਦਾ ਸਾਹਿਤ, ਕਲਾ ਅਤੇ ਸੱਭਿਆਚਾਰ ਦੀ ਲੁਟੇਰੀਆਂ ਜਮਾਤਾਂ ਦੀ ਚਾਕਰੀ ਕਰਨ ਦੀ ਸੇਧ ਦੇਣ ਵਾਲਾ ਹੈ।ਮੌਜੂਦਾ ਬਾਜਾਰੂ ਸਾਹਿਤ,ਕਲਾ ਅਤੇ ਸੱਭਿਆਚਾਰ ਅੰਦਰ ਦਕਿਆਨੂਸੀ, ਰੂੜੀਵਾਦੀ, ਅਧਿਆਤਮਵਾਦੀ, ਮਿਥਿਆਸਕ, ਅਸ਼ਲੀਲਤਾ, ਅਨੈਤਿਕਤਾ ਆਦਿ ਬੁਰਾਈਆਂ ਦੀ ਭਰਮਾਰ ਹੈ। ਅੱਜ "ਗਲੋਬਲ" ਪਿੰਡ ਬਣਾਈ ਜਾ ਰਹੀ ਇਸ ਦੁਨੀਆਂ ਵਿੱਚ ਇਸ ਦੀਆਂ ਹਾਕਮ ਜਮਾਤਾਂ ਵਲੋਂ ਆਪਣੇ ਲੁੱਟ ਅਤੇ ਜਬਰ ਦੇ"ਸਵਰਗ" ਨੂੰ ਕਾਇਮ ਰੱਖਣ ਲਈ ਨੌਜਵਾਨਾਂ ਸਮੇਤ ਹੋਰਨਾਂ ਮਿਹਨਤਕਸ਼ ਲੋਕਾਂ ਨੂੰ ਭਰਮਿਤ ਕਰਨ ਵਾਸਤੇ ਚਕਾਚੌਂਧ ਤੇ ਰੰਗੀਨੀਆਂ ਦਾ ਆਧਾਰਹੀਣ ਸੰਸਾਰ ਖੜਾ ਕੀਤਾ ਗਿਆ ਹੈ। ਇਲੈਕਟ੍ਰਾਨਿਕ ਮੀਡੀਆ, ਟੈਲੀਵਿਜ਼ਨ, ਮੋਬਾਈਲ, ਸਿਨੇਮਾਘਰ, ਇੰਟਰਨੈੱਟ ਦੇ ਜਰੀਏ ਖੜੇ ਕੀਤੇ ਜਾ ਰਹੇ, ਇਸ "ਆਧਾਰਹੀਣ "ਸੰਸਾਰ ਵਿੱਚ ਨੋਜਵਾਨਾਂ ਨੂੰ ਖਪਤਵਾਦੀ, ਵਿਅਕਤੀਵਾਦੀ, ਵਿਚਾਰਧਾਰਾ ਨਾਲ ਲੈਸ ਕੀਤਾ ਜਾ ਰਿਹਾ ਹੈ।ਨੋਜਵਾਨਾਂ ਦੀ ਜੁਆਨੀ ਨੂੰ ਰੱਜ ਕੇ ਵਰਤੋ ਤੇ ਸੁੱਟੋ, ਮੈਂ ਕਿਸੇ ਤੋਂ ਕੀ ਲੈਣਾ ਅਤੇ ਭਵਿੱਖ ਲਈ ਕੁੱਝ ਵੀ ਕਰੇਗਾ ਵਰਗੇ ਨਾਅਰਿਆਂ ਰਾਹੀਂ ਨਸ਼ੇ ਤੇ ਨੰਗੇਜ਼ ਦੀ ਹਨੇਰੀ ਰਾਹੀਂ ਭਟਕਣਾ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਨੋਜਵਾਨਾਂ ਉੱਪਰ ਲਗਾਤਾਰ ਪਸਰ ਰਹੇ ਸਮਾਜ ਤੇ ਸਭਿਆਚਾਰਕ ਪ੍ਰਦੂਸ਼ਣ ਦਾ ਵਿਰੋਧ ਕਰਦਿਆਂ, ਇਸ ਦੇ ਮੁਕਾਬਲੇ ਸਿਹਤਮੰਦ ਉਸਾਰੂ ਪ੍ਰਗਤੀਸ਼ੀਲ ਤੇ ਜਮਹੂਰੀ ਕਦਰਾਂ ਕੀਮਤਾਂ ਦਾ ਆਲੰਬਰਦਾਰ ਸੱਭਿਆਚਾਰ ਦਾ ਬਦਲ ਮੁਹੱਈਆ ਕਰਵਾਉਣ ਦੀ ਬਹੁਤ ਵੱਡੀ ਅੱਜ ਦੀ ਜਰੂਰਤ ਹੈ।

ਇਹ ਉੱਪਰ ਲਿਖੀਆਂ ਉੱਚੀਆਂ ਤੇ ਵੱਡੀਆਂ-ਵੱਡੀਆਂ ਗੱਲਾਂ ਵਾਲੇ ਲੋਕਾਂ ਦਾ ਜਨਮ ਜਦੋਂ ਅਜਿਹੇ ਮਾਹੌਲ ਵਿੱਚ ਹੋਵੇ ਤਾਂ ਉਹ ਦੁਨੀਆਂ ਦੀ ਚੱਲ ਰਹੀ ਲੀਹ ਤੋਂ ਆਪਣੀ ਨਵੀਂ ਪਗਡੰਡੀ ਬਣਾ ਕੇ ਕੁੱਝ ਵੱਖਰਾ ਹੀ ਕਰਿਆ ਕਰਦੇ ਹਨ। ਅਜਿਹੇ ਉੱਚੀਆਂ ਤੇ ਵੱਡੀਆਂ ਗੱਲਾਂ ਕਰਨ ਵਾਲੇ ਫਿਲੌਰ ਹਲਕੇ ਦੇ ਤੇਹਿੰਗ ਪਿੰਡ ਦੇ ਵਾਰਿਸ ਤੇ ਸ਼ੁਰਾਂ ਦੇ ਬਾਦਸ਼ਾਹ ਗਾਇਕ ਜਸਵਿੰਦਰ ਲੋ-ਹਟੀਆਂ ਨਾਲ ਜਦੋਂ ਸਬੱਬ ਡਾਕਟਰ ਚਰਨਜੀਤ ਸਿੰਘ ਸੱਲ੍ਹਾਂ ਦੀ ਕਲੀਨਿਕ ਤੇ ਮੁਲਾਕਾਤ ਹੋਈ ਤਾਂ ਮੇਰਾ ਮੰਨ ਝੱਟ ਦੇਣੀ ਇਸ ਫਨਕਾਰ ਵਾਰੇ ਕੁੱਝ ਲਿਖਣ ਲਈ ਉਤਸ਼ਾਹਿਤ ਹੋ ਗਿਆ। ਜਸਵਿੰਦਰ ਲੋਹਟੀਆ ਨੇ ਦੱਸਿਆ ਕਿ ਕਾਲੇ ਦੌਰ ਦੇ ਸਮੇਂ ਵਿੱਚ ਸਾਡੇ ਬਜੁਰਗਾਂ ਤੇ ਹੋਏ ਜੁਲਮਾਂ ਅਤਿਆਚਾਰਾਂ ਵਾਰੇ ਯਾਦ ਕਰਦਿਆਂ ਅੱਜ ਵੀ ਰੂਹ ਅੰਦਰ ਤੱਕ ਝੰਜੋੜੀ ਜਾਂਦੀ ਹੈ। ਤੇ ਮੰਨ ਵਿੱਚ ਇੱਕ ਚੀਸ ਜਿਹੀ ਉੱਠਦੀ ਹੈ ਕਿ ਕੀ ਅਸੀਂ ਵੀ ਪਸ਼ੂਆਂ ਵਾਂਗ ਹਰ ਦਿਨ ਖਾ ਪੀ ਕੇ ਸੌਂ ਕੇ ਸਮਾਂ ਬਰਬਾਦ ਕਰਕੇ ਜਾਵਾਂਗੇ। ਨਹੀਂ ਮੈਂ ਆਪਣੇ ਨਾਲ ਅਜਿਹਾ ਨਹੀਂ ਕਰਾਗਾਂ। ਮੈਂ ਇਸ ਸਮਾਜ ਲਈ ਕੁੱਝ ਨਾ ਕੁੱਝ ਸਮਾਜ ਸੇਵਾ ਵਿਚ ਆਪਣਾ ਹਿੱਸਾ ਜਰੂਰ ਪਾ ਕੇ ਜਾਊਂਗਾ। ਤੇ ਸ਼ਾਇਦ ਕੁਦਰਤ ਵੀ ਮੇਰੇ ਤੋਂ ਕੁੱਝ ਕਰਵਾਉਣਾ ਚਾਹੁੰਦੀ ਸੀ ਜੋ ਮੇਰਾ ਮੰਨ ਗਾਇਕੀ ਵੱਲ ਨੂੰ ਮੋੜ ਦਿੱਤਾ।

ਪੜਨ ਯੋਗ ਉਮਰ ਹੋਈ ਤਾਂ ਘਰਦਿਆਂ ਨੇ ਪਿੰਡ ਦੇ ਪ੍ਰਾਈਮਰੀ ਸਕੂਲ ਵਿੱਚ ਪਵਨ ਲਗਾ ਦਿੱਤਾ। ਸਕੂਲ ਵਿੱਚ ਜਦੋ ਕੋਈ ਬਾਲ ਸਭਾ ਹੋਣੀ ਤਾਂ ਅਧਿਆਪਕਾ ਵਲੋਂ ਸਾਰੇ ਬੱਚਿਆਂ ਨੂੰ ਕੁੱਝ ਨਾਂ ਕੁੱਝ ਕਰਨ ਲਈ ਆਖਣਾ।ਮੈਂ ਬਿਨ੍ਹਾਂ ਕਿਸੇ ਨੂੰ ਮੌਕਾ ਦਿੱਤੇ ਸਾਰਿਆਂ ਤੋਂ ਪਹਿਲਾਂ ਉੱਠ ਖੜਨਾਂ ਤੇ ਕਿਸੇ ਗਾਇਕ ਦਾ ਵਧੀਆ ਜਿਹਾ ਗੀਤ ਸੁਣਾ ਦੇਣਾ। ਸਾਰੇ ਅਧਿਆਪਕਾਂ ਨੇ ਆਸ਼ੀਰਵਾਦ ਦਿੰਦਿਆਂ ਕਹਿਣਾ ਕਿ ਇਹ ਬੱਚਾ ਪੜ੍ਹਾਈ ਵਿੱਚ ਹੁਸ਼ਿਆਰ ਹੈ ਈ ਤੇ ਗਾਇਕ ਬਣਕੇ ਵੀ ਚੰਗਾ ਨਾਮ ਕਮਾਏਗਾ। ਬੱਸ ਇਥੋਂ ਹੀ ਮੰਨ ਵਿੱਚ ਧਾਰ ਲਿਆ ਸੀ ਕਿ ਸਖਤ ਮਿਹਨਤ ਕਰਨੀ ਤੇ ਕੁੱਝ ਕਰਕੇ ਦੱਸਣਾ ਹੈ। ਪ੍ਰਾਈਮਰੀ ਤੋਂ ਬਾਅਦ ਮਿਡਲ ਤੇ ਹਾਈ ਸਕੂਲ ਵਿੱਚ ਵੀ ਪੜ੍ਹਾਈ ਦੇ ਨਾਲ-ਨਾਲ ਗੀਤ ਗਾਉਣ ਨੂੰ ਆਪਣਾ ਜਨੂੰਨ ਬਣਾਈ ਰੱਖਿਆ। ਨਵੀਂ ਕਲਾਸ ਵਿੱਚ ਜਾਣ ਤੋਂ ਬਾਅਦ ਗਾਇਕੀ ਦੇ ਵੀ ਨਿੱਤ ਨਵੇਂ ਖੇਤਰ ਵਿੱਚ ਦਾਖਲ ਹੁੰਦਾ ਗਿਆ। ਉੱਚ ਵਿੱਦਿਆ ਹਾਸਿਲ ਕਰਨ ਲਈ ਰਾਮਗੜ੍ਹੀਆ ਕਾਲਜ ਫਗਵਾੜਾ ਵਿੱਚ ਦਾਖਿਲ ਹੋ ਗਿਆ। ਇਸ ਕਾਲਜ ਵਿਚ ਬੀ ਏ ਤੱਕ ਪੜ੍ਹਾਈ ਕਰੀ। ਤੇ ਹੁਣ ਮੈਂ ਗੀਤ ਗਾਉਣ ਦਾ ਨਾਲ-ਨਾਲ ਆਪਣੇ ਗੀਤ ਵੀ ਲਿਖਣ ਲੱਗ ਪਿਆ ਸੀ। ਕਾਲਜ ਵਿੱਚ ਹੋਣ ਵਾਲੇ ਸਾਰੇ ਫੰਕਸ਼ਨਾਂ ਵਿੱਚ ਵੀ ਮੈਨੂੰ ਆਪਣੇ ਲਿਖੇ ਗੀਤ ਗਾਉਣ ਦਾ ਵਧੀਆ ਮੌਕਾ ਮਿਲਦਾ ਰਿਹਾ ਜਿਸਦਾ ਮੈਂ ਭਰਪੂਰ ਫਾਇਦਾ ਉਠਾਇਆ। ਤੇ ਇਥੇ ਵੀ ਪ੍ਰੋਫੈ-ਸਰਾਂ ਤੋਂ ਰੱਜਵਾਂ ਪਿਆਰ ਹਾਂਸਲ ਕੀਤਾ।ਕਾਲਜ ਦੇ ਸਮੇਂ ਮੈਂ ਅਜਿਹੇ ਗੀਤ ਲਿਖਦਾ ਸੀ ਜੋ ਭੈਣਾਂ ਮਾਵਾਂ ਦੇ ਨਾਲ ਬੈਠ ਕੇ ਸੁਣ ਕੇ ਆਨੰਦ ਲਿਆ ਜਾ ਸਕਦਾ ਸੀ। ਮੈਂ ਕਦੇ ਵੀ ਆਪਣਾ ਧਿਆਨ ਲੱ-ਚਰਤਾ ਵਾਲੇ ਪਾਸੇ ਨਹੀ ਜਾਣ ਦਿੱਤਾ। ਮੈਂ ਸਦਾ ਹੀ ਆਪਣੀ ਕਲਾ ਤੇ ਗਾਇਕੀ ਨੂੰ ਸਾਫ ਸੁਥਰਾ ਤੇ ਸੱਭਿਆਚਾਰਕ ਬਣਾਈ ਰੱਖਿਆ ਜੋ ਅੱਜ ਤੱਕ ਜਾਰੀ ਹੈ। ਮੈਂ ਜਦੋ ਕਾਲਜ ਪੜ੍ਹਦਾ ਸੀ ਤਾਂ ਉਸ ਸਮੇਂ ਬਹੁਜਨ ਸਮਾਜ ਦੇ ਮਸੀਹਾ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਕਿੱਸੇ ਆਪਣੇ ਬਜੁਰਗਾਂ ਦੇ ਮੂੰਹੋਂ ਬਹੁਤ ਸੁਣਦਾ ਸੀ, ਤੇ ਇਹ ਵੀ ਸੁਣਿਆ ਸੀ ਕਿ ਸਾਹਿਬ ਜੀ ਦੇ ਰਾਜਨੀਤਕ ਫੰਕਸ਼ਨ ਵਿੱਚ ਗੀਤ ਵੀ ਗਾਏ ਜਾਂਦੇ ਹਨ। ਜਿਹਨਾਂ ਲੋਕਾਂ ਨੂੰ ਮੇਰੀ ਕਲਮ ਦੇ ਲਿਖੇ ਉਸਾਰੂ ਸੋਚ ਵਾਲੇ ਗੀਤ ਪਸੰਦ ਆਏ ਉਹਨਾਂ ਮੈਨੂੰ ਬਹੁਜਨ ਸਮਾਜ ਪਾਰਟੀ ਦੇ ਹੋਣ ਵਾਲੇ ਸਮਾਗਮਾਂ ਵਿੱਚ ਵੀ ਜਾਣ ਲਈ ਪ੍ਰੇਰਿਤ ਕੀਤਾ। ਤੇ ਮੈਂ ਵੀ ਲੱਗ ਗਿਆ ਸਮੇਂ ਦੀ ਉਡੀਕ ਵਿੱਚ ਕਿ ਸਾਹਿਬ ਕਾਂਸ਼ੀ ਰਾਮ ਜੀ ਦਾ ਸਾਡੇ ਏਰੀਏ ਵਿੱਚ ਕੋਈ ਪ੍ਰੋਗਰਾਮ ਆਵੇ ਤੇ ਜਿੱਥੇ ਮੈਨੂੰ ਵੀ ਸਮਾਜ ਦੇ ਲਈ ਚੱਲ ਰਹੀ ਸੇਵਾ ਵਿੱਚ ਹਿੱਸਾ ਪਾਉਣ ਦਾ ਮੌਕਾ ਮਿਲ ਜਾਵੇ।




ਕੁੱਝ ਸਮੇਂ ਦੀ ਉਡੀਕ ਮਗਰੋਂ ਕਿਸੇ ਨੇ ਮੈਨੂੰ ਸਾਡੇ ਨਾਲ ਲੱਗਦੇ ਪਿੰਡ ਅੱਟੀ ਵਿੱਚ ਸਾਹਿਬ ਕਾਂਸ਼ੀ ਰਾਮ ਜੀ ਦੇ ਪ੍ਰੋਗਰਾਮ ਵਾਰੇ ਦੱਸਿਆ ਤਾਂ ਮੈਂ ਝੱਟ ਦੇਣੀ ਮਿਹਨਤ ਕਰਕੇ ਸਾਹਿਬ ਜੀ ਦੇ ਪ੍ਰੋਗਰਾਮ ਵਿੱਚ ਹਾਜਰੀ ਭਰਨ ਲਈ ਪ੍ਰਬੰਧਕਾਂ ਤੋਂ ਸਮਾਂ ਲੈ ਲਿਆ।ਮਿੱਥੀ ਤਾਰੀਖ ਤੇ ਪ੍ਰੋਗਰਾਮ ਵਿੱਚ ਹਾਜਰ ਹੋ ਕੇ ਪਹਿਲਾ ਬਹੁਜਨ ਸਮਾਜ ਦੀ ਬੁਲੰਦ ਤੇ ਨਿ-ਧੱੜਕ ਆਵਾਜ ਸਵਰਗੀ ਮੋਹਣ ਬੰਗੜ ਜੀ ਨੂੰ ਸੁਣਿਆ।ਬੱਸ ਸੁਣਿਆ ਕੀ ਜਿਵੇਂ ਮੇਰੀ ਦੁਨੀਆ ਹੀ ਬਦਲ ਗਈ। ਸਾਹਿਬ ਕਾਂਸ਼ੀ ਰਾਮ ਜੀ ਦੀ ਹਾਜਰੀ ਵਿੱਚ ਮੈਨੂੰ ਵੀ ਗਾਉਣ ਦਾ ਅਹਿਮ ਮੌਕਾ ਮਿਲਿਆ ਜਿਸਦਾ ਮੈਂ ਫਾਇਦਾ ਲਿਆ ਤੇ ਆਪਣੀ ਕਲਮ ਦਾ ਲਿਖਿਆ ਮਿਸ਼ਨਰੀ ਗੀਤ ਗਾਇਆ।ਗੀਤ ਤੋਂ ਬਾਅਦ ਮੈਨੂੰ ਉਸਤਾਦ ਮੋਹਣ ਬੰਗੜ ਜੀ ਤੇ ਸਮਾਜ ਨੂੰ ਜਗਾਉਣ ਵਾਲੇ ਰਹਿਬਰ ਨੇ ਕੋਲ ਆ ਕੇ ਆਸ਼ੀਰਵਾਦ ਦਿੱਤਾ। ਸਾਹਿਬ ਕਾਂਸ਼ੀ ਰਾਮ ਜੀ ਨੇ ਆਪਣੀ ਜੇਬ ਵਿੱਚੋਂ ਕੁੱਝ ਰੁਪਏ ਕੱਢ ਕੇ ਮੈਨੂੰ ਦਿੱਤੇ ਤੇ ਡੱਟ ਜਾਣ ਲਈ ਆਖਿਆ। ਇਸ ਪ੍ਰੋਗਰਾਮ ਵਿੱਚ ਮੈਨੂੰ ਸਿੱਖਣ ਲਈ ਬਹੁਤ ਕੁਝ ਮਿਲਿਆ। ਮੈਂ ਖੁੱਲੀਆਂ ਅੱਖਾਂ ਨਾਲ ਮੋਹਣ ਬੰਗੜ ਜੀ ਨੂੰ ਜਦੋਂ ਗਾਉਂਦੇ ਵੇਖਿਆ ਤਾਂ ਪੰਡਾਲ ਵਿੱਚ ਬੈਠੇ ਲੋਕ ਆਪ ਮੁਹਾਰੇ ਜੋਸ਼ ਵਿੱਚ ਨਾਹਰੇ ਮਾਰ ਰਹੇ ਸਨ।ਤੇ ਮੋਹਣ ਬੰਗੜ ਜੀ ਜਦੋਂ ਕੋਈ ਸ਼ੇਅਰ ਵੀ ਪੜ੍ਹਦੇ ਤਾਂ ਪੰਡਾਲ ਵਿੱਚ ਤਾੜੀਆਂ ਦੀ ਆਵਾਜ ਵੀ ਬਹੁਤ ਜੋਰ ਨਾਲ ਗੂੰਜੀ ਸੀ।ਇਸ ਪ੍ਰੋਗਰਾਮ ਤੋਂ ਬਾਅਦ ਮੈਂ ਦੂਰ ਨੇੜੇ ਬਹੁਜਨ ਸਮਾਜ ਪਾਰਟੀ ਦੇ ਸਾਰੇ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਬਹੁਜਨ ਸਮਾਜ ਦਾ ਰੱਜਵਾਂ ਪਿਆਰ ਲੁੱਟਿਆ।ਸਾਹਿਬ ਕਾਂਸ਼ੀ ਰਾਮ ਜੀ ਦੇ ਦਿੱਤੇ ਆਸ਼ੀਰਵਾਦ ਨੂੰ ਮੈਂ ਦਿਲੋਂ ਕਦੇ ਵੀ ਨਹੀਂ ਭੁਲਾ ਸਕਦਾ।ਉਹ ਮੇਰੀ ਜਿੰਦਗੀ ਦਾ ਇੱਕ ਬੇਸ਼ਕੀਮਤੀ ਦਿਨ ਸੀ।






ਪਾਰਟੀ ਦੇ ਪ੍ਰੋਗਰਾਮਾਂ ਤੋਂ ਵਿਹਲੇ ਸਮੇਂ ਵਿੱਚ ਮੈਂ ਆਪਣੇ ਲਿਖੇ ਹੋਏ ਤੇ ਕੁੱਝ ਨਾਮਵਰ ਗੀਤਕਾਰਾਂ ਦੇ ਗੀਤ ਲੈ ਕੇ ਰਿਕਾਰਡ ਕਰਵਾਏ,ਜਿਹਨਾਂ ਨਾਲ ਸਮਾਜ ਵਿੱਚ ਮੇਰੀ ਇੱਕ ਵੱਖਰੀ ਪਹਿਚਾਣ ਬਣੀ।ਮੇਰੇ ਰਿਕਾਰਡ ਹੋਏ ਗੀਤਾਂ ਦੇ ਕੁੱਝ ਮੁਖੜੇ ਇਸ ਤਰ੍ਹਾਂ ਸਨ:-

1-ਇਤਿਹਾਸ ਖੁਰਾਲਗੜ੍ਹ ਦਾ
2-ਲੱਖ-ਲੱਖ ਪ੍ਰਣਾਮ
3-ਦਿਨ 14 ਅਪ੍ਰੈਲ ਦਾ(ਬਾਬਾ ਸਾਹਿਬ)
4-ਹਾਕਮਾਂ
5-ਆਰਤੀ ਗੁਰੂ ਰਵਿਦਾਸ ਜੀ
6-ਕਾਂਸ਼ੀ ਵਿੱਚ ਰੱਬ ਆ ਗਿਆ
7-ਸੰਤਾਂ ਦੇ ਬੋਲ
8-ਗੁਰੂ ਜੀ ਤੇਰੇ ਕਰਕੇ

ਗੁਰੂ ਜੀ ਤੇਰੇ ਕਰਕੇ ਗੀਤ ਮੇਰਾ ਆਪਣਾ ਲਿਖਿਆ ਹੈ ਤੇ ਮੈਂ ਖੁਦ ਹੀ ਗਾਇਆ ਹੈ। ਇਸ ਗੀਤ ਦੀ ਸਾਰੀ ਸ਼ੂਟਿੰਗ ਸਤਿਕਾਰਯੋਗ ਸੰਤ ਹੰਸ ਰਾਜ ਪੰਡਵਾਂ ਜੀ ਦੇ ਡੇਰੇ ਵਿੱਚ ਹੋਈ।ਇਸ ਗੀਤ ਨੂੰ ਮੁਕੰਮਲ ਹੋਣ ਤੇ ਸੰਤ ਸਮਾਜ ਦੇ ਪ੍ਰਧਾਨ ਮਹਾਨ ਸਖਸ਼ੀਅਤ ਸਤਿਕਾਰਯੋਗ ਸੰਤ ਕੁਲਵੰਤ ਰਾਮ ਭਰੋਮਜਾਰਾ ਜੀ ਨੇ 21-12-2022 ਨੂੰ ਆਪਣੇ ਡੇਰੇ ਭਰੋਮਜਾਰਾ ਵਿਖੇ ਸੰਗਤਾਂ ਵਾਸਤੇ ਰਿਲੀਜ਼ ਕੀਤਾ।ਰਿਲੀਜ ਹੋਣ ਤੇ ਇਸ ਗੀਤ ਨੂੰ ਸੰਗਤਾਂ ਬਹੁਤ ਹੀ ਜਿਆਦਾ ਪਿਆਰ ਦਿੱਤਾ ਜਿਸਦਾ ਮੈਂ ਸਦਾ ਸ਼ੁਕਰਗੁਜ਼ਾਰ ਰਹਾਂਗਾ।ਕਿਸੇ ਚੀਜ ਨੂੰ ਪ੍ਰਾਪਤ ਕਰਨ ਲਈ ਲੋਕ ਅੱਡੀ ਚੋਟੀ ਦਾ ਜੋਰ ਲਗਾਉਂਦੇ ਨੇ ਵਾਰੇ ਪੁੱਛਣ ਤੇ ਜਸਵਿੰਦਰ ਲੋਹਟੀਆਂ ਨੇ ਦੱਸਿਆ ਕਿ ਮੈਂ ਅੱਜ ਤਕ ਜੋ ਵੀ ਲਿਖਿਆ ਜਾਂ ਗਾਇਆ ਸਾਫ ਸੁਥਰਾ ਹੀ ਲਿਖਿਆ ਤੇ ਗਾਇਆ। ਇਸ ਕਰਕੇ ਤੁਸੀਂ ਸਮਝ ਸਕਦੇ ਹੋ ਕੇ ਜੋ ਪਿਆਰ ਮੈਨੂੰ ਮਿਲ ਰਿਹਾ ਹੈ ਸਮਝੋ ਇਹ ਮੇਰੀ ਸਾਫ ਸੁਥਰਾ ਗਾਇਕੀ ਦਾ ਹੀ ਪ੍ਰਤੀਬਿੰਬ ਹੈ। ਜਸਵਿੰਦਰ ਲੋਹਟੀਆ ਆਪਣੀ ਸੁਰਾਂ ਦੀ ਲੈਅ ਨੂੰ ਸਤਿਗੁਰੂ ਰਵਿਦਾਸ ਜੀ ਦੀ ਅਪਾਰ ਬਖਸ਼ਿਸ਼ ਮੰਨਦਾ ਹੈ। ਤੇ ਇਹ ਕਹਿਣਾ ਨਹੀਂ ਭੁੱਲਿਆ ਕਿ ਮੇਰੇ ਸਤਿਗੁਰੂ ਜੀ ਜਦੋਂ ਵੀ ਮੇਰੇ ਵਿੱਚ ਹੰਕਾਰ ਜਾਂ ਆਕੜ ਆ ਜਾਵੇ ਤਾਂ ਮੈਨੂੰ ਇਸ ਦੁਨੀਆਂ ਤੇ ਇੱਕ ਪੱਲ ਨਾਂ ਰਹਿਣ ਦਿਉ। ਮੈਨੂੰ ਅੱਜ ਤੱਕ ਜੋ ਵੀ ਮਿਲਿਆ ਹੈ ਮੈਂ ਉਸਨੂੰ ਸਤਿਗੁਰੂ ਜੀ ਦਾ ਪਿਆਰ ਹੀ ਸਮਝਦਾ ਹਾਂ।




ਜਸਵਿੰਦਰ ਲੋਹਟੀਆ ਇੱਕ ਵਧੀਆ ਫਨਕਾਰ ਹੋਣ ਦੇ ਨਾਲ-ਨਾਲ ਇਕ ਸੂਝਵਾਨ ਪਿਤਾ, ਇਕ ਆਗਿਆਕਾਰੀ ਪੁੱਤਰ, ਵਫਾਦਾਰ ਪਤੀ ਤੇ ਭੈਣ ਨੂੰ ਜਾਨ ਤੋਂ ਵੱਧ ਪਿਆਰ ਕਰਨ ਵਾਲਾ ਵੀਰ ਵੀ ਹੈ। ਜਸਵਿੰਦਰ ਲੋਹਟੀਆ ਜਦੋਂ ਕੋਈ ਵੀ ਗੀਤ ਗਾਉਂਦਾ ਹੈ ਤਾਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਸਮਾਂ ਠਹਿਰ ਹੀ ਗਿਆ ਹੋਵੇ।ਗੀਤ ਸੁਣਦਿਆਂ ਉੱਠਣ ਨੂੰ ਮੰਨ ਨਹੀਂ ਕਰਦਾ, ਇੰਝ ਮੰਨ ਕਰਦਾ ਹੈ ਜਿਵੇਂ ਸਦਾ ਸਦਾ ਲਈ ਇਹ ਸੁਰੀਲੀ ਪਪੀਹੇ ਵਰਗੀ ਆਵਾਜ ਕੰਨਾਂ ਵਿੱਚ ਪੈਂਦੀ ਰਹੇ, ਤੇ ਕੰਨਾਂ ਵਿੱਚ ਮਿਸ਼ਰੀ ਵਾਂਗ ਮਿਠਾਸ ਘੋਲਦੀ ਰਹੇ। ਖੈਰ ਗੱਲਬਾਤ ਕਰਦਿਆਂ ਖੜਾਂ ਦਿਨ ਕਦੋਂ ਹਨੇਰੀ ਰਾਤ ਲਿਆ ਰਿਹਾ ਸੀ ਪਤਾ ਹੀ ਨਹੀਂ ਚੱਲਿਆ। ਸਵਰਗੀ ਮੋਹਣ ਬੰਗੜ ਨੂੰ ਆਪਣਾ ਆਦਰਸ਼ ਮੰਨਣ ਵਾਲੇ ਇਸ ਸੁਰੀਲੇ ਫਨਕਾਰ ਨੂੰ ਅਕਾਲ ਪੁਰਖ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਬਖਸ਼ੇ, ਤੇ ਕੰਮੀਆਂ ਦੇ ਵਿਹੜੇ ਦਾ ਇਹ ਮਿਸ਼ਰੀ ਵਰਗੀ ਮਿੱਠੀ ਆਵਾਜ ਦਾ ਮਾਲਕ ਇੰਝ ਹੀ ਦੁਨੀਆਂ ਭਰ ਵਿੱਚ ਆਪਣੀਆ ਮਹਿਕਾਂ ਵੰਡਦਾ ਰਹੇ। ਆਪਣੀ ਕਾਮਯਾਬੀ ਨੂੰ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ ਕਰਦਾ ਹੈ ਇਹ ਸੁਰੀਲਾ ਫਨਕਾਰ। ਇਸ ਖੇਤਰ ਵਿੱਚ ਸਤਿਗੁਰੂ ਹੋਰ ਬੁਲੰਦੀਆਂ ਬਖਸ਼ਣ ਜਸਵਿੰਦਰ ਲੋਹਟੀਆ ਨੂੰ।

# ਪਦਮ ਐਨਥਨੀ ਮਿਨੋਰਿੱਟੀ ਵਿੰਗ ਪ੍ਰਧਾਨ ਪੰਜਾਬ ਦੀ ਆਮ ਆਦਮੀ ਪਾਰਟੀ ਨਾਲ ਇਕ ਵਿਸ਼ੇਸ਼ ਮੁਲਾਕਾਤ

ਕ੍ਰਿਸਮਿਸ ਮੌਕੇ ਪਦਮ ਐਨਥਨੀ ਮਿਨੋਰਿੱਟੀ ਵਿੰਗ ਪ੍ਰਧਾਨ ਪੰਜਾਬ ਆਮ ਆਦਮੀ ਪਾਰਟੀ ਨਾਲ ਇਕ ਵਿਸ਼ੇਸ਼ ਮੁਲਾਕਾਤ ਕੀਤੀ ਗਈ ਜਿਸ ਵਿਚ ਓਹਨਾ ਵਲੋਂ ਇਸਾਈ ਧਰਮ ਅਤੇ ਕ੍ਰਿਸਮਿਸ ਨਾਲ ਜੁੜੀ ਜਾਣਕਾਰੀ ਦਿੱਤੀ ਗਈ ਓਹਨਾ ਵੱਲੋ ਦਸਿਆ ਗਿਆ ਕੇ 25 ਦਸੰਬਰ ਵਾਲੇ ਦਿਨ ਅੱਜ ਤੋਂ 2022 ਸਾਲ ਪਹਿਲਾ ਪ੍ਰਭੂ ਯਿਸੂ ਮਸੀਹ ਦਾ ਜਨਮ ਹੋਇਆ ਸੀ ਓਹਨਾ ਦੀ ਮਾਤਾ ਦਾ ਨਾਮ ਮਰਿਯਮ ਅਤੇ ਪਿਤਾ ਦਾ ਨਾਮ ਯੂਸੁਫ਼ ਸੀ ਓਹਨਾ ਦਾ ਜਨਮ ਬੇਤਲਮ ਇਸਰਾਇਲ ਵਿਚ ਹੋਇਆ। ਓਹਨਾ ਵੱਲੋ ਦਸਿਆ ਗਿਆ ਕੇ ਹਜਾਰਾਂ ਸਾਲ ਪਹਿਲਾਂ ਹੀ ਯਸ਼ਾਯਾ ਨਬੀ ਨੇ ਇਕ ਗ੍ਰੰਥ ਲਿਖਿਆ ਸੀ ਜਿਸ ਵਿੱਚ ਓਹਨਾ ਵਲੋਂ ਯਿਸੂ ਦੇ ਜਨਮ ਬਾਰੇ ਭਵਿੱਖਵਾਣੀ ਕੀਤੀ ਗਈ ਸੀ ਜਦੋਂ ਓਹਨਾਂ ਨੂੰ ਇਸ ਸ਼ਖਸ ਬਾਰੇ ਪੁਛਿਆ ਗਿਆ ਤਾਂ ਓਹਨਾ ਦਸਿਆ ਕੇ ਯਾਸ਼ਯਾ ਦਾ ਕੰਮ ਸਿਰਫ ਗ੍ਰੰਥ ਲਿਖਣਾ ਸੀ ਹੋਰ ਕੁਛ ਨਹੀਂ ਓਹਨਾ ਵੱਲੋ



ਅੱਗੇ ਬੋਲਦਿਆ ਇਹ ਲਿਖਿਆ ਗਿਆ ਕੇ ਪ੍ਰਭੂ ਯਿਸੂ ਮਸੀਹ ਦਾ ਕੰਮ ਦੁਨੀਆ ਵਿਚ ਮਨੁੱਖ ਜਾਤੀ ਦੇ ਪਾਪਾ ਦੀ ਮੁਆਫੀ ਲਈ ਹੋਇਆ। ਐਨਥਨੀ ਵੱਲੋ ਇਹ ਵੀ ਦਸਿਆ ਗਿਆ ਕਿ ਕ੍ਰਿਸਮਿਸ ਮੌਕੇ ਚਰਚਾ ਵਿਚ ਜੌ ਬੱਚੇ ਦੀ ਤਸਵੀਰ ਜਾਂ ਮੂਰਤੀ ਬਣਾਈ ਗਈ ਹੁੰਦੀ ਹੈ ਉਸਨੂੰ ਚਰਨੀ ਕਿਹਾ ਜਾਂਦਾ ਹੈ। ਅੱਗੇ ਓਹਨਾ ਤੋਂ ਸਵਾਲ ਕੀਤਾ ਗਿਆ ਕੇ ਝਇਸੁਸ ਬਾਰੇ ਲੋਕਾਂ ਦਾ ਕਹਿਣਾ ਹੈ ਕਿ ਉਹ ਧਰਤੀ ਤੇ ਆਉਣਗੇ ਤੁਹਾਡਾ ਕੀ ਵਿਚਾਰ ਹੈ ਓਹਨਾ ਵੱਲੋ ਦਸਿਆ ਗਿਆ ਕੇ ਇਹ ਸੱਚ ਹੈ ਹਾਂ Jesus ਆਉਣਗੇ ਅਤੇ ਉਹ ਸਾਰੇ ਲੋਕ ਜੌ ਇਮਾਨਦਾਰ ਹਨ ਚਾਹੇ ਕਿਸੇ ਵੀ ਜਾਤੀ ਧਰਮ ਦੇ ਹੋਣ ਪ੍ਰਭੂ ਜਿਸੁ ਜੀ ਓਹਨਾ ਨੂ ਆਪਣੇ ਨਾਲ ਲੈ ਕੇ ਜਾਣਗੇ । ਓਹਨਾਂ ਨੂੰ ਇਹ ਪੁੱਛਣ ਤੇ ਕਿ ਤੁਸੀ ਧਾਰਮਿਕ ਹੋ ਜਾ ਰਾਜਨੀਤਿਕ ਓਹਨਾ ਵੱਲੋ ਹਸਦਿਆ ਕਿਹਾ ਗਿਆ ਕਿ ਉਹ ਧਾਰਮਿਕ ਵੀ ਨੇ ਅਤੇ ਰਾਜਨੀਤੀ ਓਹਨਾ ਵਲੋਂ ਕਿਹਾ ਗਿਆ ਕੇ ਅਗਰ ਓਹਨਾ ਨੂੰ ਕਿਹਾ ਜਾਵੇ ਕਿ ਧਰਮ ਅਤੇ ਰਾਜਨੀਤੀ ਵਿੱਚੋ ਕੋਈ ਇੱਕ ਚੁਣੀ ਜਾਵੇ ਤਾਂ ਉਹ ਧਰਮ ਚੁਣਨਗੇ ਓਹਨਾ ਵਲੋਂ ਲੋਕਾਂ ਨੂੰ ਸੰਦੇਸ਼ ਦਿੱਤਾ ਗਿਆ ਕੇ ਲੋਕਾਂ ਨੂੰ ਆਪਣੀਆਂ ਬੁਰਾਈਆਂ ਬੇਈਮਾਨੀਆਂ ਝੂਠ ਛੱਡਕੇ ਪ੍ਰਭੂ ਪ੍ਰਤੀ ਇਮਾਨਦਾਰ ਰਹਿਣਾ ਚਾਹੀਦਾ ਹੈ।

# ਕਰੋਨਾ ਦੀ ਚੌਥੀ ਲਹਿਰ ਦੀ ਸੰਭਾਵਨਾ, ਮੁੱਖ ਮੰਤਰੀ ਵੱਲੋਂ ਲੋਕਾਂ ਨੂੰ ਮਾਸਕ ਪਾਉਣ ਦੀ ਅਪੀਲ

**ਚੰਡੀਗੜ੍ਹ (ਦਲਜੀਤ ਕੌਰ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਕੋਵਿਡ ਮਹਾਮਾਰੀ ਦੀ ਤਾਜ਼ਾ ਲਹਿਰ ਦੇ ਮੱਦੇਨਜ਼ਰ ਸੰਭਾਵਿਤ ਖ਼ਤਰੇ ਨਾਲ ਨਜਿੱਠਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਤਿਆਰ ਹੈ। ਅੱਜ ਇੱਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਆਪਣੇ ਦਫ਼ਤਰ ਵਿਚ ਮੁੱਖ ਮੰਤਰੀ ਨੇ ਕੋਵਿਡ ਸਬੰਧੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਦੌਰਾਨ ਸੂਬਾ ਸਰਕਾਰ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਮੁੱਖ ਮੰਤਰੀ ਨੇ ਕੋਵਿਡ ਵਾਇਰਸ ਦੇ ਫੈਲਾਅ ਨੂੰ ਰੋਕਣ ਅਤੇ ਹਰੇਕ ਵਿਅਕਤੀ ਦੀ ਸਿਹਤ ਦੀ ਰਾਖੀ ਲਈ ਜ਼ੋਰ ਦਿੰਦੇ ਹੋਏ ਸਾਰੀਆਂ ਵਿਦਿਅਕ ਸੰਸਥਾਵਾਂ, ਸਰਕਾਰੀ ਤੇ ਪ੍ਰਾਈਵੇਟ ਦਫ਼ਤਰਾਂ ਅਤੇ ਅੰਦਰੂਨੀ ਤੇ ਬਾਹਰੀ ਇਕੱਠਾਂ, ਮਾਲਜ਼, ਜਨਤਕ ਥਾਵਾਂ ਆਦਿ ਵਿਚ ਮਾਸਕ ਪਾਉਣ ਦੀ ਅਪੀਲ ਕੀਤੀ ਹੈ। ਇਸੇ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਕੋਵਿਡ-19 ਦੇ ਅਨੁਕੂਲ ਇਹਤਿਆਤੀ ਕਦਮਾਂ ਜਿਵੇਂ ਕਿ ਸਮਾਜਿਕ ਦੂਰੀ, ਜਨਤਕ ਥਾਵਾਂ ਉਤੇ ਨਾ ਥੁੱਕਣ ਅਤੇ ਹੋਰ ਸਾਵਧਾਨੀਆਂ ਦੀ ਵਰਤੋਂ ਦੀ ਪੂਰੀ ਪਾਲਣਾ ਕੀਤੀ ਜਾਵੇ। ਜੇਕਰ ਕਿਸੇ ਵਿਅਕਤੀ ਵਿਚ ਕਰੋਨਾ ਦੇ ਲੱਛਣ ਸਾਹਮਣੇ ਆਉਂਦੇ ਹਨ ਤਾਂ ਕੋਵਿਡ ਟੈਸਟ ਕਰਵਾਉਣ ਦੇ ਨਾਲ-ਨਾਲ ਇਸ ਨਾਲ ਸਬੰਧਤ ਸਾਵਧਾਨੀਆਂ ਵੀ ਵਰਤੀਆਂ ਜਾਣ।

ਕੋਵਿਡ ਦੀ ਕਿਸੇ ਵੀ ਤਰ੍ਹਾਂ ਦੀ ਸੰਭਾਵੀ ਸਥਿਤੀ ਨਾਲ ਨਿਪਟਣ ਲਈ ਪੰਜਾਬ ਸਰਕਾਰ ਸੂਬਾ ਪੱਧਰੀ ਕੰਟਰੋਲ ਰੂਮ ਸਥਾਪਤ ਕਰੇਗੀ। ਕੋਵਿਡ ਟੈਸਟ ਕਰ ਰਹੇ ਸਾਰੇ ਹਸਪਤਾਲਾਂ, ਲੈਬਾਰਟਰੀਆਂ, ਕੁਲੈਕਸ਼ਨ ਸੈਂਟਰਾਂ ਨੂੰ ਪੰਜਾਬ ਸਰਕਾਰ ਦੇ ਕੋਵਾ ਪੋਰਟਲ ਉਤੇ ਕੋਵਿਡ ਟੈਸਟਾਂ ਦੀਆਂ ਪਾਜ਼ੇਟਿਵ ਤੇ ਨੈਗੇਟਿਵ ਰਿਪੋਰਟਾਂ ਅਪਲੋਡ ਕੀਤੀਆਂ ਜਾਣ ਅਤੇ ਇਸ ਤੋਂ ਇਲਾਵਾ ਸਬੰਧਤ ਜ਼ਿਲ੍ਹਾ ਤੇ ਸੂਬਾ ਪੱਧਰ ਦੇ ਕੋਵਿਡ-19 ਸੈੱਲ ਨੂੰ ਟੈਸਟਾਂ ਬਾਰੇ ਮੁਕੰਮਲ ਜਾਣਕਾਰੀ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਦੀ ਕੋਵਿਡ-19 ਦੀ ਦੂਜੀ ਖੁਰਾਕ ਅਤੇ ਇਹਤਿਆਤੀ ਖੁਰਾਕ ਲਗਵਾਉਣ ਤੋਂ ਰਹਿੰਦੀ ਹੈ, ਉਨ੍ਹਾਂ ਨੂੰ ਛੇਤੀ ਤੋਂ ਛੇਤੀ ਇਹ ਖੁਰਾਕ ਲੈ ਲੈਣੀ ਚਾਹੀਦੀ ਹੈ।



ਮੁੱਖ ਮੰਤਰੀ ਨੇ ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ ਕੀਤੇ ਜਾ ਰਹੇ ਕੰਮਾਂ ਉਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਹਰੇਕ ਸਬ-ਡਿਵੀਜ਼ਨਲ ਹਸਪਤਾਲ ਵਿੱਚ ਇਹ ਟੈਸਟ ਹਰੇਕ ਸ਼ਨਿੱਚਰਵਾਰ ਤੇ ਐਤਵਾਰ ਨੂੰ ਵੀ ਕੀਤੇ ਜਾਂਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਬੱਚਿਆਂ ਲਈ ਆਕਸੀਜਨ ਦੀ ਵਿਵਸਥਾ ਵਾਲੇ ਰਾਖਵੇਂ ਲੈਵਲ-2 ਬੈੱਡਾਂ ਦੀ ਗਿਣਤੀ 790 ਹੈ ਅਤੇ ਲੋੜ ਪੈਣ ਉਤੇ ਬੱਚਿਆਂ ਲਈ 324 ਆਈ.ਸੀ.ਯੂ. ਬੈੱਡ ਵੀ ਉਪਲਬਧ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਲੋੜ ਪੈਣ ਉਤੇ 3518 ਹੋਰ ਲੈਵਲ-2 ਅਤੇ 142 ਹੋਰ ਆਈ.ਸੀ.ਯੂ. ਬੈੱਡ ਮੁਹੱਈਆ ਕੀਤੇ ਜਾਣਗੇ। ਭਗਵੰਤ ਮਾਨ ਨੇ ਕਿਹਾ ਕਿ ਜ਼ਰੂਰਤ ਹੋਣ ਉਤੇ 14701 ਲੈਵਲ-2 ਅਤੇ 3132 ਲੈਵਲ-3 ਬੈੱਡ ਉਪਲਬਧ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਭਰ ਵਿੱਚ 23 ਲਿਕੁਅਡ ਮੈਡੀਕਲ ਆਕਸੀਜਨ (ਐਲ.ਐਮ.ਓ.) ਸਟੋਰੇਜ਼ ਟੈਂਕ (ਐਮ.ਜੀ.ਪੀ.ਐਸ. ਸਮੇਤ) ਲਗਾ ਦਿੱਤੇ ਗਏ ਹਨ ਅਤੇ 87 ਪ੍ਰੈਸ਼ਰ ਸਵਿੰਗ ਅਬਸੌਰਪਸ਼ਨ ਪਲਾਂਟ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਰੇ ਹਸਪਤਾਲਾਂ ਵਿੱਚ ਸਰਦੀ-ਜ਼ੁਕਾਮ, ਬਿਮਾਰੀ, ਸਾਹ ਲੈਣ ਵਿੱਚ ਦਿੱਕਤ ਅਤੇ ਲਾਗ ਤੋਂ ਪੀੜਤ ਮਰੀਜ਼ਾਂ ਦੀ ਟੈਸਟਿੰਗ ਵਧਾਉਣ ਲਈ ਅਧਿਕਾਰੀਆਂ ਨੂੰ ਕਿਹਾ ਗਿਆ ਹੈ। ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਕੋਵਿਡ ਪਾਜ਼ੇਟਿਵ ਆਉਣ ਵਾਲੇ ਸਾਰੇ ਮਰੀਜ਼ਾਂ ਦੀ ਸਮੁੱਚੀ ਜੀਨੋਮ ਸਿਕੁਐਂਸਿੰਗ (ਕੋਰੋਨਾ ਦੇ ਵਿਸ਼ਾਣੂ ਦੀ ਉਤਪੱਤੀ) ਦਾ ਪਤਾ ਲਾਉਣਾ ਵੀ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਇਸ ਗੱਲ ਉਤੇ ਸੰਤੁਸ਼ਟੀ ਪ੍ਰਗਟ ਕੀਤੀ ਕਿ ਹੁਣ ਤੱਕ 98 ਫੀਸਦੀ ਤੋਂ ਵੱਧ ਆਬਾਦੀ ਨੂੰ ਕੋਵਿਡ-19 ਦੀ ਪਹਿਲੀ ਖੁਰਾਕ ਦਿੱਤੀ ਜਾ ਚੁੱਕੀ ਹੈ ਅਤੇ 86 ਫੀਸਦੀ ਆਬਾਦੀ ਦੇ ਦੂਜੀ ਖੁਰਾਕ ਵੀ ਲੱਗ ਚੁੱਕੀ ਹੈ ਪਰ ਉਨ੍ਹਾਂ ਫਿਰ ਵੀ ਲੋਕਾਂ ਨੂੰ ਕਿਹਾ ਕਿ ਸਾਨੂੰ ਨਵੀਂ ਲਹਿਰ ਦੇ ਫੈਲਾਅ ਨੂੰ ਰੋਕਣ ਲਈ ਪੂਰੀ ਤਰ੍ਹਾਂ ਚੌਕਸ ਰਹਿਣਾ ਚਾਹੀਦਾ ਹੈ।

## ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਸੁਨਾਮ ਦੇ ਯੂਥ ਕਲੱਬਾਂ ਨੂੰ ਖੇਡ ਕਿੱਟਾਂ ਦੀ ਵੰਡ

**ਸੁਨਾਮ ਊਧਮ ਸਿੰਘ ਵਾਲਾ (ਦਲਜੀਤ ਕੌਰ)-** ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਵਿਚ ਖੇਡ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਲਗਾਤਾਰ ਠੋਸ ਕਦਮ ਚੁੱਕੇ ਜਾ ਰਹੇ ਹਨ ਅਤੇ ਹਾਲ ਹੀ ਵਿਚ




ਖੇਡਾਂ ਵਤਨ ਪੰਜਾਬ ਦੀਆਂ ਤਹਿਤ ਕਰਵਾਏ ਗਏ ਖੇਡ ਮੁਕਾਬਲਿਆਂ ਨੇ ਪੰਜਾਬ ਦੇ ਮਿਹਨਤੀ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਅਹਿਮ ਭੂਮਿਕਾ ਨਿਭਾਈ ਹੈ।

ਇਹ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਸ਼ਾਮ ਸੁਨਾਮ ਹਲਕੇ ਦੇ ਯੂਥ ਕਲੱਬਾਂ ਨੂੰ ਵਾਲੀਬਾਲ ਅਤੇ ਕ੍ਰਿਕਟ ਦੀਆਂ 17 ਖੇਡ ਕਿੱਟਾਂ ਦੀ ਵੰਡ ਕਰਦਿਆਂ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਖਿਡਾਰੀ ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਵੱਡੀਆਂ ਮੱਲਾਂ ਮਾਰਨ ਦੇ ਸਮਰੱਥ ਬਣ ਸਕਣ, ਇਹ ਪੰਜਾਬ ਸਰਕਾਰ ਦਾ ਟੀਚਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤਿ ਆਧੁਨਿਕ ਖੇਡ ਢਾਂਚਾ ਅਤੇ ਤਕਨੀਕੀ ਸਿਖਲਾਈ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਖਿਡਾਰੀਆਂ ਨੂੰ ਭਵਿੱਖ ਦੇ ਸੁਨਹਿਰੀ ਪੰਨਿਆਂ ਵਿੱਚ ਆਪਣਾ ਨਾਮ ਦਰਜ ਕਰਵਾਉਣ ਲਈ ਸਖ਼ਤ ਮਿਹਨਤ ਤੇ ਲਗਨ ਨਾਲ ਅਭਿਆਸ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਖੇਡਾਂ ਜ਼ਰੀਏ ਹੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕਦਾ ਹੈ ਕਿਉਂਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਇਸ ਮੌਕੇ ਬਲਾਕ ਪ੍ਰਧਾਨ ਮਨੀ ਸਰਾਓ, ਮੁਕੇਸ਼ ਜੁਨੇਜਾ, ਮਨਪ੍ਰੀਤ ਬਾਂਸਲ ਸਾਮਿਲ ਸਨ।

## ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸੰਗਰੂਰ ਵੱਲੋਂ ਤਿੰਨ ਪਲੇਸਮੈਂਟ ਕੈਂਪ ਲਗਾ ਕੇ ਮਨਾਇਆ ਗਿਆ ਸੁਸ਼ਾਸਨ ਹਫ਼ਤਾ

**ਸੰਗਰੂਰ (ਦਲਜੀਤ ਕੌਰ -** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵੱਲੋਂ ਇਸ ਹਫਤੇ ਦੌਰਾਨ ਤਿੰਨ ਪਲੇਸਮੈਂਟ ਕੈਂਪ ਲਗਾ ਕੇ ਇਸ ਨੂੰ ਸੁਸ਼ਾਸਨ ਹਫਤੇ ਦੇ ਰੂਪ ਵਿੱਚ ਮਨਾਇਆ ਗਿਆ।

ਇਸ ਸੰਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਸੰਗਰੂਰ ਰਵਿੰਦਰਪਾਲ ਸਿੰਘ ਵੱਲੋਂ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਅੱਜ ਪੁਖ਼ਰਾਜ ਹੈਲਥ ਕੇਅਰ ਕੰਪਨੀ ਦੇ ਸਹਿਯੋਗ ਨਾਲ ਵੈੱਲਨੈਸ ਐਡਵਾਈਜ਼ਰ ਦੀ ਆਸਾਮੀ ਲਈ ਤੀਜਾ ਪਲੇਸਮੈਂਟ ਕੈਂਪ ਲਾਇਆ ਗਿਆ। ਇਸ ਇੰਟਰਵਿਊ ਵਿੱਚ ਕੁੱਲ 78 ਦੇ ਕਰੀਬ ਪ੍ਰਾਰਥੀਆਂ ਨੇ ਭਾਗ ਲਿਆ ਅਤੇ ਕੰਪਨੀ ਵੱਲੋਂ ਮੌਕੇ 'ਤੇ ਹੀ ਕੁੱਲ 70 ਪ੍ਰਾਰਥੀਆਂ ਦੀ ਚੋਣ ਕੀਤੀ ਗਈ।



ਇੰਟਰਵਿਊ ਦੌਰਾਨ ਜ਼ਿਲ੍ਹਾ ਰੋਜ਼ਗਾਰ ਅਫਸਰ ਸੰਗਰੂਰ ਵੱਲੋਂ ਪ੍ਰਾਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਉਨ੍ਹਾਂ ਨੇ ਪ੍ਰਾਰਥੀਆਂ ਨੂੰ ਦੱਸਿਆ ਕਿ ਇਹ ਪਲੇਸਮੈਂਟ ਕੈਂਪ ਕੇਵਲ ਪ੍ਰਾਈਵੇਟ ਨੌਕਰੀਆਂ ਲਈ ਹੀ ਲਗਾਏ ਜਾਂਦੇ ਹਨ ਅਤੇ ਸਰਕਾਰੀ ਨੌਕਰੀ ਲਈ ਪ੍ਰਾਰਥੀ ਕਾਊਂਸਲਿੰਗ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਪ੍ਰਾਰਥੀਆਂ ਨੂੰ ਡੀ.ਬੀ.ਈ.ਈ. ਸੰਗਰੂਰ ਵਿਖੇ ਉਪਲੱਬਧ ਸਹੂਲਤਾਂ ਸੰਬੰਧੀ ਜਾਣਕਾਰੀ ਮੁਹੱਈਆ ਕਰਵਾਈ। ਉਨ੍ਹਾਂ ਨੇ ਪ੍ਰਾਰਥੀਆਂ ਨੂੰ ਇਸ ਦਫ਼ਤਰ ਦੁਆਰਾ ਬਣਾਏ ਗਏ ਵੱਟਸਐਪ ਗਰੁੱਪਾਂ ਦਾ ਹਿੱਸਾ ਬਣਨ ਲਈ ਕਿਹਾ ਤਾਂ ਜੋ ਇਨ੍ਹਾਂ ਪ੍ਰਾਰਥੀਆਂ ਨੂੰ ਨਵੀਆਂ ਨਿਕਲਣ ਵਾਲੀਆਂ ਸਰਕਾਰੀ/ ਪ੍ਰਾਈਵੇਟ ਨੌਕਰੀਆਂ ਅਤੇ ਇਸ ਦਫਤਰ ਵਿਖੇ ਲਗਾਏ ਜਾਣ ਵਾਲੇ ਪਲੇਸਮੈਂਟ ਕੈਂਪਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਰਹੇ। ਇਸ ਤੋਂ ਇਲਾਵਾ ਉਨ੍ਹਾਂ ਨੇ ਪ੍ਰਾਰਥੀਆਂ ਨੂੰ ਇਸ ਦਫਤਰ ਦੇ ਫੇਸਬੁੱਕ ਪੇਜ਼, ਇਸਟਾਗ੍ਰਾਮ ਪੇਜ਼ ਅਤੇ ਟੈਲੀਗ੍ਰਾਮ ਪੇਜ਼ ਨੂੰ ਫੋਲੋ ਕਰਨ ਲਈ ਵੀ ਕਿਹਾ ਅਤੇ ਭਵਿੱਖ ਵਿੱਚ ਲੱਗਣ ਵਾਲੇ ਪਲੇਸਮੈਂਟ ਕੈਂਪਾਂ ਵਿੱਚ ਭਾਗ ਲੈਂਦੇ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੀ. ਐਸ. ਡੀ.ਐੱਮ.- ਡੀ. ਪੀ. ਐੱਮ. ਯੂ. ਸੰਗਰੂਰ ਦੇ ਨੁਮਾਇੰਦੇ ਵੀ ਮੌਜੂਦ ਸਨ।

## ਜ਼ਿਲ੍ਹੇ ਦੀਆਂ ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਵਿੱਚ ਪੰਜਾਬੀ ਭਾਸ਼ਾ ਪੂਰਨ ਤੌਰ 'ਤੇ ਲਾਗੂ ਕੀਤੀ ਜਾਵੇ : ਡਿਪਟੀ ਕਮਿਸ਼ਨਰ

**ਸੰਗਰੂਰ (ਦਲਜੀਤ ਕੌਰ -** ਰਾਜ ਵਿੱਚ ਪੰਜਾਬੀ ਭਾਸ਼ਾ ਨੂੰ ਬਣਦਾ ਸਥਾਨ ਦੇਣ ਲਈ ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਜਤਿੰਦਰ ਜੋਰਵਾਲ ਨੇ ਹਦਾਇਤ ਕੀਤੀ ਹੈ ਕਿ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਜ਼ਿਲ੍ਹੇ ਵਿਚ ਸਥਿਤ ਪੰਜਾਬ ਰਾਜ ਦੇ ਸਮੂਹ ਸਰਕਾਰੀ ਦਫ਼ਤਰਾਂ, ਵਿਭਾਗਾਂ, ਅਦਾਰਿਆਂ, ਸੰਸਥਾਵਾਂ, ਵਿਦਿਅਕ ਅਦਾਰਿਆਂ, ਬੋਰਡਾਂ, ਨਿਗਮਾਂ, ਗ਼ੈਰ ਸਰਕਾਰੀ ਸੰਸਥਾਵਾਂ, ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ, ਨਾਮ ਪੱਟੀਆਂ, ਮੀਲ ਪੱਥਰ, ਸਾਇਨ ਬੋਰਡਾਂ ਉੱਪਰ ਸਭ ਤੋਂ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ ) ਵਿੱਚ ਮਿਤੀ 21-02-2023 ਤੋਂ ਪਹਿਲਾਂ ਲਿਖਣੇ ਯਕੀਨੀ ਬਣਾਏ ਜਾਣ। ਉਨ੍ਹਾਂ ਕਿਹਾ ਕਿ ਸ਼ਬਦ-ਜੋੜਾਂ ਦਾ ਵਿਸ਼ੇਸ ਧਿਆਨ ਰੱਖਿਆ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਨਿਰਧਾਰਤ ਮਿਤੀ ਤੱਕ ਇਹਨਾਂ ਹੁਕਮਾਂ ਨੂੰ ਅਮਲ ਵਿਚ ਨਹੀਂ ਲਿਆਂਦਾ ਜਾਂਦਾ ਤਾਂ ਪੰਜਾਬ ਰਾਜ ਭਾਸ਼ਾ (ਤਰਮੀਮ ) ਐਕਟ-2008 ਅਤੇ 2021 ਵਿਚ ਕੀਤੇ ਉਪਬੰਧਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।



## ਮਨਸੂਰਵਾਲ (ਜੀਰਾ) ਸ਼ਰਾਬ ਅਤੇ ਕੈਮੀਕਲ ਫੈਕਟਰੀ ਬੰਦ ਕਰੋ: ਹਰਦਾਸਪੁਰਾ, ਰਾਏਸਰ

**ਮਹਿਲਕਲਾਂ (ਦਲਜੀਤ ਕੌਰ)-** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਸਾਉਣੀ ਦੇ ਸੀਜ਼ਨ ਫੰਡ ਨੂੰ ਜਾਰੀ ਰੱਖਦਿਆਂ ਪਿੰਡ ਮੂੰਮ ਅਤੇ ਰਾਏਸਰ ਪਟਿਆਲਾ ਵਿਖੇ ਦਸਵੇਂ ਦਿਨ ਵੀ ਬਲਾਕ ਆਗੂਆਂ ਦੀ ਹਾਜ਼ਰੀ ਵਿੱਚ ਮੁਹਿੰਮ ਜਾਰੀ ਰੱਖੀ। ਦੋਵੇਂ ਪਿੰਡਾਂ ਦੇ ਵਾਸੀਆਂ ਨੇ ਆਉਣ ਵਾਲੇ ਸੰਘਰਸ਼ਾਂ ਦੀ ਲੋੜ ਨੂੰ ਮੁੱਖ ਰੱਖਦਿਆਂ ਖੁੱਲੇ ਮਨ ਨਾਲ ਆਰਥਿਕ ਸਹਿਯੋਗ ਵਿੱਚ ਹਿੱਸਾ ਪਾਇਆ।

ਇਸੇ ਦੌਰਾਨ ਘਰ-ਘਰ ਤੋਂ ਸ਼ੁਰੂ ਕੀਤੀ ਮੁਹਿੰਮ ਦੌਰਾਨ ਕਿਸਾਨ ਆਗੂਆਂ ਨੇ ਦੂਜੇ ਪੜਾਅ ਦੇ ਸ਼ੁਰੂ ਹੋਏ ਸੰਘਰਸ਼ ਦੀਆਂ ਮੰਗਾਂ ਬਾਰੇ ਗੱਲ ਕਰਦਿਆਂ ਕਿਸਾਨ ਆਗੂਆਂ ਜਗਰਾਜ ਹਰਦਾਸਪੁਰਾ, ਅਮਨਦੀਪ ਰਾਏਸਰ ਨੇ ਕਿਹਾ ਕਿ ਐਸਕੇਐੱਮ ਦੀ ਅਗਵਾਈ ਹੇਠ 9 ਦਸੰਬਰ 2021 ਨੂੰ ਕੇਂਦਰੀ ਹਕੂਮਤ ਵੱਲੋਂ ਐਮਐਸਪੀ ਨੂੰ ਸਾਰੀਆਂ ਫ਼ਸਲਾਂ ਤੇ ਲਾਗੂ ਕਰਨ, ਲਖੀਮਪੁਰ ਖੀਰੀ ਦੋਸ਼ੀਆਂ ਨੂੰ ਸਖਤ ਸਜਾਵਾਂ ਦਿਵਾਉਣ, ਗ੍ਰਿਫਤਾਰ ਕੀਤੇ ਚਾਰ ਕਿਸਾਨਾਂ ਨੂੰ ਰਿਹਾਅ ਕਰਵਾਉਣ, ਪੁਲਿਸ ਕੇਸ ਵਾਪਸ ਕਰਵਾਉਣ, ਸ਼ਹੀਦ ਕਿਸਾਨ ਪ੍ਰੀਵਾਰਾਂ ਲਈ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦਿਵਾਉਣ ਲਈ ਕੀਤੇ ਲਿਖਤੀ ਸਮਝੌਤੇ ਅਨੁਸਾਰ ਮੰਗਾਂ ਦੀ ਪ੍ਰਾਪਤੀ ਲਈ ਮੋਦੀ ਸਰਕਾਰ ਖਿਲਾਫ਼ ਸੰਘਰਸ਼ ਜਾਰੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਮਨਸੂਰਵਾਲ (ਜੀਰਾ) ਵਿਖੇ ਸ਼ਰਾਬ ਅਤੇ ਕੈਮੀਕਲ ਦੀ ਫੈਕਟਰੀ ਧਰਤੀ ਹੇਠਲੇ ਪਾਣੀ, ਹਵਾ ਅਤੇ ਮਿੱਟੀ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਰਹੀ ਸ਼ਰਾਬ ਫੈਕ-ਟਰੀ ਬੰਦ ਕਰਾਉਣ ਲਈ ਇਲਾਕੇ ਦੇ ਇਨਸਾਫ਼ ਪਸੰਦ ਲੋਕਾਂ ਵੱਲੋਂ ਪੰਜ ਮਹੀਨਿਆਂ ਤੋਂ ਲਾਏ ਪੱਕੇ ਮੋਰਚੇ ਨੂੰ ਪੁਲਿਸ ਜਬਰ ਰਾਹੀਂ ਉਠਾਉਣ ਅਤੇ ਪੁਲਿਸ ਵੱਲੋਂ ਛਾਪੇਮਾਰੀ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਸੰਘਰਸ਼ ਕਰ ਰਹੇ ਲੋਕਾਂ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕਰਦੇ ਹੋਇਆਂ ਪੁਲਿਸ ਛਾਪੇਮਾਰੀ ਬੰਦ ਕਰਨ ਅਤੇ ਗ੍ਰਿਫਤਾਰ ਕੀਤੇ ਆਗੂਆਂ ਦੀ ਬਿਨਾਂ ਸ਼ਰਤ ਤੁਰੰਤ ਰਿਹਾਈ ਦੀ ਮੰਗ ਕੀਤੀ।



ਕਿਸਾਨ ਆਗੂਆਂ ਨੇ ਕਿਹਾ ਕਿ ਬੁਲਡੋਜ਼ਰ ਮੁਹਿੰਮ ਨੇ 70 ਸਾਲ ਤੋਂ ਲਤੀਫਪੁਰਾ (ਜਲੰਧਰ) ਵਿਖੇ ਰਹਿ ਰਹੇ ਲੋਕਾਂ ਨੂੰ ਉਜਾੜ ਕੇ ਨੀਲੇ ਅੰਬਰ ਥੱਲੇ ਰਹਿਣ ਲਈ ਮਜ਼ਬੂਰ ਕਰਨ ਦੇ ਪ੍ਰਸ਼ਾਸ਼ਨ ਦੇ ਅਣਮਨੁੱਖੀ, ਅਸੰਵੇਦਨਸ਼ੀਲ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਪਾਣੀ, ਮਿੱਟੀ ਅਤੇ ਹਵਾ ਨੂੰ ਪਲੀਤ ਕਰ ਰਹੀ ਅਕਾਲੀ ਆਗੂ ਸ਼ਰਾਬ ਕਾਰੋਬਾਰੀ ਦੀਪ ਮਲਹੋਤਰਾ ਦੀ ਮਲਬਰੋਸ ਇੰਟਰਨੈਸ਼ਨਲ ਨਾਂ ਦੀ ਇਸ ਫੈਕਟਰੀ ਨੂੰ ਬਿਨਾਂ ਕਿਸੇ ਦੇਰੀ ਬੰਦ ਕਰੇ ਅਤੇ ਲਤੀਫਪੁਰਾ ਦੇ ਲੋਕਾਂ ਲਈ ਤੁਰੰਤ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ।

ਇਸ ਸਮੇਂ ਕਿਸਾਨ ਆਗੂਆਂ ਅਮਰਜੀਤ ਮਹਿਲ ਖ਼ੁਰਦ, ਅਜਮੇਰ ਕਾਲਸਾਂ, ਜਗਸੀਰ ਸਿੰਘ ਜੱਗਾ, ਸਤਨਾਮ ਸਿੰਘ, ਭਿੰਦਰ ਸਿੰਘ ਅਤੇ ਜਸਦੇਵ ਸਿੰਘ ਜੱਸਾ ਨੇ ਕਿਸਾਨੀ/ਲੋਕ ਸੰਘਰਸ਼ਾਂ ਲਈ ਫੰਡ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਆਗੂਆਂ ਨੇ ਮੂੰਮ ਅਤੇ ਰਾਏਸਰ ਪਟਿਆਲਾ ਦੇ ਕਿਸਾਨ ਮਰਦ-ਔਰਤਾਂ ਅਤੇ ਨੌਜਵਾਨ ਕਿਸਾਨਾਂ ਵੱਲੋਂ ਸ਼ਾਨਾਮੱਤਾ ਭੂਮਿਕਾ ਦੀ ਜੋਰਦਾਰ ਸ਼ਲਾਘਾ ਕੀਤੀ। ਇਹ ਫੰਡ ਮੁਹਿੰਮ ਕਿਸਾਨ ਆਗੂਆਂ ਪਿੰਦਰਪਾਲ ਸਿੰਘ, ਬਲਵੀਰ ਸਿੰਘ, ਗੁਰਦਿਆਲ ਸਿੰਘ, ਬਲੌਰ ਸਿੰਘ, ਗੁਰਚਰਨ ਸਿੰਘ, ਬੱਗੜ ਸਿੰਘ ਮੂੰਮ, ਜਸਵਿੰਦਰ ਸਿੰਘ ਜੱਸਾ ਗਹਿਲ, ਗੋਰਾ ਸਿੰਘ ਰਾਏਸਰ, ਹਰਪਾਲ ਸਿੰਘ ਪਾਲਾ ਹਰਦਾਸ ਪੁਰਾ, ਇਕਾਈ ਪ੍ਰਧਾਨ ਕਾਲਾ ਸਿੰਘ ਅਰਸ਼, ਜੱਗੋ, ਟੋਨੀ, ਗੋਰਾ, ਗੱਗੂ, ਅਮਰਜੀਤ ਬਿੱਕੀ ਜੱਗੀ, ਬੱਬਾ ਰਾਏਸਰ, ਅਮਨ ਸ਼ਰਮਾ ਰਾਏਸਰ, ਪਟਿਆ਼ਲਾ ਆਦਿ ਆਗੂਆਂ ਦੇ ਸਰਗਰਮ ਸਹਿਯੋਗ ਨਾਲ ਨੇਪਰੇ ਚੜੀ।

# ਪੰਜਾਬ ਦੇ ਮੁਲਜ਼ਮਾਂ ਨੂੰ ਤਨਖਾਹਾਂ ਦੇਣ ਲਈ ਪੰਜਾਬ ਸਰਕਾਰ ਕੋਲ ਪੈਸਾ ਨਹੀ ਹੈ, ਰੋਜ਼ਾਨਾ ਦੇ ਰਹੀ ਕਰੋੜਾਂ ਦੇ ਇਸ਼ਤਿਹਾਰ: ਰਾਜੇਸ਼ ਬਾਘਾ



**ਚੰਡੀਗੜ–** ਪੰਜਾਬ ਭਾਜਪਾ ਦੇ ਸੂਬਾ ਜਨਰਲ ਸਕੱਤਰ ਰਾਜੇਸ਼ ਬਾਘਾ ਨੇ ਭਗਵੰਤ ਮਾਨ ਸਰਕਾਰ ਵਲੋਂ ਪੰਜਾਬ ਦੇ ਮੁਲਾਜ਼ਮਾਂ ਦੀਆਂ ਸਮੇਂ ਸਿਰ ਤਨਖਾਹਾਂ ਨਾ ਦੇਣ ਤੇ ਪੰਜਾਬ ਸਰਕਾਰ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਦੇ ਮੁਲਜ਼ਮਾਂ ਨੂੰ ਤਨਖਾਹਾਂ ਦੇਣ ਲਈ ਪੰਜਾਬ ਸਰਕਾਰ ਕੋਲ ਪੈਸਾ ਨਹੀ ਹੈ, ਪਰ ਰੋਜ਼ਾਨਾ ਇਸਤਿਹਾਰ ਰਾਹੀਂ ਆਪਣੀ ਝੂਠੀ ਵਾਹ- ਵਾਹ ਖੱਟਣ ਲਈ ਰੋਜ਼ਾਨਾ ਕਰੋੜਾਂ ਰੁਪਏ ਇਸ਼ਤਿਹਾਰ ਪੰਜਾਬ ਦੇ ਖਜਾਨੇ ਵਿਚੋਂ ਖਰਚ ਰਹੀ ਹੈਂ ਜਨਤਾ ਦੇ ਟੈਕਸ ਦਾ ਪੈਸਾ ਆਪਣੀ ਝੂਠੀ ਸ਼ੋਹਰਤ ਹਾਸਿਲ ਲਈ ਉਡਾਉਣ ਭਗਵੰਤ ਮਾਨ ਸਰਕਾਰ ਲਈ ਡੁੱਬ ਮਾਰਨ ਵਾਲੀ ਗੱਲ ਹੈ।

ਰਾਜੇਸ਼ ਬਾਘਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸਰਕਾਰ ਬਣਾਉਣ ਲਈ ਲੋਕਾਂ ਨੂੰ ਰੱਜ ਕੇ ਝੂਠ ਬੋਲਿਆ, ਜਿਸ ਵਿੱਚ ਸਾਰੇ ਕੱਚੇ ਮੁਲਾਜ਼ਮ ਪੱਕੇ ਕਰਾਂਗੇ, ਲੱਖਾਂ ਨਵੇਂ ਮੁਲਾਜ਼ਮ ਭਰਤੀ ਕੀਤੇ ਜਾਣਗੇ, ਰੈਗੁਲਰ ਭਰਤੀ ਕਰਾਂਗੇ ਜੋ ਕਿ ਕੁਝ ਨਹੀਂ ਕੀਤੀ ਉਲਟਾ ਪੁਰਾਣੇ ਮੁਲਜ਼ਮਾਂ ਨੂੰ ਤਨਖਾਹਾਂ ਵੀ ਨਹੀਂ ਦੇ ਰਹੀ ਹੈ ਇਹ ਭਗਵੰਤ ਮਾਨ ਸਰਕਾਰ।

# ਪੰਜਾਬ ਦੇ ਅਤਿ ਅਹਿਮ ਅਹੁਦਿਆਂ ‘ਤੇ ਆਪਣੇ ਦਿੱਲੀ ਦੇ ਚਹੇਤਿਆਂ ਨੂੰ ਨਿਯੁਕਤ ਕਰਕੇ ਪੰਜਾਬੀਆਂ ਦੀ ਅਣਖ ਨੂੰ ਵੰਗਾਰ ਰਿਹਾ ਹੈ ਕੇਜਰੀਵਾਲ: ਅਸ਼ਵਨੀ ਸ਼ਰਮਾ

**ਚੰਡੀਗੜ–** ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਆਮ ਆਦਮੀ ਪਾਰਟੀ ਸੁਪਰੀਮੋ ਅੰਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਦੇ ਆਪਣੇ ਚਹੇਤਿਆਂ ਅਤੇ ਨਿਕਟਵਰਤੀਆਂ ਨੂੰ ਪੰਜਾਬ ਦੇ ਅਤਿ ਅਹਿਮ ਅਹੁਦਿਆਂ ‘ਤੇ ਨਿਯੁਕਤੀਆਂ ਦੇਣ ਦਾ ਵਿਰੋਧ ਜਤਾਉਂਦੇ ਹੋਏ ਕਿਹਾ ਕਿ ਕੇਜਰੀਵਾਲ ਵਲੋਂ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਨੇ ਭਾਜਪਾ ਵਲੋਂ ਸ਼ੁਰੂ ‘ਤੋਂ ਪੰਜਾਬ ਸਰਕਾਰ ਨੂੰ ਦਿੱਲੀ ‘ਤੋਂ ਰਿਮੋਟ ਰਾਹੀਂ ਚਲਾਉਣ ਦੀ ਕਹੀ ਜਾ ਰਹੀ ਗੱਲ ‘ਤੇ ਪੱਕੀ ਮੋਹਰ ਲਾ ਦਿੱਤੀ ਹੈਂ ਸ਼ਰਮਾ ਨੇ ਕੇਜਰੀਵਾਲ ਅਤੇ ਮੁਖਮੰਤਰੀ ਭਗਵੰਤ ਮਾਨ ‘ਤੇ ਵਰ੍ਹਦਿਆਂ ਕਿਹਾ ਕਿ ਅਰਵਿੰਦ ਕੇਜਰੀਵਾਲ ਪੰਜਾਬੀਆਂ ਦੀ ਅਣਖ ਨੂੰ ਵੰਗਾਰ ਰਿਹਾ ਹੈ ਅਤੇ ਇੰਝ ਲੱਗ ਰਿਹਾ ਹੈ ਜਿਵੇਂ ਆਮ ਆਦਮੀ ਪਾਰਟੀ ਨੂੰ ਪੰਜਾਬੀਆਂ ਦੀ ਕਾਬਲੀਅਤਾਂ ਤੇ ਯਕੀਨ ਨਹੀਂ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ ਦਾ ਚੇਅਰਮੈਨ ਅਤੇ ਮੈਂਬਰ ਪੰਜਾਬ ਤੋਂ ਹੀ ਲਗਾਉਣ ਬਜਾਏ ਅਰਵਿੰਦ ਕੇਜਰੀਵਾਲ ਨੇ ਆਪਣੇ ਅਤਿ ਨਜਦੀਕੀ ਦਿੱਲੀ ਦੇ ਸੇਵਾ ਮੁਕਤ ਅਧਿਕਾਰੀ ਸੱਤਿਆ ਗੋਪਾਲ ਨੂੰ ਚੇਅਰਮੈਨ ਅਤੇ ਦਿੱਲੀ ਦੇ ਰਕੇਸ ਗੋਇਲ ਨੂੰ ਮੈਂਬਰ ਨਾਮਜ਼ਦ ਕਰਕੇ ਆਪਣਾ ਪੰਜਾਬ ਵਿਰੋਧੀ ਚੇਹਰਾ ਅਤੇ ਸੋਚ ਇੱਕ ਵਾਰ ਫਿਰ ਸਭ ਦੇ ਸਾਹਮਣੇ ਉਜਾਗਰ ਕਰ ਦਿੱਤਾ ਹੈਂ ਇਸ ਤੋਂ ਇਹ ਸਾਫ਼ ਸਾਬਤ ਹੋ ਗਿਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਹੀਂ, ਬਲਕਿ ਅਰਵਿੰਦ ਕੇਜਰੀਵਾਲ ਹਨ ਅਤੇ ਪੰਜਾਬ ਦਾ ਪ੍ਰਸ਼ਾਸਨ ਅਤੇ ਸਰਕਾਰ ਦਿੱਲੀ ‘ਤੋਂ ਹੀ ਚੱਲ ਰਹੀ ਹੈ।

ਕੇਜਰੀਵਾਲ ਅਤੇ ਭਗਵੰਤ ਮਾਨ ਨੇ ਪੰਜਾਬ, ਪੰਜਾਬੀਅਤ ਅਤੇ ਪੰਜਾਬ ਦੀ ਜਨਤਾ ਨਾਲ ਧੋਖਾ ਕੀਤਾ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਸ ਤੋਂ ਪਹਿਲਾ ਵੀ ਰਾਜ ਸਭਾ ਦੀਆਂ ਸੀਟਾਂ ਦੀ ਚੋਣ ਮੌਕੇ ਗੈਰ ਪੰਜਾਬੀਆਂ ਨੂੰ ਪੰਜਾਬ ਦੀ ਨੁਮਾਇੰਦੇ ਬਣਾ ਕੇ ਰਾਜਸਭਾ ‘ਚ ਭੇਜਿਆ ਗਿਆ। ਉਹਨਾ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ, ਸਾਰੇ ਮੰਤਰੀ ਤੇ ਵਿਧਾਇਕ ਚੁੱਪ ਹਨੀ ਇਹ ਸਭ ਅਰਵਿੰਦ ਕੇਜਰੀਵਾਲ ਤੋਂ ਡਰਦੇ ਹਨੀ ਇਹਨਾਂ ਵਿੱਚ ਅਰਵਿੰਦ ਕੇਜਰੀਵਾਲ ਐਂਡ ਕੰਪਨੀ ਖ਼ਿਲਾਫ਼ ਬੋਲਣ ਦੀ ਹਿੰਮਤ ਅਤੇ ਹੌਸਲਾ ਨਹੀਂ ਹੈ। ਉਹਨਾਂ ਕਿਹਾ ਪੰਜਾਬ ਦਾ ਸਾਰਾ ਕੰਟਰੋਲ ਦਿੱਲੀ ਵਾਲਿਆਂ ਦੇ ਹੱਥ ਵਿੱਚ ਹੈ, ਭਗਵੰਤ ਸਿੰਘ ਮਾਨ ਸਿਰਫ਼ ਨਾਮ ਦਾ ਮੁੱਖ ਮੰਤਰੀ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਦਿੱਲੀ ਵਾਲੀ ਲੀਡਰਸ਼ਿਪ ਪੰਜਾਬ ਦੇ ਸਾਰੇ ਮੁਨਾਫ਼ੇ ਵਾਲੇ ਕਾਰੋਬਾਰਾਂ ਤੇ ਕਬਜਾ ਕਰ ਰਹੀ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਸ ਤੋਂ ਚੰਗਾ ਹੈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਸਮੀ ਤੌਰ ਤੇ ਸੱਤਾ ਦਿੱਲੀ ਵਾਲਿਆਂ ਨੂੰ ਸੌਂਪ ਦੇਣ ਅਤੇ ਪੰਜਾਬੀਆਂ ਦੀ ਬਦਨਾਮੀ ਨਾ ਕਰਵਾਉਣ।


# ਪੰਜਾਬ ਦੇ ਅਤਿ ਅਹਿਮ ਅਹੁਦਿਆਂ ‘ਤੇ ਆਪਣੇ ਦਿੱਲੀ ਦੇ ਚਹੇਤਿਆਂ ਨੂੰ ਨਿਯੁਕਤ ਕਰਕੇ ਪੰਜਾਬੀਆਂ ਦੀ ਅਣਖ ਨੂੰ ਵੰਗਾਰ ਰਿਹਾ ਹੈ ਕੇਜਰੀਵਾਲ: ਅਸ਼ਵਨੀ ਸ਼ਰਮਾ





**ਚੰਡੀਗੜ–** ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਆਮ ਆਦਮੀ ਪਾਰਟੀ ਸੁਪਰੀਮੋ ਅੰਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਦੇ ਆਪਣੇ ਚਹੇਤਿਆਂ ਅਤੇ ਨਿਕਟਵਰਤੀਆਂ ਨੂੰ ਪੰਜਾਬ ਦੇ ਅਤਿ ਅਹਿਮ ਅਹੁਦਿਆਂ ‘ਤੇ ਨਿਯੁਕਤੀਆਂ ਦੇਣ ਦਾ ਵਿਰੋਧ ਜਤਾਉਂਦੇ ਹੋਏ ਕਿਹਾ ਕਿ ਕੇਜਰੀਵਾਲ ਵਲੋਂ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਨੇ ਭਾਜਪਾ ਵਲੋਂ ਸ਼ੁਰੂ ‘ਤੋਂ ਪੰਜਾਬ ਸਰਕਾਰ ਨੂੰ ਦਿੱਲੀ ‘ਤੋਂ ਰਿਮੋਟ ਰਾਹੀਂ ਚਲਾਉਣ ਦੀ ਕਹੀ ਜਾ ਰਹੀ ਗੱਲ ‘ਤੇ ਪੱਕੀ ਮੋਹਰ ਲਾ ਦਿੱਤੀ ਹੈਂ ਸ਼ਰਮਾ ਨੇ ਕੇਜਰੀਵਾਲ ਅਤੇ ਮੁਖਮੰਤਰੀ ਭਗਵੰਤ ਮਾਨ ‘ਤੇ ਵਰ੍ਹਦਿਆਂ ਕਿਹਾ ਕਿ ਅਰਵਿੰਦ ਕੇਜਰੀਵਾਲ ਪੰਜਾਬੀਆਂ ਦੀ ਅਣਖ ਨੂੰ ਵੰਗਾਰ ਰਿਹਾ ਹੈ ਅਤੇ ਇੰਝ ਲੱਗ ਰਿਹਾ ਹੈ ਜਿਵੇਂ ਆਮ ਆਦਮੀ ਪਾਰਟੀ ਨੂੰ ਪੰਜਾਬੀਆਂ ਦੀ ਕਾਬਲੀਅਤਾਂ ਤੇ ਯਕੀਨ ਨਹੀਂ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ ਦਾ ਚੇਅਰਮੈਨ ਅਤੇ ਮੈਂਬਰ ਪੰਜਾਬ ਤੋਂ ਹੀ ਲਗਾਉਣ ਬਜਾਏ ਅਰਵਿੰਦ ਕੇਜਰੀਵਾਲ ਨੇ ਆਪਣੇ ਅਤਿ ਨਜਦੀਕੀ ਦਿੱਲੀ ਦੇ ਸੇਵਾ ਮੁਕਤ ਅਧਿਕਾਰੀ ਸੱਤਿਆ ਗੋਪਾਲ ਨੂੰ ਚੇਅਰਮੈਨ ਅਤੇ ਦਿੱਲੀ ਦੇ ਰਕੇਸ ਗੋਇਲ ਨੂੰ ਮੈਂਬਰ ਨਾਮਜ਼ਦ ਕਰਕੇ ਆਪਣਾ ਪੰਜਾਬ ਵਿਰੋਧੀ ਚੇਹਰਾ ਅਤੇ ਸੋਚ ਇੱਕ ਵਾਰ ਫਿਰ ਸਭ ਦੇ ਸਾਹਮਣੇ ਉਜਾਗਰ ਕਰ ਦਿੱਤਾ ਹੈਂ ਇਸ ਤੋਂ ਇਹ ਸਾਫ਼ ਸਾਬਤ ਹੋ ਗਿਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਹੀਂ, ਬਲਕਿ ਅਰਵਿੰਦ ਕੇਜਰੀਵਾਲ ਹਨ ਅਤੇ ਪੰਜਾਬ ਦਾ ਪ੍ਰਸ਼ਾਸਨ ਅਤੇ ਸਰਕਾਰ ਦਿੱਲੀ ‘ਤੋਂ ਹੀ ਚੱਲ ਰਹੀ ਹੈ। ਕੇਜਰੀਵਾਲ ਅਤੇ ਭਗਵੰਤ ਮਾਨ ਨੇ ਪੰਜਾਬ, ਪੰਜਾਬੀਅਤ ਅਤੇ ਪੰਜਾਬ ਦੀ ਜਨਤਾ ਨਾਲ ਧੋਖਾ ਕੀਤਾ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਸ ਤੋਂ ਪਹਿਲਾ ਵੀ ਰਾਜ ਸਭਾ ਦੀਆਂ ਸੀਟਾਂ ਦੀ ਚੋਣ ਮੌਕੇ ਗੈਰ ਪੰਜਾਬੀਆਂ ਨੂੰ ਪੰਜਾਬ ਦੀ ਨੁਮਾਇੰਦੇ ਬਣਾ ਕੇ ਰਾਜਸਭਾ ‘ਚ ਭੇਜਿਆ ਗਿਆ। ਉਹਨਾ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ, ਸਾਰੇ ਮੰਤਰੀ ਤੇ ਵਿਧਾਇਕ ਚੁੱਪ ਹਨੀ ਇਹ ਸਭ ਅਰਵਿੰਦ ਕੇਜਰੀਵਾਲ ਤੋਂ ਡਰਦੇ ਹਨੀ ਇਹਨਾਂ ਵਿੱਚ ਅਰਵਿੰਦ ਕੇਜਰੀਵਾਲ ਐਂਡ ਕੰਪਨੀ ਖ਼ਿਲਾਫ਼ ਬੋਲਣ ਦੀ ਹਿੰਮਤ ਅਤੇ ਹੌਸਲਾ ਨਹੀਂ ਹੈ। ਉਹਨਾਂ ਕਿਹਾ ਪੰਜਾਬ ਦਾ ਸਾਰਾ ਕੰਟਰੋਲ ਦਿੱਲੀ ਵਾਲਿਆਂ ਦੇ ਹੱਥ ਵਿੱਚ ਹੈ, ਭਗਵੰਤ ਸਿੰਘ ਮਾਨ ਸਿਰਫ਼ ਨਾਮ ਦਾ ਮੁੱਖ ਮੰਤਰੀ ਹੈ।

ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਦਿੱਲੀ ਵਾਲੀ ਲੀਡਰਸ਼ਿਪ ਪੰਜਾਬ ਦੇ ਸਾਰੇ ਮੁਨਾਫ਼ੇ ਵਾਲੇ ਕਾਰੋਬਾਰਾਂ ਤੇ ਕਬਜਾ ਕਰ ਰਹੀ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਸ ਤੋਂ ਚੰਗਾ ਹੈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਸਮੀ ਤੌਰ ਤੇ ਸੱਤਾ ਦਿੱਲੀ ਵਾਲਿਆਂ ਨੂੰ ਸੌਂਪ ਦੇਣ ਅਤੇ ਪੰਜਾਬੀਆਂ ਦੀ ਬਦਨਾਮੀ ਨਾ ਕਰਵਾਉਣ।


# ਆਪ ਦੀ ਦਿੱਲੀ ਸਰਕਾਰ ਨਹੀਂ ਦੇ ਸਕੀ ਲੋਕਾਂ ਨੂੰ ਰੈਣ ਬਸੇਰੇ :-ਮੋਨਾ ਜੈਸਵਾਲ

## ਦਿੱਲੀ ਦੇ ਖੁਲੇ ਅਸਮਾਨ ਹੇਠਾਂ ਸੌਣ ਨੂੰ ਮਜਬੂਰ ਲੋਕਾਂ ਦੀਆਂ ਜਾ ਰਹੀਆਂ ਨੇ ਜਾਨਾਂ



**ਚੰਡੀਗੜ੍ਹ, 28 ਦਸੰਬਰ–** ਭਾਰਤੀ ਜਨਤਾ ਪਾਰਟੀ ਦੀ ਸੂਬਾ ਜਨਰਲ ਸਕੱਤਰ ਸ਼੍ਰੀਮਤੀ ਮੋਨਾ ਜੈਸਵਾਲ ਨੇ ਦਿੱਲੀ ਦੀ ਕੇਜਰੀਵਾਲ ਸਰਕਾਰ ਦੀ ਪੋਲ ਖੋਲਦਿਆਂ ਕਿਹਾ ਕਿ ਦਿੱਲੀ ਵਿਚ ਆਮ ਆਦਮੀ ਪਾਰਟੀ ਝੂਠ ਬੋਲ ਕੇ ਅਤੇ ਝੂਠੇ ਅੰਕੜੇ ਪੇਸ਼ ਕਰ ਕੇ ਦੇਸ਼ ਅਤੇ ਦਿੱਲੀ ਦੀ ਜਨਤਾ ਨੂੰ ਮੂਰਖ ਬਣਾਉਂਦੀ ਆ ਰਹੀ ਹੈਂ ਜਦਕਿ ਸੱਚਾਈ ਇਸ ਦੇ ਉਲਟ ਹੈਂ ਉਹਨਾਂ ਕੇਜਰੀਵਾਲ ਸਰਕਾਰ ਦੇ ਝੂਠ ਤੋਂ ਪਰਦਾ ਚੁੱਕਦੇ ਹੋਏ ਕਿਹਾ ਕਿ ਦਿੱਲੀ ‘ਚ ਬਿਨਾਂ ਰੈਣ ਬਸੇਰਿਆ ‘ਤੋਂ ਸੜਕਾਂ ਦੇ ਫੁੱਟਪਾਥਾਂ ਤੇ ਰਹਿਣ ਵਾਲੇ ਕਰੀਬ 10 ਤੋਂ ਜਿਆਦਾ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਹਨੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਹਨਾਂ ਦੇ ਮੰਤਰੀ ਜਾਂ ਕਿਸੇ ਹੋਰ ਆਗੂ ਨੇ ਇਸ ਬਾਰੇ ਇੱਕ ਸ਼ਬਦ ਵੀ ਨਹੀਂ ਬੋਲਿਆ ਹੈ।

ਮੋਨਾ ਜੈਸਵਾਲ ਨੇ ਕਿਹਾ ਕਿ ਮੌਸਮ ਦੀ ਇਸ ਮੰਦਹਾਲੀ ਵਿਚ ਦਿੱਲੀ ਵਰਗੇ ਸ਼ਹਿਰ ਵਿੱਚ ਲੋਕਾਂ ਦੀ ਜਾਨ ਦੀ ਰੱਖਿਆ ਵਿੱਚ ਵਰਤੀ ਜਾ ਰਹੀ ਕੋਤਾਹੀ ਲਈ ਮੁਖਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਹਨਾਂ ਦੀ ਸਰਕਾਰ ਜਿੰਮੇਵਾਰ ਹੈ ਅਤੇ ਇਹਨਾਂ ਮੋਤਾਂ ਨਾਲ ਕੇਜਰੀਵਾਲ ਸਰਕਾਰ ਦਾ ਝੂਠ ‘ਤੇ ਨਿਕੰਮਾਪਣ ਫਿਰ ਜਨਤਾ ਦੇ ਸਾਹਮਣੇ ਆ ਗਿਆ ਹੈ। ਇਸ ਤੋਂ ਪਤਾ ਲਗਦਾ ਹੈ ਕਿ ਕੇਜਰੀਵਾਲ ਸਰਕਾਰ ਦਾ ਕਹਿਣਾ ਕੁਝ ਹੋਰ ਤੇ ਕਰਨਾ ਕੁਝ ਹੋਰੀ ਜ਼ੇਕਰ ਆਂਕੜਿਆ ਮੁਤਾਬਕ ਦਿੱਲੀ ਵਿਚ 15000 ‘ਤੋਂ ਵੱਧ ਲੋਕ ਬੇਘਰ ਸੜਕਾਂ ਤੇ ਰਹਿਣ ਲਈ ਮਜਬੂਰ ਹਨ ਤਾਂ ਦਿੱਲੀ ਸਰਕਾਰ ਰੈਣ ਬਸੇਰਿਆ ਵਿੱਚ ਕਿੰਨਾ ਲੋਕਾਂ ਨੂੰ ਆਸ਼੍ਰਿਤ ਕਰ ਰਹੀ ਹੈ?

ਮੋਨਾ ਜੈਸਵਾਲ ਨੇ ਕਿਹਾ ਕਿ ਜੋ ਮੌਸਮ ਵਿਭਾਗ ਬਾਰ-ਬਾਰ ਦਿੱਲੀ ਅਤੇ ਉੱਤਰ ਭਾਰਤ ਵਿੱਚ ਡਿਗਦੇ ਮੌਸਮ ਨੂੰ ਲੈ ਕੇ ਓਰੇਂਜ ਅਲਰਟ ਜਾਰੀ ਕਰ ਚੁੱਕਾ ਹੈਂ ਉਹਨਾਂ ਸਵਾਲ ਕੀਤਾ ਕਿ ਮੁਖਮੰਤਰੀ ਕੇਜਰੀਵਾਲ ਦੱਸਣ ਕਿ ਉਹਨਾਂ ਦੀ ਸਰਕਾਰ ਨੇ ਇਹੋ ਜਿਹੇ ਬੇਘਰੇ ਲੋਕਾਂ ਲਈ ਕੀ ਸੁਵਿਧਾ ਦਿੱਤੀ ਹੈ?

ਮੋਨਾ ਜੈਸਵਾਲ ਨੇ ਲਤੀਫ਼ਪੁਰ ਵਿੱਚ ਭਗਵੰਤ ਮਾਨ ਸਰਕਾਰ ਵਲੋਂ ਕਾਰਵਾਈ ਕਰਕੇ ਬੇਘਰ ਕੀਤੇ ਗਏ ਲੋਕਾਂ ਦੀ ਦੁਰਦਸ਼ਾ ‘ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਭਗਵੰਤ ਮਾਨ ਸਰਕਾਰ ਨੂੰ ਇਸ ਸਰਦੀ ਦੇ ਮੌਸਮ ਵਿਚ ਉਹਨਾਂ ਬੇਘਰ ਕੀਤੇ ਲੋਕਾਂ ਦੀ ਛੇਤੀ ਤੋਂ ਛੇਤੀ ਸਾਰ ਲੈਣ ਲਈ ਅਤੇ ਉਹਨਾਂ ਦੀ ਮਦਦ ਕਰਨ ਲਈ ਅਪੀਲ ਕੀਤੀ।


‘ਦੇਸ਼ ਦੁਆਬਾ’ ‘ਅੰਬੇਦਕਰ ਟਾਈਮਜ਼’

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com


# ਅਸ਼ਵਨੀ ਸ਼ਰਮਾ ਨੇ ਜ਼ੋਨਲ ਇੰਚਾਰਜ, ਸੂਬਾ ਮੋਰਚਾ ਇੰਚਾਰਜ ਅਤੇ ਜ਼ਿਲ੍ਹਾ ਇੰਚਾਰਜ ਕੀਤੇ ਨਿਯੁਕਤ

**ਚੰਡੀਗੜ: 27 ਦਸੰਬਰ–** ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸੂਬੇ ਵਿੱਚ ਪਾਰਟੀ ਦੇ ਕੰਮਕਾਜ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਸੂਬਾ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਇੰਚਾਰਜ ਨਿਯੁਕਤ ਕਰਕੇ ਉਨ੍ਹਾਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਹਨ। ਅਸ਼ਵਨੀ ਸ਼ਰਮਾ ਨੇ ਪੰਜਾਬ ਨੂੰ ਪੰਜ ਜ਼ੋਨਾਂ ਵਿੱਚ ਵੰਡ ਕੇ ਇਨ੍ਹਾਂ ਦੇ ਇੰਚਾਰਜ, ਸੂਬਾ ਮੋਰਚਾ ਇੰਚਾਰਜ ਅਤੇ ਜ਼ਿਲ੍ਹਾ ਇੰਚਾਰਜ ਨਿਯੁਕਤ ਕੀਤੇ ਹਨ।

ਅਸ਼ਵਨੀ ਸ਼ਰਮਾ ਨੇ ਆਪਣੇ ਪ੍ਰੈਸ ਬਿਆਨ ਵਿੱਚ ਦੱਸਿਆ ਕਿ ਭਾਜਪਾ ਦੇ ਜ਼ੋਨ-1 ਦੇ ਇੰਚਾਰਜ ਦੇ ਔਹਦੇ ‘ਤੇ ਸੂਬਾ ਜਨਰਲ ਸਕੱਤਰ ਇੰਚਾਰਜ ਜੀਵਨ ਗੁਪਤਾ ਨੂੰ ਨਿਯੁਕਤ ਕੀਤਾ ਗਿਆ ਹੈ ਅਤੇ ਉਹ ਜ਼ੋਨ-1 ‘ਚ ਪੈਣ ਵਾਲੇ ਜਲੰਧਰ ਸ਼ਹਿਰੀ, ਜਲੰਧਰ ਦਿਹਾਤੀ ਦੱਖਣੀ, ਜਲੰਧਰ ਦਿਹਾਤੀ ਉੱਤਰੀ, ਕਪੂਰਥਲਾ, ਲੁਧਿਆਣਾ ਦਿਹਾਤੀ, ਹੁਸ਼ਿਆਰਪੁਰ ਅਤੇ ਜਗਰਾਉਂ ਦਾ ਕੰਮ ਸੰਭਾਲਣਗੇ। ਜ਼ੋਨ-2 ਦਾ ਇੰਚਾਰਜ ਸੂਬਾ ਜਨਰਲ ਸਕੱਤਰ ਬਿਕਰਮਜੀਤ ਸਿੰਘ ਚੀਮਾ ਨੂੰ ਨਿਯੁਕਤ ਕੀਤਾ ਗਿਆ ਹੈ ਅਤੇ ਉਹ ਜ਼ੋਨ-2 ‘ਚ ਪੈਣ ਵਾਲੇ ਜ਼ਿਲ੍ਹਿਆਂ ਅੰਮ੍ਰਿਤਸਰ ਸ਼ਹਿਰੀ, ਅੰਮ੍ਰਿਤਸਰ ਦਿਹਾਤੀ, ਤਰਨਤਾਰਨ, ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ ਉੱਤਰੀ, ਮੁਕਤਸਰ ਅਤੇ ਪਟਿਆਲਾ ਦਿਹਾਤੀ ਦੱਖਣੀ ਦੀ ਕੰਮ ਸੰਭਾਲਣਗੇ। ਸੂਬਾ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਕਾਂਗੜ ਨੂੰ ਜ਼ੋਨ-3 ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਅਤੇ ਉਹ ਜ਼ੋਨ-3 ਵਿੱਚ ਪੈਂਦੇ ਫਿਰੋਜ਼ਪੁਰ, ਫਰੀਦਕੋਟ, ਮੋਗਾ, ਫਾਜ਼ਿਲਕਾ, ਮਾਨਸਾ, ਸੰਗਰੂਰ-1 ਅਤੇ ਸੰਗਰੂਰ-2 ਜ਼ਿਲ੍ਹਿਆਂ ਦਾ ਕੰਮ ਸੰਭਾਲਣਗੇ। ਸੂਬਾ ਜਨਰਲ ਸਕੱਤਰ ਰਾਜੇਸ਼ ਬਾਗਾ ਨੂੰ ਜ਼ੋਨ-4 ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਅਤੇ ਉਹ ਜ਼ੋਨ-4 ਵਿੱਚ ਪੈਂਦੇ ਪਠਾਨਕੋਟ, ਗੁਰਦਾਸਪੁਰ, ਬਟਾਲਾ, ਹੁਸ਼ਿਆਰਪੁਰ ਦਿਹਾਤੀ, ਲੁਧਿਆਣਾ ਸ਼ਹਿਰੀ, ਰੋਪੜ ਅਤੇ ਨਵਾਂਸ਼ਹਿਰ ਜ਼ਿਲ੍ਹਿਆਂ ਦਾ ਕੰਮ ਸੰਭਾਲਣਗੇ। ਸੂਬਾ ਜਨਰਲ ਸਕੱਤਰ ਸ੍ਰੀਮਤੀ ਮੋਨਾ ਜੈਸਵਾਲ ਨੂੰ ਜ਼ੋਨ-5 ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਅਤੇ ਉਹ ਜ਼ੋਨ-5 ਵਿੱਚ ਪੈਂਦੇ ਬਠਿੰਡਾ, ਬਠਿੰਡਾ ਦਿਹਾਤੀ, ਬਰਨਾਲਾ, ਮਲੇਰਕੋਟਲਾ, ਖੰਨਾ, ਫਤਹਿਗੜ੍ਹ ਸਾਹਿਬ ਅਤੇ ਮੁਹਾਲੀ ਜ਼ਿਲ੍ਹਿਆਂ ਦਾ ਕੰਮ ਸੰਭਾਲਣਗੇ। ਅਸ਼ਵਨੀ ਸ਼ਰਮਾ ਵੱਲੋਂ ਭਾਰਤੀ ਜਨਤਾ ਯੁਵਾ ਮੋਰਚਾ ਪੰਜਾਬ ਦਾ ਇੰਚਾਰਜ ਦੇ ਔਹਦੇ ‘ਤੇ ਜੀਵਨ ਗੁਪਤਾ, ਭਾਜਪਾ ਮਹਿਲਾ ਮੋਰਚਾ ਪੰਜਾਬ ਦੇ ਇੰਚਾਰਜ ਰਾਜੇਸ਼ ਬਾਗਾ, ਅਨੁਸੂਚਿਤ ਜਾਤੀ ਮੋਰਚਾ ਪੰਜਾਬ ਦੇ ਇੰਚਾਰਜ ਬਿਕਰਮਜੀਤ ਸਿੰਘ ਚੀਮਾ, ਕਿਸਾਨ ਮੋਰਚਾ ਪੰਜਾਬ ਦੇ ਇੰਚਾਰਜ ਗੁਰਪ੍ਰੀਤ ਸਿੰਘ ਕਾਂਗੜ, ਓਬੀਸੀ ਮੋਰਚਾ ਪੰਜਾਬ ਦੀ ਇੰਚਾਰਜ ਮੋਨਾ ਜੈਸਵਾਲ ਅਤੇ ਘੱਟ ਗਿਣਤੀ ਮੋਰਚਾ ਪੰਜਾਬ ਦਾ ਇੰਚਾਰਜ ਦਿਆਲ ਸਿੰਘ ਸੋਢੀ ਨੂੰ ਨਿਯੁਕਤ ਕੀਤਾ ਗਿਆ ਹੈ।

ਅਸ਼ਵਨੀ ਸ਼ਰਮਾ ਨੂੰ ਜ਼ਿਲ੍ਹਾ ਇੰਚਾਰਜ ਅਤੇ ਕੋ-ਇੰਚਾਰਜ ਦੇ ਅਹੁਦੇ 'ਤੇ ਅੰਮ੍ਰਿਤਸਰ ਦਿਹਾਤੀ ਦੇ ਇੰਚਾਰਜ ਰਾਜ ਕੁਮਾਰ ਵੇਰਕਾ, ਅੰਮ੍ਰਿਤਸਰ ਸ਼ਹਿਰੀ ਦੇ ਇੰਚਾਰਜ ਪ੍ਰਵੀਨ ਬਾਂਸਲ, ਬਰਨਾਲਾ ਦੇ ਇੰਚਾਰਜ ਸੰਜੀਵ ਖੰਨਾ, ਬਟਾਲਾ ਦੇ ਇੰਚਾਰਜ ਜਗਮੋਹਨ ਸਿੰਘ ਰਾਜੂ, ਬਠਿੰਡਾ ਦਿਹਾਤੀ ਦੇ ਇੰਚਾਰਜ ਪ੍ਰਦੀਪ ਗਰਗ, ਬਠਿੰਡਾ ਸ਼ਹਿਰੀ ਦੇ ਇੰਚਾਰਜ ਅਰਵਿੰਦ ਖੰਨਾ, ਫਰੀਦਕੋਟ ਦੇ ਇੰਚਾਰਜ ਸ਼ਿਵ ਰਾਜ ਚੌਧਰੀ, ਫਤਹਿਗੜ੍ਹ ਸਾਹਿਬ ਦੀ ਇੰਚਾਰਜ ਬੀਬੀ ਜੈਇੰਦਰ ਕੌਰ, ਫਾਜ਼ਿਲਕਾ ਦੇ ਇੰਚਾਰਜ ਅਜੈਬ ਸਿੰਘ ਭੱਟੀ ਅਤੇ ਕੋ-ਇੰਚਾਰਜ ਰਾਜੇਸ਼ ਪਠੇਲਾ, ਫਿਰੋਜ਼ਪੁਰ ਦੇ ਇੰਚਾਰਜ ਫਤਿਹਜੰਗ ਸਿੰਘ ਬਾਜਵਾ ਅਤੇ ਕੋ-ਇੰਚਾਰਜ ਵਿਜੇ ਸਿੰਗਲਾ, ਗੁਰਦਾਸਪੁਰ ਦੇ ਇੰਚਾਰਜ ਕੇ. ਡੀ. ਭੰਡਾਰੀ ਅਤੇ ਸਹਿ ਇੰਚਾਰਜ ਸੁਸ਼ੀਲ ਰਾਣਾ, ਹੁਸ਼ਿਆਰਪੁਰ ਦੇ ਇੰਚਾਰਜ ਵਿਪਨ ਮਹਾਜਨ, ਹੁਸ਼ਿਆਰਪੁਰ ਦਿਹਾਤੀ ਦੇ ਇੰਚਾਰਜ ਆਰ.ਪੀ. ਮਿੱਤਲ, ਜਗਰਾਉਂ ਦੇ ਇੰਚਾਰਜ ਹਰਜੋਤ ਕਮਲ, ਜਲੰਧਰ ਸ਼ਹਿਰੀ ਦੇ ਇੰਚਾਰਜ ਪੁਸ਼ਪਿੰਦਰ ਸਿੰਗਲਾ, ਜਲੰਧਰ ਦਿਹਾਤੀ ਉੱਤਰੀ ਦੇ ਇੰਚਾਰਜ ਸੰਜੀਵ ਮਿਨਹਾਸ, ਜਲੰਧਰ ਦਿਹਾਤੀ ਦੱਖਣੀ ਦੇ ਇੰਚਾਰਜ ਰਾਕੇਸ਼ ਜੋਤੀ, ਕਪੂਰਥਲਾ ਦੇ ਇੰਚਾਰਜ ਰਾਜੇਸ਼ ਹਨੀ, ਖੰਨਾ ਦੇ ਇੰਚਾਰਜ ਪਰਮਿੰਦਰ ਬਰਾੜ, ਲੁਧਿਆਣਾ ਦਿਹਾਤੀ ਦੇ ਇੰਚਾਰਜ ਰਾਕੇਸ਼ ਗੁਪਤਾ, ਲੁਧਿਆਣਾ ਸ਼ਹਿਰੀ ਦੇ ਇੰਚਾਰਜ ਰਾਕੇਸ਼ ਰਾਠੌਰ ਅਤੇ ਕੋ-ਇੰਚਾਰਜ ਹਰਿੰਦਰ ਕੋਹਲੀ, ਮਾਲੇਰਕੋਟਲਾ ਦੀ ਇੰਚਾਰਜ ਸੁਨੀਤਾ ਗਰਗ, ਮਾਨਸਾ ਦੇ ਇੰਚਾਰਜ ਅਰੁਣ ਨਾਰੰਗ, ਮੋਗਾ ਦੇ ਇੰਚਾਰਜ ਬਲਬੀਰ ਸਿੰਘ ਸਿੱਧੂ, ਮੁਹਾਲੀ ਦੇ ਇੰਚਾਰਜ ਕੇਵਲ ਸਿੰਘ ਢਿੱਲੋਂ, ਮੁਕਤਸਰ ਦੇ ਇੰਚਾਰਜ ਦਮਨ ਥਿੰਦ ਬਾਜਵਾ ਅਤੇ ਸਹਿ ਇੰਚਾਰਜ ਵਿਨੈ ਸ਼ਰਮਾ, ਨਵਾਂਸ਼ਹਿਰ ਦੀ ਇੰਚਾਰਜ ਲਖਵਿੰਦਰ ਕੌਰ ਗਰਚਾ, ਪਠਾਨਕੋਟ ਦੇ ਇੰਚਾਰਜ ਅਨਿਲ ਸੱਚਰ, ਪਟਿਆਲਾ ਦਿਹਾਤੀ ਉੱਤਰੀ ਦੀ ਇੰਚਾਰਜ ਜੈਸਮੀਨ ਸੰਧੇਵਾਲੀਆ, ਪਟਿਆਲਾ ਦਿਹਾਤੀ ਦੱਖਣੀ ਦੇ ਇੰਚਾਰਜ ਜਸਰਾਜ ਸਿੰਘ ਜੱਸੀ, ਪਟਿਆਲਾ ਸ਼ਹਿਰੀ ਇੰਚਾਰਜ ਦਿਆਲ ਸਿੰਘ ਸੋਢੀ, ਰੋਪੜ ਦੇ ਇੰਚਾਰਜ ਸੁਭਾਸ਼ ਸ਼ਰਮਾ, ਸੰਗਰੂਰ-1 ਦੀ ਇੰਚਾਰਜ ਸੁਖਵਿੰਦਰ ਕੌਰ ਨੌਲੱਖਾ, ਸੰਗਰੂਰ-2 ਦੇ ਇੰਚਾਰਜ ਜਗਦੀਪ ਸਿੰਘ ਨਕਈ ਅਤੇ ਤਰਨਤਾਰਨ ਦੇ ਇੰਚਾਰਜ ਸੁਰਜੀਤ ਜਿਆਣੀ ਅਤੇ ਸਹਿ ਇੰਚਾਰਜ ਵਜੋਂ ਨਰੇਸ਼ ਸ਼ਰਮਾ ਨੂੰ ਨਿਯੁਕਤ ਕੀਤਾ ਗਿਆ ਹੈ।

ਜੀਵਨ ਗੁਪਤਾ ਨੇ ਦੱਸਿਆ ਕਿ ਜਥੇਬੰਦਕ ਨਜ਼ਰੀਏ ਤੋਂ ਮੁਕੇਰੀਆਂ ਜ਼ਿਲ੍ਹੇ ਨੂੰ ਹੁਸ਼ਿਆਰਪੁਰ ਦਿਹਾਤੀ ਜ਼ਿਲ੍ਹੇ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਅਤੇ ਭਾਜਪਾ ਜ਼ਿਲ੍ਹੇ ਅਧੀਨ ਆਉਂਦੀਆਂ ਮੰਡਲਾਂ ਨੂੰ ਹੁਣ ਸਰਕਲਾਂ ਵਜੋਂ ਜਾਣਿਆ ਜਾਵੇਗਾ।

# ਖ਼ਾਲਸਾ ਕਾਲਜ ਡੁਮੇਲੀ ਤੋਂ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ਾਲ ਚੇਤਨਾ ਮਾਰਚ ਕੱਢਿਆ

## ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਵਿਦਿਆਰਥੀਆਂ ਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ -ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ

**ਫਗਵਾੜਾ 24 ਦਸੰਬਰ (ਬੀ.ਕੇ. ਰੱਤੂ)-** ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੁਮੇਲੀ ਵਿਖੇ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਚਲਾਏ ਗਏ ਧਾਰਮਿਕ ਸਮਾਗਮਾਂ ਦੀ ਲੜੀ ਅਧੀਨ ਧਾਰਮਿਕ ਸਮਾਗਮ ਅਤੇ ਗੁਰਮਤਿ ਮਾਰਚ ਕੱਢਿਆ ਗਿਆ।ਇਸ ਮੌਕੇ ਧਾਰਮਿਕ ਗਤੀਵਿਧੀਆਂ ਦੇ ਇੰਚਾਰਜ਼ ਪ੍ਰੋ. ਦਮਨਜੀਤ ਕੌਰ ਦੁਆਰਾ ਵਿਦਿਆਰਥੀਆਂ ਨੂੰ ਸਾਹਿਬਜਾਦਿਆਂ ਦੀ ਸ਼ਹਾਦਤ ਦੇ ਇਤਿਹਾਸ ਸਬੰਧੀ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ।ਇਸ ਉਪਰੰਤ ਸਮੂਹ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਪਿੰਡ ਡੁਮੇਲੀ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਸੰਬੰਧਿਤ ਬੈਨਰਾਂ ਨਾਲ ਗੁਰਮਤਿ ਮਾਰਚ ਕੱਢਿਆ ਗਿਆ । ਜਿਸ ਵਿੱਚ ਵਿਦਿਆਰਥੀਆਂ ਨੇ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਸੰਬੰਧਿਤ ਸਲੋਗਨ ਅਤੇ ਸ਼ਬਦਾਂ ਦਾ ਗਾਇਨ ਕੀਤਾ।ਮਾਰਚ ਉਪਰੰਤ ਕਾਲਜ ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ ਦੁਆਰਾ ਕਾਲਜ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ।ਇਸ ਗੁਰਮਤਿ ਮਾਰਚ ਵਿਚ ਸਮੂਹ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਕੇਸਰੀ ਦੁਪੱਟੇ ਅਤੇ ਦਸਤਾਰਾਂ ਪਹਿਨ ਕੇ ਖ਼ਾਲਸਾਈ ਮਾਹੌਲ ਦੀ ਸਿਰਜਣਾ ਕੀਤੀ।ਚੇਤਨਾ ਮਾਰਚ ਵਿਚ ਕਾਲਜ ਦੇ ਸਮੁੱਚੇ ਸਟਾਫ਼ ਅਤੇ ਵਿਦਿਆਰਥੀਆਂ ਤੋਂ ਇਲਾਵਾ ਇਲਾਕਾ ਨਿਵਾਸੀਆਂ ਨੇ ਵੀ ਵੱਡੀ ਗਿਣਤੀ ਵਿਚ ਭਾਗ ਲਿਆ। ਇਸ ਮੌਕੇ ਸ. ਹਰਦੀਪ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਇਹ ਸ਼ਲਾਘਾਯੋਗ ਕਦਮ ਹੈ ਜਿਸ ਰਾਹੀਂ ਵਿਦਿਆਰਥੀਆਂ ਨੂੰ ਸਿੱਖ ਧਰਮ ਨਾਲ ਜੋੜਿਆ ਜਾ ਰਿਹਾ ਹੈ। ਇਸ ਮੌਕੇ ਸ. ਬਲਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਸਾਹਿਬਜਾਦਿਆਂ ਜੀ ਦੀ ਲਾਸਾਨੀ ਸ਼ਹਾਦਤ ਤੋਂ ਸੇਧ ਲੈਣ ਲਈ ਪ੍ਰੇਰਿਆ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ ਦੁਆਰਾ ਮਾਤਾ ਗੁਜਰ ਕੌਰ, ਚਾਰ ਸਾਹਿਬਜ਼ਾਦਿਆਂ ਅਤੇ ਸਮੂਹ ਸ਼ਹੀਦਾਂ ਦੀ ਲਾਮਿਸਾਲ ਸ਼ਹਾਦਤ ਨੂੰ ਯਾਦ ਕਰਵਾਇਆ ਗਿਆ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।ਇਸ ਮੌਕੇ ਸਮੂਹ ਇਲਾਕਾ ਨਿਵਾਸੀ, ਸਮੂਹ ਸਟਾਫ਼ ਮੈਂਬਰ ਅਤੇ ਵਿੱਦਿਆਰਥੀਆਂ ਨੇ ਵੀ ਸ਼ਮੂਲੀਅਤ ਕੀਤੀ।




# ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਬਣੇ ਐਸ. ਸੀ. ਵਿਭਾਗ ਪੰਜਾਬ ਦੇ ਵਾਇਸ ਚੇਅਰਮੈਨ

**ਫਗਵਾੜਾ 23 ਦਸੰਬਰ (ਬੀ.ਕੇ. ਰੱਤੂ)** ਸਰਬ ਲੰਮੇ ਸਮੇਂ ਤੋਂ ਪੰਜਾਬ ਦੀ ਰਾਜਨੀਤੀ ਅੰਦਰ ਸਰਗਰਮ ਸੁਖਵਿੰਦਰ ਸਿੰਘ ਕੋਟਲੀ ਵਿਦਿਆਰਥੀਆਂ ਤੇ ਲੋਕ ਹਿੱਤਾਂ ਦੀ ਲੜਾਈ ਲੜਦਿਆਂ ਆਦਮਪੁਰ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਬਣਨ ਦਾ ਮਾਣ ਹਾਸਲ ਕੀਤਾ, ਪਾਰਟੀ ਨੇ ਉਨ੍ਹਾਂ ਦੀਆਂ ਸੇਵਾਵਾਂ ਤੇ ਮਿਹਨਤ ਨੂੰ ਦੇਖਦਿਆਂ ਕਾਂਗਰਸ ਵਿਧਾਇਕ ਦਲ ਦੇ ਵਿਪ੍ਹ ਵਜੋਂ ਨਿਯੁਕਤੀ ਕੀਤੀ ਅਤੇ ਉਨ੍ਹਾਂ ਨੇ ਸਮੇਂ ਸਮੇਂ ਵਿਧਾਨਸਭਾ ਅੰਦਰ ਹਲਕੇ ਦੇ ਅਤੇ ਲੋਕ ਮੁੱਦਿਆਂ ਨੂੰ ਵਿਧਾਨਸਭਾ ਅੰਦਰ ਬਾਖੂਬੀ ਉਠਾਇਆ ਤੇ ਪਾਰਟੀ ਵਲੋਂ ਉਨ੍ਹਾਂ ਪਾਰਟੀ ਦਾ ਸਪੈਸ਼ਲ ਸਪੋਕਸਪਰਸਨ ਦਿੱਤਾ। ਹੁਣ ਸ੍ਰੀ ਰਾਹੁਲ ਗਾਂਧੀ ਜੀ ਵਲੋਂ ਦੇਸ਼ ਅੰਦਰ ਕੱਢੀ ਜਾ ਰਹੀ ਭਾਰਤ ਜੋੜੋ ਯਾਤਰਾ ਨੂੰ ਕਾਮਯਾਬ ਬਣਾਉਣ ਲਈ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੂੰ ਐਸ. ਸੀ. ਵਿਭਾਗ ਪੰਜਾਬ ਦੇ ਵਾਇਸ ਚੇਅਰਮੈਨ ਨਿਯੁਕਤ ਕਰਕੇ ਉਨ੍ਹਾਂ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਵਿਧਾਇਕ ਕੋਟਲੀ ਵਲੋਂ ਕਾਂਗਰਸ ਦੀ ਲੀਡਰਸ਼ਿਪ ਨਾਲ ਦਿੱਲੀ, ਪੰਜਾਬ ਅਤੇ ਚੰਡੀਗੜ੍ਹ ਅੰਦਰ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ। ਲੋਕ ਲੀਡਰ ਸੁਖਵਿੰਦਰ ਕੋਟਲੀ ਦੀ ਇਸ ਨਿਯੁਕਤੀ ਨਾਲ ਵਰਕਰਾਂ ਅੰਦਰ ਖ਼ੁਸ਼ੀ ਦਾ ਮਾਹੌਲ ਇਸ ਨਾਲ ਪੰਜਾਬ ਅੰਦਰ ਕਾਂਗਰਸ ਨੂੰ ਮਜ਼ਬੂਤੀ ਮਿਲੇਗੀ। ਇਸ ਮੌਕੇ ਤੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਆਲ ਇੰਡੀਆ ਕਾਂਗਰਸ ਕਮੇਟੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ ਦੀ ਜਿਥੇ ਡਿਊਟੀ ਲਗਾਵੇਗੀ ਉਹ ਤਨਦੇਹੀ ਨਾਲ ਨਿਭਾਉਣਗੇ ਅਤੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਕੰਮ ਕਰਨਗੇ।






ਦੋ ਹਜ਼ਾਰ ਤੇਈ ਚੜਿਆ ਸਾਲ ਹੈ,
ਲਿਖਾਂ ਕੁਝ ਨਵਾਂ ਆਇਆ ਖਿਆਲ ਹੈ ।

ਰੱਬ ਦਾ ਨਾਂ ਲੈ ਕੀਤੀ ਅਰਦਾਸ ਹੈ,
ਦੇਸ਼ ਦੀ ਖਾਤਿਰ ਮੰਗੀ ਸੁੱਖ-ਸਾਂਦ ਹੈ ।

ਨਵਾਂ ਦਿਨ ਤੇ ਨਵੀਂ ਸਵੇਰ ਹੈ,
ਉਮੀਦਾਂ ਦੇ ਸਫ਼ਰ ਦੀ ਸ਼ੁਰੂਆਤ ਹੈ ।

ਹਿੰਮਤਾਂ ਨੂੰ ਖੰਭ ਲਾ ਉਡਣ ਦੀ ਆਸ ਹੈ ।
ਅੱਗੇ ਵੱਧਣ ਵਾਲੇ ਹੀ ਜਜ਼ਬਾਤ ਹੈ ।

ਰੁਕਾਵਟਾਂ ਨੂੰ ਸੋਚ ਸਮਝ ਕਰਨਾ ਪਾਰ ਹੈ ।
ਖੁਆਇਸ਼ਾਂ ਪੂਰੀਆਂ ਹੋਣ ਇਹੀ ਜੁਮਾਲ ਹੈ ।

ਨਫ਼ਰਤਾਂ ਨੂੰ ਮਿਟਾ ਪਾਵਾਂ ਮਨ 'ਚ ਵਿਚਾਰ ਹੈ ।
ਕਲਮ ਆਪਣੀ ਨਾਲ ਲਿਖ "ਬਲਜਿੰਦਰ" ਮਨਾਉਣਾ ਨਵਾਂ ਸਾਲ ਹੈ ।

ਦੋ ਹਜ਼ਾਰ ਤੇਈ ਚੜਿਆ ਸਾਲ ਹੈ,
ਲਿਖਾਂ ਕੁਝ ਨਵਾਂ ਆਇਆ ਖਿਆਲ ਹੈ ।

**ਬਲਜਿੰਦਰ ਕੌਰ ਸ਼ੇਰਗਿੱਲ**
91-98785-19278

# ਸਰਬ ਨੌਜਵਾਨ ਸਭਾ ਨੇ ਕੋਰਸ ਪੂਰਾ ਕਰਨ ਵਾਲੀਆਂ 54 ਸਿੱਖਿਆਰਥਣਾਂ ਨੂੰ ਕੀਤੀ ਸਰਟੀਫਿਕੇਟਾਂ ਦੀ ਵੰਡ

**ਫਗਵਾੜਾ 24 ਦਸੰਬਰ (ਬੀ.ਕੇ. ਰੱਤੂ)** ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਵਿਖੇ ਬਿਊਟੀਸ਼ੀਅਨ ਅਤੇ ਕੰਪਿਊਟਰ ਟ੍ਰੇਨਿੰਗ ਦੇ ਕੋਰਸ ਪੂਰੇ ਕਰਨ ਵਾਲੀਆਂ ਕੁੱਲ 54 ਸਿੱਖਿਆਰਥਣਾਂ ਨੂੰ ਸਰਟੀਫਿਕੇਟਾਂ ਦੀ ਵੰਡ ਕਰਨ ਸਬੰਧੀ ਇਕ



ਸਮਾਗਮ ਦਾ ਆਯੋਜਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਥਾਨਕ ਗੁਰੂ ਹਰਗੋਬਿੰਦ ਨਗਰ ਸਥਿਤ ਬਲੱਡ ਬੈਂਕ ਵਿਖੇ ਕੀਤਾ ਗਿਆ। ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਸਮਾਜ ਸੇਵਿਕਾ ਅਤੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਦੀ ਧਰਮ ਪਤਨੀ ਸ੍ਰੀਮਤੀ ਅਨੀਤਾ ਕੈਂਥ ਨੇ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ 'ਆਪ' ਪੰਜਾਬ ਲੀਗਲ ਸੈੱਲ ਦੇ ਸਕੱਤਰ ਸ੍ਰੀ ਕਸ਼ਮੀਰ ਸਿੰਘ ਮੱਲੀ, ਸ੍ਰੀ ਸੰਤੋਸ਼ ਕੁਮਾਰ ਗੋਗੀ ਜਿਲਾ ਪ੍ਰਧਾਨ ਐਸਸੀ ਵਿੰਗ 'ਆਪ' ਕਪੂਰਥਲਾ, ਪ੍ਰਿੰ: ਗੁਰਮੀਤ ਸਿੰਘ ਪਲਾਹੀ, ਹੁਸਨ ਲਾਲ ਜਨਰਲ ਮੈਨੇਜਰ ਜੇਸੀਟੀ ਮਿੱਲ ਅਤੇ ਅਵਤਾਰ ਸਿੰਘ ਮੰਡ ਕੌਮੀ ਸਕੱਤਰ ਭਾਜਪਾ ਸ਼ਾਮਲ ਹੋਏ। ਸਿੱਖਿਆਰਥਣਾਂ ਨੂੰ ਸਰਟੀਫਿਕੇਟਾਂ ਤੋਂ ਇਲਾਵਾ ਮੇਕਅੱਪ ਕਿੱਟਾਂ ਤੇ ਪ੍ਰਸ਼ੰਸਾ ਪੱਤਰ ਵੰਡਦਿਆਂ ਮੁੱਖ ਮਹਿਮਾਨ ਸ੍ਰੀਮਤੀ ਅਨੀਤਾ ਕੈਂਥ ਨੇ ਕਿਹਾ ਕਿ ਔਰਤਾਂ ਦਾ ਸਸ਼ਕਤੀਕਰਣ ਕਰਨਾ ਸਮੇਂ ਦੀ ਲੋੜ ਹੈ ਅਤੇ ਭਾਰਤ ਸਰਕਾਰ ਵਲੋਂ ਇਸ ਸਬੰਧ ਵਿੱਚ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉਹਨਾ ਕਿਹਾ ਕਿ ਔਰਤਾਂ ਦੇ ਸਸ਼ਕਤੀਕਰਨ ਲਈ ਵੋਕੇਸ਼ਨਲ ਸਿੱਖਿਆ ਬਹੁਤ ਜ਼ਰੂਰੀ ਹੈ, ਕਿਉਂਕਿ ਸਸ਼ਕਤੀਕਰਨ 'ਚ ਹੱਥੀਂ ਕਿੱਤਾ ਸਿੱਖ ਕੇ ਆਪਣਾ ਕਾਰੋਬਾਰ ਵੀ ਸ਼ੁਰੂ ਕੀਤਾ ਜਾ ਸਕਦਾ ਹੈ ਅਤੇ ਨੌਕਰੀ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਹਨਾ ਨੇ ਸਰਬ ਨੌਜਵਾਨ ਸਭਾ ਵਲੋਂ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਲੜਕੀਆਂ ਲਈ ਪਿਛਲੇ ਪੰਜ ਸਾਲਾਂ ਤੋਂ ਹੱਥੀਂ ਸਿਖਲਾਈ ਕਰਵਾ ਕੇ ਸੈਂਕੜੇ ਲੜਕੀਆਂ ਦੀ ਆਰਥਿਕ ਹਾਲਤ ਸੁਧਾਰਨ ਦੇ ਕੀਤੇ ਜਾ ਰਹੇ ਯਤਨ ਦੀ ਭਰਪੂਰ ਸ਼ਲਾਘਾ ਕੀਤੀ।

ਇਸ ਮੌਕੇ 'ਆਪ' ਪੰਜਾਬ ਲੀਗਲ ਸੈੱਲ ਦੇ ਸਕੱਤਰ ਐਡਵੋਕੇਟ ਕਸ਼ਮੀਰ ਸਿੰਘ ਮੱਲ੍ਹੀ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਖ਼ਾਸ ਕਰਕੇ ਲੜਕੀਆਂ ਲਈ ਵਿਸ਼ੇਸ਼ ਤੌਰ 'ਤੇ ਤਕਨੀਕੀ ਨੌਕਰੀਆਂ ਦਾ ਪ੍ਰਬੰਧ ਕਰ ਰਹੀ ਹੈ ਅਤੇ ਸਰਕਾਰ ਵਲੋਂ ਵਿੱਤੀ ਸੰਸਥਾਵਾਂ ਤੋਂ ਕਰਜ਼ੇ ਦਾ ਪ੍ਰਬੰਧ ਕਰਵਾ ਕੇ ਆਪਣੇ ਕਾਰੋਬਾਰ ਸ਼ੁਰੂ ਕਰਵਾਏ ਜਾ ਰਹੇ ਹਨ। ਸੰਤੋਸ਼ ਕੁਮਾਰ ਗੋਗੀ ਜਿਲ੍ਹਾ ਪ੍ਰਧਾਨ ਐਸ.ਸੀ ਵਿੰਗ ਕਪੂਰਥਲਾ ਨੇ ਕਿਹਾ ਕਿ ਸਵੈ-ਸੇਵੀ ਸੰ-ਸਥਾਵਾਂ ਸਰਕਾਰ ਦੀ ਮੱਦਦ ਨਾਲ ਚੰਗੇਰਾ ਕੰਮ ਕਰ ਰਹੀਆਂ ਹਨ ਅਤੇ ਨੌਜਵਾਨ ਲੜਕੀਆਂ ਨੂੰ ਰੁਜ਼ਗਾਰ ਦੇ ਵੱਡੇ ਮੌਕੇ ਮਿਲ ਰਹੇ ਹਨ। ਉਹਨਾਂ ਨੇ ਵੀ ਸਰਬ ਨੌ-ਜਵਾਨ ਸਭਾ ਅਤੇ ਖਾਸ ਤੌਰ ਤੇ ਸੁਖਵਿੰਦਰ ਸਿੰਘ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਉਪਰਾਲਿਆਂ ਦੀ ਸ਼ਲਾਘਾ ਕੀਤੀ। ਮੰਚ ਸੰਚਾਲਕ ਦੀ ਭੂਮਿਕਾ ਰਵਿੰਦਰ ਸਿੰਘ ਰਾਏ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਭਾ ਦੇ ਜਨਰਲ ਸਕੱਤਰ ਡਾ: ਵਿਜੇ ਕੁਮਾਰ, ਹਰੀ ਓਮ ਗੁਪਤਾ, ਬਲਜੀਤ ਸਿੰਘ 'ਆਪ' ਆਗੂ, ਕਮਲ ਬਸਰਾ, ਸੁਖਦੇਵ ਗੰਢਵਾ ਕਵੀ, ਬੀ.ਐਚ.ਖਾਨ, ਹਰਚਰਨ ਭਾਰਤੀ, ਰਾਕੇਸ਼ ਕੋਛੜ, ਸੁਰਿੰਦਰ ਬੱਧਣ, ਆਰ.ਪੀ. ਸ਼ਰਮਾ, ਡਾ: ਨਰੇਸ਼ ਬਿੱਟੂ, ਰਾਜ ਬਸਰਾ, ਨਰਿੰਦਰ ਸੈਣੀ, ਸ਼ਿਵ ਕੁਮਾਰ, ਸਾਹਿਬਜੀਤ ਸਿੰਘ ਸਾਬੀ, ਜਸ਼ਨ ਮਹਿਰਾ, ਮਨਦੀਪ ਬਾਸੀ, ਸੱਤ ਪ੍ਰਕਾਸ਼ ਸੱਗੂ, ਅਨੂਪ ਦੁੱਗਲ, ਮੈਨੇਜਰ ਜਗਜੀਤ ਸੇਠ, ਰਮਨ ਨਹਿਰਾ, ਹਰਵਿੰਦਰ ਸਿੰਘ, ਗੁਰਦੀਪ ਸਿੰਘ ਤੁੱਲੀ, ਮੈਡਮ ਸੁਖਜੀਤ ਕੌਰ, ਮੈਡਮ ਪੂਜਾ ਸੈਣੀ, ਮੈਡਮ ਤਨੂੰ, ਸ਼ਮਾ ਰਾਣੀ, ਅਮਰਜੀਤ ਕੌਰ, ਜਾਸਮੀਨ ਕੌਰ, ਸੁਖਵਿੰਦਰ ਕੌਰ, ਸੰਧਿਆ ਕੁਮਾਰੀ, ਖੁਸ਼ਬੂ ਕੁਮਾਰੀ, ਦੀਪਿਕਾ ਚਾਵਲਾ, ਸ਼ਾਂਤੀ, ਮਧੂ ਬਾਲਾ, ਮੀਨਾਕਸ਼ੀ, ਨਿਸ਼ਾ ਕੁਮਾਰੀ, ਮੋਨਿਕਾ, ਸੁਗਾਂਤੀ, ਰੀਨਾ, ਸੋਨਮ ਕੁਮਾਰੀ, ਹੁਸਨਿਆਰਾ, ਮੋਨਿਕਾ ਸ਼ਰਮਾ, ਪ੍ਰਿਆ, ਅਪਰਨਾ, ਹਸੀਬਾ ਖਾਤੁਨ, ਅੰਸ਼ੂ ਕੁਮਾਰੀ, ਹਰਪ੍ਰੀਤ ਜੱਸਲ, ਪਲਕੀ, ਰਜਨੀ ਬਾਲਾ, ਰੇਖਾ ਨਾਰੰਗ, ਸਿਮਰਜੀਤ, ਸ਼ਿਵਾਨੀ ਸਿੰਘ, ਰਾਜਵਿੰਦਰ ਕੌਰ, ਸਿਮਰਨ, ਰੀਨਾ ਰਾਣੀ, ਸੋਨਮ, ਪ੍ਰੀਆ, ਕਮਲਜੀਤ, ਰਿਤਿਕਾ, ਨੇਹਾ, ਸ਼ਾਂਤੀ, ਹਰਮੀਤ ਕੌਰ, ਹਰਕੋਮਲ, ਸੰਧਿਆ, ਸੋਨੀਆ ਆਦਿ ਹਾਜ਼ਰ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬੇਰੁਜ਼ਗਾਰ ਬੀ ਐੱਡ ਟੈੱਟ ਪਾਸ ਅਧਿਆਪਕਾਂ ਵੱਲੋਂ ਪਹਿਲੀ ਜਨਵਰੀ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਦੇ ਘਿਰਾਓ ਦਾ ਐਲਾਨ

**ਸੰਗਰੂਰ (ਦਲਜੀਤ ਕੌਰ)-** ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਮਾਸਟਰ ਕੇਡਰ ਦੀ ਭਰਤੀ ਨੂੰ ਲੈ ਕੇ ਪਿਛਲੇ ਚਾਰ ਸਾਲਾਂ ਤੋਂ ਸੰਘਰਸ਼ ਕਰਦੀ ਆ ਰਹੀ ਬੀ.ਐੱਡ.ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਨੇ ਆਮ ਆਦਮੀ ਪਾਰਟੀ ਖਿਲਾਫ ਮੁੜ ਸੰਘਰਸ਼ ਵਿੱਢਣ ਦੀ ਤਿਆਰੀ ਕਰ ਲਈ ਹੈ।

ਇਸ ਸੰਬੰਧੀ ਅੱਜ ਯੂਨੀਅਨ ਦੀ ਸੂਬਾ ਕਮੇਟੀ ਦੀ ਮੀਟਿੰਗ ਡੀ ਸੀ ਕੰਪਲੈਕਸ ਸੰਗਰੂਰ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਪੱਕਾ ਨੇ ਕਿਹਾ ਕਿ ਆਪ ਦੀ ਭਗਵੰਤ ਮਾਨ ਵਾਲੀ ਸਰਕਾਰ ਨੇ ਸੂਬੇ ਦਾ ਸਿੱਖਿਆਂ ਢਾਂਚਾ ਠੀਕ ਕਰਨ ਲਈ ਸਕੂਲਾਂ ਵਿਚ ਅਧਿਆਪਕਾਂ ਦੀ ਭਰਤੀ ਕਰਨ ਦੀ ਗੱਲ ਕਹੀ ਸੀ ਪਰ ਬੇਰੁਜ਼ਗਾਰ ਅਧਿਆਪਕਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਆਪ ਸਰਕਾਰ ਉਹਨਾਂ ਨਾਲ ਮੀਟਿੰਗਾਂ ਤੋਂ ਵੀ ਭੱਜ ਰਹੀ ਹੈ। ਯੂਨੀਅਨ ਦੀ ਸਿੱਖਿਆ ਮੰਤਰੀ ਨਾਲ ਤੈਅ ਹੋਈ ਮੀਟਿੰਗ ਨੂੰ ਲਗਾਤਾਰ ਦੋ ਮਹੀਨਿਆਂ ਤੋਂ ਅੱਗੇ ਪਾਇਆ ਜਾ ਰਿਹਾ ਹੈ।

ਯੂਨੀਅਨ ਆਗੂ ਨੇ ਕਿਹਾ ਕਿ ਭਾਵੇਂ ਬੇਰੁਜ਼ਗਾਰਾਂ ਦੇ ਰੋਹ ਅੱਗੇ ਝੁਕਦਿਆਂ ਪਿਛਲੀ ਕਾਂਗਰਸ ਸਰਕਾਰ ਨੇ ਚੋਣ ਜ਼ਾਬਤੇ ਤੋਂ ਅੱਧਾ ਘੰਟਾ ਪਹਿਲਾਂ ਮਾਮੂਲੀ 4161 ਅਸਾਮੀਆਂ ਭਰਨ ਦਾ ਇਸ਼ਤਿਹਾਰ ਦਿੱਤਾ ਸੀ, ਜਿਸ ਵਿੱਚ ਸਮਾਜਿਕ ਸਿੱਖਿਆ, ਪੰਜਾਬੀ, ਹਿੰਦੀ ਆਦਿ ਤਿੰਨਾਂ ਵਿਸ਼ਿਆਂ ਦੀਆਂ ਕੁੱਲ 1405 ਪੋਸਟਾਂ ਕੱਢੀਆਂ ਗਈਆਂ ਸਨ, ਜਦੋਂ ਕਿ ਇਹਨਾਂ ਵਿਸ਼ਿਆਂ ਦੇ ਅਧਿਆਪਕਾਂ ਦੀ ਸਕੂਲਾਂ ਵਿੱਚ ਵੱਡੇ ਪੱਧਰ ਤੇ ਘਾਟ ਹੈ। ਉਨ੍ਹਾਂ ਕਿਹਾ ਕਿ ਇਹਨਾਂ ਵਿਸ਼ਿਆਂ ਨੂੰ ਹੋਰ ਵਿਸ਼ਿਆਂ



ਦੇ ਅਧਿਆਪਕਾਂ ਦੁਆਰਾ ਪੜਾਉਣ ਕਾਰਨ ਵੱਡੇ ਪੱਧਰ ਤੇ ਸਮਾਜਿਕ ਸਿੱਖਿਆ, ਪੰਜਾਬੀ ਤੇ ਹਿੰਦੀ ਦੇ ਵਿਸ਼ਿਆਂ ਦੇ ਵਿਦਿਆਰਥੀ ਫੇਲ੍ਹ ਹੋ ਰਹੇ ਹਨ।

ਇਸ ਮੌਕੇ ਜੱਥੇਬੰਦੀ ਦੇ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਮਾਜਿਕ ਸਿੱਖਿਆ, ਪੰਜਾਬੀ ਅਤੇ ਹਿੰਦੀ ਦੇ ਵਿਸ਼ਿਆਂ ਦੇ ਅਧਿਆਪਕਾਂ ਦੀ ਵੱਡੀ ਗਿਣਤੀ ਵਿੱਚ ਭਰਤੀ ਕੀਤੀ ਜਾਵੇ। ਮਾਸਟਰ ਕੇਡਰ ਲਈ ਬੀ ਏ ਵਿੱਚੋਂ 55% ਵਾਲੀ ਮਾਰੂ ਸ਼ਰਤ ਨੂੰ ਰੱਦ ਕੀਤਾ ਜਾਵੇ, ਕਿਉਂਕਿ ਅਜੇ ਵੀ ਬੀ.ਐੱਡ 45-50% 'ਤੇ ਹੋ ਰਹੀ ਹੈ। ਲੈਕਚਰਾਰ ਦੀ ਭਰਤੀ ਵਿੱਚ ਸਮਾਜਿਕ ਸਿੱਖਿਆ ਦੇ ਵਿਸ਼ੇ ਨੂੰ ਸ਼ਾਮਿਲ ਕੀਤਾ ਜਾਵੇ।

ਉਹਨਾਂ ਦੱਸਿਆ ਕਿ ਯੂਨੀਅਨ ਦੀ ਮੀਟਿੰਗ ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ ਲਗਾਤਾਰ ਅੱਗੇ ਪਾਉਣ ਤੋਂ ਬਾਅਦ ਹੁਣ 30 ਦਸੰਬਰ ਦੀ ਤੈਅ ਕੀਤੀ ਗਈ ਹੈ। ਬੇਰੁਜ਼ਗਾਰ ਅਧਿਆਪਕ ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ 30 ਦਸੰਬਰ ਦੀ ਮੀਟਿੰਗ ਨਹੀਂ ਹੁੰਦੀ ਜਾਂ ਮੀਟਿੰਗ ਵਿੱਚ ਮੰਗਾਂ ਸੰਬੰਧੀ ਕੋਈ ਠੋਸ ਭਰੋਸਾ ਨਹੀ ਮਿਲਦੀ ਤਾਂ ਨਵੇਂ ਸਾਲ ਵਾਲੇ ਦਿਨ 1 ਜਨਵਰੀ 2023 ਨੂੰ ਮੁੱਖ ਮੰਤਰੀ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।

ਇਸ ਮੌਕੇ ਮੀਤ ਪ੍ਰਧਾਨ ਅਮਨਦੀਪ ਸੇਖਾ, ਜਰਨਲ ਸਕੱਤਰ ਗਗਨਦੀਪ ਕੌਰ ਗਰੇਵਾਲ, ਹਰਦੀਪ ਕੌਰ, ਸੁਖਪਾਲ ਖਾਨ, ਜਗਸੀਰ ਝਲੂਰ, ਸੰਦੀਪ ਮੋਫ਼ਰ, ਜਗਤਾਰ ਸਿੰਘ ਆਦਿ ਆਗੂ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਸੰਗਰੂਰ ਨੂੰ ਮਿਲਿਆ 'ਮਿੰਨੀ ਐਡਵਾਂਸ ਰੈਸਕਿਊ ਵਹੀਕਲ' ਦਾ ਤੋਹਫ਼ਾ: ਵਿਧਾਇਕ ਨਰਿੰਦਰ ਕੌਰ ਭਰਾਜ

**ਸੰਗਰੂਰ (ਦਲਜੀਤ ਕੌਰ)-** ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਸੰਗਰੂਰ ਦੇ ਵਾਸੀਆਂ ਨੂੰ 'ਮਿੰਨੀ ਐਡਵਾਂਸ ਰੈਸਕਿਊ ਵਹੀਕਲ' ਦਾ ਤੋਹਫ਼ਾ ਦਿੱਤਾ ਗਿਆ ਹੈ ਜਿਸ ਦੀ ਮਦਦ ਨਾਲ ਕਿਸੇ ਵੀ ਸੰਕਟਕਾਲੀਨ ਸਥਿਤੀ ਵਿੱਚ ਲੋੜਵੰਦਾਂ ਨੂੰ ਫੌਰੀ ਮਦਦ ਪਹੁੰਚਾਈ ਜਾ ਸਕੇਗੀ। ਇਹ ਪ੍ਰਗਟਾਵਾ ਵਿਧਾਇਕ ਸੰਗਰੂਰ ਨਰਿੰਦਰ ਕੌਰ ਭਰਾਜ ਨੇ ਅੱਜ ਫਾਇਰ ਬ੍ਰਿਗੇਡ ਦਫ਼ਤਰ ਵਿਖੇ ਵਿਸ਼ੇਸ਼ ਸੇਵਾਵਾਂ ਵਾਲੀ ਇਸ ਗੱਡੀ ਦਾ ਰਸਮੀ ਉਦਘਾਟਨ ਕਰਦਿਆਂ ਕੀਤਾ। ਵਿਧਾਇਕ ਸ਼੍ਰੀਮਤੀ ਭਰਾਜ ਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਇਹ ਗੱਡੀ ਹਾਦਸਾਗ੍ਰਸਤ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਵਰਦਾਨ ਸਾਬਤ ਹੋਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਹਿਲੀ ਵਾਰ ਇਸ ਕਿਸਮ ਦੇ ਜੀਵਨ ਰੱਖਿਅਕ ਅਤਿ ਆਧੁਨਿਕ ਵਾਹਨਾਂ ਦੀ ਖਰੀਦ ਕੀਤੀ ਗਈ ਹੈ ਜਿਸ ਨੂੰ ਵਿਸ਼ੇਸ਼ ਤੌਰ 'ਤੇ ਬਚਾਓ ਕਾਰਜਾਂ ਨੂੰ ਅਮਲ ਵਿੱਚ ਲਿਆਉਣ ਲਈ ਡਿਜ਼ਾਇਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ



ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਲਈ ਵਚਨਬੱਧ ਹੈ ਅਤੇ ਇਸੇ ਉਦੇਸ਼ ਨਾਲ ਖਰੀਦੇ ਇਨ੍ਹਾਂ ਵਾਹਨਾਂ ਵਿੱਚ ਇਲੈਕਟਰੀਕਲ ਤੇ ਹਾਈਡਰੋਲਿਕ ਮਸ਼ੀਨਰੀ ਲੱਗੀ ਹੋਈ ਹੈ ਅਤੇ ਜੇਕਰ ਕਿਸੇ ਇਮਾਰਤ ਦੇ ਨੁਕਸਾਨਗ੍ਰਸਤ ਹੋਣ, ਸੜਕ ਦੁਰਘਟਨਾ ਹੋਣ ਅਤੇ ਰਸਤਿਆਂ ਵਿੱਚ ਵੱਡੇ ਦਰੱਖਤਾਂ ਦੇ ਡਿੱਗ ਜਾਣ ਸਮੇਂ ਕਿਸੇ ਭਾਰੀ ਜਾਂ ਮਜ਼ਬੂਤ ਵਸਤੂ ਨੂੰ ਹਟਾਉਣ, ਕੱਟਣ ਜਾਂ ਅਜਿਹੇ ਹੀ ਕਿਸੇ ਹੋਰ ਕਾਰਵਾਈ ਲਈ ਲੋੜ ਪੈਂਦੀ ਹੈ ਤਾਂ ਇਸ ਮਸ਼ੀਨਰੀ ਰਾਹੀਂ ਅਜਿਹਾ ਕਰਨਾ ਸੰਭਵ ਹੋਵੇਗਾ।

ਉਨ੍ਹਾਂ ਦੱਸਿਆ ਕਿ ਲੋਹੇ ਨੂੰ ਕੱਟਣ ਲਈ ਚੇਨ ਆਰਾ, ਕਟਰ ਆਦਿ ਦੇ ਨਾਲ ਨਾਲ ਇਸ ਵਿੱਚ ਇਨ੍ਹਾਂ ਹਾਈਡਰੋਲਿਕ ਮਸ਼ੀਨਾਂ ਨੂੰ ਚਲਾਉਣ ਲਈ 15 ਕਿਲੋਵਾਟ ਦਾ ਜਰਨੇਟਰ ਲੱਗਿਆ ਹੋਇਆ ਹੈ ਤਾਂ ਜੋ ਬਿਜਲੀ ਦੀ ਸਪਲਾਈ ਨਾਲੋ ਨਾਲ ਮਿਲਦੀ ਰਹੇ। ਉਨ੍ਹਾਂ ਦੱਸਿਆ ਕਿ ਵਾਹਨ ਦੇ ਉਤੇ ਅਤਿ ਆਧੁਨਿਕ ਬੂਮ ਲਾਈਟ ਲੱਗੀ ਹੋਈ ਹੈ ਅਤੇ ਜੇਕਰ ਕਿਸੇ ਸੰਕਟਕਾਲੀਨ ਸਥਿਤੀ ਵਿੱਚ ਹਨੇਰੇ ਵਾਲੇ ਸਥਾਨ 'ਤੇ ਗੱਡੀ ਨੂੰ ਜਾਣਾ ਪੈਂਦਾ ਹੈ ਤਾਂ ਇਹ ਲਾਈਟ 20 ਫੁੱਟ ਤੱਕ ਬਾਹਰ ਵੀ ਆ ਜਾਂਦੀ ਹੈ ਅਤੇ ਇਸਨੂੰ ਹੇਠੋ ਰਿਮੋਟ ਨਾਲ ਵੀ ਚਲਾਇਆ ਜਾ ਸਕਦਾ ਹੈ। ਇਸ ਮੌਕੇ ਜ਼ਿਲ੍ਹਾ ਫਾਇਰ ਅਫ਼ਸਰ ਅਮਰਿੰਦਰਪਾਲ ਸਿੰਘ ਸੰਧੂ, ਕਾਰਜ ਸਾਧਕ ਅਫ਼ਸਰ ਬਾਲ ਕ੍ਰਿਸ਼ਨ ਵੀ ਹਾਜ਼ਰ ਸਨ।

# ਪੰਜਾਬ ਸਰਕਾਰ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਲਈ ਵਚਨਬੱਧ: ਅਮਨ ਅਰੋੜਾ

**ਲੌਂਗੋਵਾਲ (ਦਲਜੀਤ ਕੌਰ )-** ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਕੂਲ ਸਿੱਖਿਆ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਲਈ ਮਹੱਤਵਪੂਰਨ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਉਪਰਾਲਿਆਂ ਦੀ ਲੜੀ ਤਹਿਤ ਅੱਜ ਜ਼ਿਲ੍ਹਾ ਸੰਗਰੂਰ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਆਯੋਜਿਤ 'ਮੈਗਾ ਮਾਪੇ ਅਧਿਆਪਕ ਮਿਲਣੀ' ਨੇੜ ਭਵਿੱਖ ਵਿੱਚ ਸਾਕਾਰਾਤਮਕ ਨਤੀਜੇ ਸਾਹਮਣੇ ਲਿਆਉਣ ਵਿੱਚ ਸਫ਼ਲ ਸਾਬਿਤ ਹੋਵੇਗੀ।

ਇਹ ਪ੍ਰਗਟਾਵਾ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਸ਼ਹੀਦ ਭਾਈ ਮਤੀ ਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਲੌਂਗੋਵਾਲ ਵਿਖੇ ਮਾਪੇ ਅਧਿਆਪਕ ਮਿਲਣੀ ਮੌਕੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਕੈਬਨਿਟ ਮੰਤਰੀ ਸ੍ਰੀ ਅਰੋੜਾ ਨੇ ਇਸ ਮੌਕੇ ਬੋਲਦਿਆ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਵੱਲੋਂ ਸਕੂਲ ਸਿੱਖਿਆ ਪ੍ਰਣਾਲੀ ਨੂੰ ਹਰ ਪੱਖੋਂ ਮਜ਼ਬੂਤ ਕਰਕੇ ਵਿਸ਼ਵ ਪੱਧਰੀ ਸਿੱਖਿਆ ਪ੍ਰਣਾਲੀ ਦੇ ਬਰਾਬਰ ਕਰਨ ਦਾ ਟੀਚਾ



ਮਿੱਥਿਆ ਗਿਆ ਹੈ ਅਤੇ ਇਸ ਉਦੇਸ਼ ਦੀ ਪੂਰਤੀ ਕਰਨ ਲਈ ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਦਾ ਯੋਗਦਾਨ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਿਹਨਤੀ ਅਧਿਆਪਕ ਵਿਦਿਆਰਥੀਆਂ ਦੇ ਜੀਵਨ ਵਿੱਚ ਭਰਪੂਰ ਨਿਖਾਰ ਲਿਆਉਣ ਲਈ ਯਤਨਸ਼ੀਲ ਹਨ ਅਤੇ ਮਾਪਿਆਂ ਨੂੰ ਵੀ ਪੂਰੀ ਜ਼ਿੰਮੇਵਾਰੀ ਨਾਲ ਅਧਿਆਪਕਾਂ ਨਾਲ ਲਗਾਤਾਰ ਸੰਪਰਕ ਰੱਖਦੇ ਹੋਏ ਬੱਚਿਆਂ ਦੀ ਸ਼ਖ਼ਸੀਅਤ ਵਿੱਚ ਸੁਧਾਰ ਲਿਆਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਬੱਚਿਆਂ ਨੂੰ ਉਸਾਰੂ ਮਾਹੌਲ ਪ੍ਰਦਾਨ ਕਰਦੇ ਹੋਏ ਜਿੰਨਾ ਸਮਾਂ ਅਤੇ ਸਾਰਥਕ ਯਤਨ ਅਮਲ ਵਿੱਚ ਲਿਆਂਦੇ ਜਾਣਗੇ, ਬੱਚਿਆਂ ਦੀ ਪ੍ਰਤਿਭਾ ਵਿੱਚ ਓਨਾ ਹੀ ਨਿਖਾਰ ਆਵੇਗਾ।

ਸ੍ਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ ਵਿੱਚ ਬਿਹਤਰੀਨ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਦੇ ਨਾਲ ਨਾਲ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ, ਅਤਿ ਆਧੁਨਿਕ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਜੋ ਸਾਡੇ ਬੱਚੇ ਅਕਾਦਮਿਕ ਖੇਤਰ ਵਿੱਚ ਬੇਮਿਸਾਲ ਪ੍ਰਾਪਤੀਆਂ ਦਰਜ ਕਰ ਸਕਣ। ਉਨ੍ਹਾਂ ਕਿਹਾ ਕਿ ਮਾਪਿਆਂ ਤੇ ਅਧਿਆਪਕਾਂ ਨੂੰ ਇੱਕ ਸਾਂਝਾ ਮੰਚ ਪ੍ਰਦਾਨ ਕਰਨ ਲਈ ਹੀ ਮੈਗਾ ਮਾਪੇ ਅਧਿਆਪਕ ਮਿਲਣੀ ਕਰਵਾਈ ਗਈ ਹੈ। ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਤੇ ਅਧਿਆਪਕਾਂ ਵੱਲੋਂ ਆਪਣੇ ਸੁਝਾਅ ਵੀ ਸਾਂਝੇ ਕੀਤੇ ਗਏ। ਇਸ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸੰਜੀਵ ਸ਼ਰਮਾ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼ਿਵਰਾਜ ਕਪੂਰ ਵੀ ਹਾਜ਼ਰ ਸਨ।

# ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਲਈ ਤਰਕਸ਼ੀਲ ਪ੍ਰੋਗਰਾਮ ਕਰਵਾਇਆ

**ਸੁਨਾਮ ਊਧਮ ਸਿੰਘ ਵਾਲਾ (ਦਲਜੀਤ ਕੌਰ)-** ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਅਜ ਸਰਕਾਰੀ ਹਾਈ ਸਕੂਲ ਰਾਮਗੜ੍ਹ ਜਵੰਧੇ ਵਿਖੇ ਮਾਸਟਰ ਪਰਮਵੇਦ, ਸੀਤਾ ਰਾਮ ਤੇ ਜਗਦੇਵ ਕੰਮੋਮਾਜਰਾ ਆਧਾਰਿਤ ਤਰਕਸ਼ੀਲ ਟੀਮ ਵੱਲੋਂ ਤਰਕਸ਼ੀਲ ਪਰੋਗਰਾਮ ਦਿੱਤਾ ਗਿਆ। ਇਸ ਮੌਕੇ ਅਧਿਆਪਕ ਸਹਿਦੇਵ ਸਿੰਘ ਵੱਲੋਂ ਤਰਕਸ਼ੀਲ ਟੀਮ ਬਾਰੇ ਜਾਣਕਾਰੀ ਦਿੰਦਿਆਂ ਤਰਕਸ਼ੀਲ ਟੀਮ ਦਾ ਸਵਾਗਤ ਕੀਤਾ ਤੇ ਤਰਕਸ਼ੀਲਾਂ ਦੇ ਸੁਨੇਹੇ ਲੋਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨ੍ਹੇਰੇ ਵਿੱਚੋਂ ਨਿਕਲਣ ਤੇ ਵਿਗਿਆਨਕ ਵਿਚਾਰਾਂ ਦੇ ਧਾਰਨੀ ਬਣਨ ਬਾਰੇ ਜਾਣਕਾਰੀ ਦਿੱਤੀ।





ਇਸ ਸਮਾਗਮ ਦੇ ਮੁੱਖ ਬੁਲਾਰੇ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਸੰਗਰੂਰ-ਬਰਨਾਲਾ ਦੇ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਨੇ ਆਪਣੇ ਸੰ-ਬੋਧਨ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅੰਧ-ਵਸ਼ਵਾਸ਼ਾਂ, ਵਹਿਮਾਂ-ਭਰਮਾਂ, ਲਾਈਲਗਤਾ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲਣ ਕੇ ਆਪਣਾ ਸੋਚਣ ਢੰਗ ਵਿਗਿਆਨਕ ਬਣਾਉਣ ਦਾ ਸੁਨੇਹਾ ਦਿੱਤਾ। ਉਨਾਂ ਕਿਹਾ ਕਿ ਵਿਗਿਆਨਕ ਤੌਰ ਤੇ ਜਾਗਰੂਕ ਹੋ ਕੇ ਤੇ ਨੈਤਿਕ ਕਦਰਾਂ ਕੀਮਤਾਂ ਅਪਣਾ ਕੇ ਆਪਣੀ ਸ਼ਖਸ਼ੀਅਤ ਨੂੰ ਵਿਕਸਤ ਕਰਨਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਹਿੰਮਤ, ਲਗਨ, ਅਤੇ ਕੀ, ਕਿਉਂ, ਕਿਵੇਂ ਆਦਿ ਵਿਗਿਆਨਕ ਗੁਣ ਅਪਣਾ ਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਦਿਨਾਂ, ਨੰਬਰਾਂ, ਮਿਤੀਆਂ, ਸੂਰਜ, ਚੰਦ ਗ੍ਰਹਿਣ ਦਿਨਾਂ ਦੇ ਛੋਟੇ-ਵੱਡੇ ਹੋਣ ਆਦਿ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ, ਉਨ੍ਹਾਂ ਜੋਤਿਸ਼ ਤੇ ਵਾਸਤੂ ਸ਼ਾਸਤਰ ਨੂੰ ਗੈਰਵਿਗਿਆਨਕ ਕਹਿੰਦਿਆਂ ਭੂਤਾਂ ਪ੍ਰੇਤਾਂ ਆਦਿ ਦੀ ਅਣਹੋਂਦ ਬਾਰੇ ਵਿਸਥਾਰ ਪੂਰਵਕ ਸਮਝਾਉਂਦਿਆਂ ਇਨ੍ਹਾਂ ਨੂੰ ਮਨੋਕਲਪਿਤ ਕਿਹਾ। ਮਾਸਟਰ ਪਰਮਵੇਦ ਨੇ ਕਿਹਾ ਕਿ ਦੁਨੀਆਂ ਵਿੱਚ ਘਟਨਾਵਾਂ ਵਾਪਰਦੀਆਂ ਹਨ, ਕੋਈ ਚਮਤਕਾਰ ਨਹੀਂ, ਘਟਨਾਵਾਂ ਦੇ ਕਾਰਨ ਜਾਣਨਾ ਹੀ ਤਰਕਸ਼ੀਲਤਾ ਹੈ। ਕਿਸੇ ਗੱਲ ਨੂੰ ਮੰਨਣ ਤੋਂ ਪਹਿਲਾਂ ਉਸਨੂੰ ਤਰਕ ਦੀ ਕਸੌਟੀ ਤੇ ਪਰਖਣ ਦਾ ਸੁਨੇਹਾ ਦਿੱਤਾ। ਇਸ ਮੌਕੇ ਜਗਦੇਵ ਕੰਮੋਮਾਜਰਾ ਨੇ ਜਾਦੂ ਸ਼ੋਅ ਰਾਹੀਂ ਹਾਜ਼ਰੀਨ ਦਾ ਸਾਰਥਿਕ ਮਨੋਰੰਜਨ ਕੀਤਾ। ਉਨ੍ਹਾਂ ਕਿਹਾ ਕਿ ਜਾਦੂ ਇੱਕ ਕਲਾ ਹੈ, ਹੱਥ ਦੀ ਸਫਾਈ ਹੈ। ਉਨ੍ਹਾਂ ਰੁਮਾਲ ਤੋਂ ਛੜੀ ਬਣਾਉਣ, ਛੜੀ ਤੋਂ ਫੁੱਲ ਬਣਾਉਣਾ, ਫੁੱਲ ਗਾਇਬ ਕਰਨਾ, ਕਾਗਜ ਨੂੰ ਮਚਾ ਕੇ ਨੋਟ ਬਣਾਉਣ ਆਦਿ ਟਰਿੱਕਾਂ ਰਾਹੀਂ ਬੱਚਿਆਂ ਨੂੰ ਵਿਗਿਆਨਕ ਸੋਚ ਅਪਨਾਉਣ ਦਾ ਹੋਕਾ ਦਿੱਤਾ। ਮੁੱਖ ਅਧਿਆਪਕਾ ਸ਼ਰਨਜੀਤ ਕੌਰ, ਸਮੇਤ ਮਹਿੰਦਰ ਸਿੰਘ, ਰਵਿੰਦਰ ਸਿੰਘ, ਹਰਿੰਦਰ ਸਿੰਘ, ਸਾਹਿਲ ਬਾਂਸਲ, ਰੀਚਾ ਗੋਇਲ, ਸਹਿਦੇਵ ਸਿੰਘ, ਜਗਦੀਪ ਕੌਰ, ਰੁਪਿੰਦਰਜੀਤ ਕੌਰ, ਬੇਅੰਤ ਕੌਰ, ਰਣਜੀਤ ਸਿੰਘ ਅਧਿਆਪਕਾਂ ਨੇ ਸਮਾਗਮ ਵਿੱਚ ਸ਼ਮੂਲੀਅਤ ਕੀਤੀ।

ਮਾਸਟਰ ਮਹਿੰਦਰ ਸਿੰਘ ਨੇ ਇਸਵਿਗਿਆਨਕ ਵਿਚਾਰਾਂ ਦਾ ਛੱਟਾ ਦੇਣ ਲਈ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਆਪਣਾ ਨਜ਼ਰੀਆ ਵਿਗਿਆਨਕ ਬਣਾਉਣ ਲਈ ਪ੍ਰੇਰਿਤ ਕੀਤਾ। ਇਹ ਪੂਰਾ ਪ੍ਰੋਗਰਾਮ ਸਿੱਖਿਆਦਾਇਕ ਅਤੇ ਭਾਵਪੂਰਤ ਹੋ ਨਿਬੜਿਆ।




Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:

Das Pawar, Ishwar: 9781682131558: Amazon.com: Book

https://www.amazon.com/Struggle-Life-Ishwar-Das-Pawar/dp/1682131556


# ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਤਹਿਤ ਕਰੀਬ 20 ਲਾਭਪਾਤਰੀਆਂ ਨੂੰ ਸਹਾਇਤਾ ਰਾਸ਼ੀ ਦੇ ਚੈਕ ਪ੍ਰਦਾਨ

**ਦਿੜ੍ਹਬਾ (ਦਲਜੀਤ ਕੌਰ)–** ਪੰਜਾਬ ਸਰਕਾਰ ਸੂਬਾ ਵਾਸੀਆਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਸ਼ਹਿਰੀ ਤੇ ਦਿਹਾਤੀ ਖੇਤਰਾਂ ਦਾ ਸਰਵ ਪੱਖੀ ਵਿਕਾਸ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਹ ਪ੍ਰਗਟਾਵਾ ਪੰਜਾਬ ਦੇ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਵਿਧਾਨ ਸਭਾ ਹਲਕਾ ਦਿੜ੍ਹਬਾ ਦੇ ਕਰੀਬ 20 ਲਾਭਪਾਤਰੀਆਂ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਕਰੀਬ ਤਿੰਨ ਲੱਖ ਰੁਪਏ ਦੇ ਸਹਾਇਤਾ ਰਾਸ਼ੀ ਚੈਕ ਸੌਂਪਦਿਆਂ ਕੀਤਾ। ਐਸ.ਡੀ.ਐਮ ਦਫ਼ਤਰ ਦਿੜ੍ਹਬਾ ਵਿਖੇ ਹਲਕਾ ਵਾਸੀਆਂ ਦੀਆਂ ਸਮੱਸਿਆਵਾਂ ਸੁਣਦਿਆਂ ਕੈਬਨਿਟ ਮੰਤਰੀ ਨੇ ਮੌਕੇ ’ਤੇ ਹੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਢੁਕਵੇਂ ਢੰਗ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕੀਤਾ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਲੋਕਾਂ ਨੂੰ ਆਪਣੇ ਸਰਕਾਰੀ ਕੰਮਕਾਜ ਨੂੰ ਕਰਵਾਉਣ ਲਈ ਸਰਕਾਰੀ ਦਫ਼ਤਰਾਂ ਦੇ ਵਾਰ ਵਾਰ ਚੱਕਰ ਨਾ ਕੱਟਣੇ ਪੈਣ। ਕੈਬਨਿਟ ਮੰਤਰੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਦਾ ਮੁਕੰਮਲ ਖਾਤਮਾ ਕਰਨ ਲਈ ਵੀ ਸੂਬਾ ਸਰਕਾਰ ਵਚਨਬੱਧ ਹੈ ਅਤੇ ਸਰਕਾਰੀ ਵਿਭਾਗਾਂ ਵਿੱਚ ਲੋਕਾਂ ਦੇ ਕੰਮ ਪਾਰਦਰਸ਼ੀ ਢੰਗ ਨਾਲ ਸਮੇਂ ਸਿਰ ਨੇਪਰੇ ਚੜ੍ਹਾਉਣ ਸਬੰਧੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।





ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਅੱਠ ਮਹੀਨਿਆਂ ਅੰਦਰ ਲੋਕ ਹਿੱਤ ਵਿੱਚ ਇਤਿਹਾਸਕ ਫੈਸਲੇ ਲੈਂਦੇ ਹੋਏ ਸਫ਼ਲਤਾ ਨਾਲ ਲਾਗੂ ਕਰ ਵਿਖਾਇਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ 600 ਯੂਨਿਟ ਬਿਜਲੀ ਮੁਆਫ਼ੀ ਦੇ ਫੈਸਲੇ ਨਾਲ ਸੂਬੇ ਦੇ 85 ਫੀਸਦੀ ਤੋਂ ਵੱਧ ਲੋਕਾਂ ਦਾ ਬਿਜਲੀ ਬਿੱਲ ਜੀਰੋ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਚੋਣਾਂ ਦੇ ਸਮੇਂ ਕੀਤੀਆਂ ਗਈਆਂ ਸਾਰੀਆਂ ਗਾਰੰਟੀਆਂ ਨੂੰ ਤਰਜੀਹੀ ਆਧਾਰ ’ਤੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਤੇ ਸ਼ਹਿਰਾਂ ਵਿਖੇ ਵਿਕਾਸ ਕਾਰਜਾਂ ਲਈ ਬਿਨਾਂ ਕਿਸੇ ਪੱਖਪਾਤ ਤੋਂ ਗਰਾਂਟਾਂ ਦੀ ਵੰਡ ਕੀਤੀ ਜਾ ਰਹੀ ਹੈ।

# ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਸਰਕਾਰੀ ਸਕੂਲਾਂ ਦਾ ਅਚਨਚੇਤ ਦੌਰਾ ਕਰਕੇ ਮਾਪੇ ਅਧਿਆਪਕ ਮਿਲਣੀ ਦਾ ਜਾਇਜ਼ਾ

**ਸੰਗਰੂਰ (ਦਲਜੀਤ ਕੌਰ)–** ਡਿਪਟੀ ਕਮਿਸ਼ਨਰ ਸ਼੍ਰੀ ਜਤਿੰਦਰ ਜੋਰਵਾਲ ਨੇ ਅੱਜ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦਾ ਅਚਨਚੇਤ ਦੌਰਾ ਕਰਦਿਆਂ ਮੈਗਾ ਮਾਪੇ ਅਧਿਆਪਕ ਮਿਲਣੀ ਤਹਿਤ ਚੱਲ ਰਹੀ ਕਾਰਵਾਈ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਸਰਕਾਰੀ ਹਾਈ ਸਕੂਲ ਕੁਲਾਰ ਖੁਰਦ, ਤੁੰਗਾਂ ਆਦਿ ਦਾ ਦੌਰਾ ਕਰਦਿਆਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦਾ ਭਵਿੱਖ ਸੰਵਾਰਨ ਲਈ ਅਧਿਆਪਕਾਂ ਨਾਲ ਲਗਾਤਾਰ ਰਾਬਤਾ ਰੱਖਣ ਤਾਂ ਜੋ ਬੱਚਿਆਂ ਦੀ ਵੱਖ-ਵੱਖ ਵਿਸ਼ਿਆਂ ਵਿੱਚ ਦਿਲਚਸਪੀ ਜਾਂ ਕਮਜ਼ੋਰੀ ਬਾਰੇ ਤੱਥ ਸਾਹਮਣੇ ਆਉਂਦੇ ਰਹਿਣ ਅਤੇ ਲੋੜ ਮੁਤਾਬਕ ਬੱਚਿਆਂ ਦੀਆਂ ਕਮੀਆਂ ਨੂੰ ਦੂਰ ਕੀਤਾ ਜਾ ਸਕੇ।





ਸ਼੍ਰੀ ਜੋਰਵਾਲ ਨੇ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦਾ ਮਿਆਰ ਉਚਾ ਚੁੱਕਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਅਤੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਇਹ ਵਿਸ਼ਾਲ ਮਿਲਣੀ ਕਰਵਾਈ ਗਈ ਹੈ ਤਾਂ ਜੋ ਮਾਪਿਆਂ ਰਾਹੀਂ ਮਿਲਣ ਵਾਲੇ ਸੁਝਾਵਾਂ ਨੂੰ ਅਮਲ ਵਿੱਚ ਲਿਆਉਂਦੇ ਹੋਏ ਹੋਰ ਵੀ ਸੁਧਾਰ ਯਕੀਨੀ ਬਣਾਏ ਜਾ ਸਕਣ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਵਿਅਕਤੀਤਵ ਵਿਕਾਸ ਲਈ ਲਗਾਤਾਰ ਨਿਗਰਾਨੀ ਦੀ ਲੋੜ ਹੁੰਦੀ ਹੈ ਜਿਸ ਵਿੱਚ ਮਾਪਿਆਂ ਤੇ ਅਧਿਆਪਕਾਂ ਦੋਵਾਂ ਦਾ ਹੀ ਰੋਲ ਮਹੱਤਵਪੂਰਨ ਹੁੰਦਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਿਹਨਤ ਅਤੇ ਲਗਨ ਦੇ ਨਾਲ ਕੋਈ ਵੀ ਵਿਦਿਆਰਥੀ ਆਪਣੀ ਮੰਜ਼ਿਲ ’ਤੇ ਪੁੱਜ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿੱਚ ਨਿਰੰਤਰ ਬਿਹਰਤੀਨ ਮੌਕੇ ਮਿਲਦੇ ਰਹਿੰਦੇ ਹਨ ਅਤੇ ਸਾਨੂੰ ਇਨ੍ਹਾਂ ਮੌਕਿਆਂ ਦਾ ਲਾਭ ਉਠਾਉਣ ਲਈ ਹਿੰਮਤ ਨਾਲ ਜੁਟੇ ਰਹਿਣਾ ਚਾਹੀਦਾ ਹੈ। ਵਿਦਿਆਰਥੀਆਂ ਦੇ ਮਾਪਿਆਂ ਨੂੰ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਬੱਚਿਆਂ ਦੀ ਦਿਲਚਸਪੀ ਨੂੰ ਦੇਖਦਿਆਂ ਹੀ ਨਿਰੰਤਰ ਹੌਂਸਲਾ ਵਧਾਇਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਜ਼ਿੰਦਗੀ ਵਿੱਚ ਪੂਰੀ ਦ੍ਰਿੜਤਾ ਨਾਲ ਅੱਗੇ ਵਧ ਸਕਣ। ਸ਼੍ਰੀ ਜੋਰਵਾਲ ਨੇ ਅਧਿਆਪਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਕੂਲਾਂ ਵਿੱਚ ਬੱਚਿਆਂ ਦੀ ਸੌ ਫੀਸਦੀ ਹਾਜ਼ਰੀ ਯਕੀਨੀ ਬਣਾਉਣ ਲਈ ਲਗਾਤਾਰ ਮਾਪਿਆਂ ਨਾਲ ਸੰਪਰਕ ਰੱਖਿਆ ਜਾਵੇ ਅਤੇ ਬੱਚਿਆਂ ਨੂੰ ਸਿੱਖਿਆ ਦੇ ਨਾਲ ਨਾਲ ਖੇਡਾਂ ਤੇ ਸਭਿਆਚਾਰਕ ਗਤੀਵਿਧੀਆਂ ਨਾਲ ਜੋੜਨ ਲਈ ਵੀ ਯਤਨ ਜਾਰੀ ਰੱਖੇ ਜਾਣ।

# ਜਰਖੜ ਹਾਕੀ ਅਕੈਡਮੀ ਨੇ ਪੰਜਾਬ ਸਕੂਲ ਹਾਕੀ ’ਚ ਕਾਂਸੀ ਤਮਗਾ ਜਿੱਤਣ ਤੇ ਹੋਇਆ ਵਿਸ਼ੇਸ਼ ਸਨਮਾਨ

ਜਰਖੜ ਹਾਕੀ ਅਕੈਡਮੀ ਨੇ ਪੰਜਾਬ ਰਾਜ ਸਕੂਲ ਖੇਡਾਂ ਅੰਡਰ 14 ਸਾਲ ਸਟੇਟ ਹਾਕੀ ਚੈਂਪੀਅਨਸ਼ਿਪ ਬਠਿੰਡਾ ਵਿਖੇ ਪਟਿਆਲਾ ਨੂੰ 3-0 ਨਾਲ ਹਰਾਕੇ ਕਾਂਸੀ ਦਾ ਤਮਗਾ ਜਿੱਤਿਆ ਹੈ ਦਾ ਅੱਜ ਕੀਤਾ ਜਾਵੇਗਾ। ਇਸ ਮੌਕੇ ਬੱਚਿਆਂ ਨੂੰ ਚਾਹ ਪਾਰਟੀ ਦਿੱਤੀ ਗਈ। ਜੇਤੂ ਬੱਚਿਆਂ ਨੂੰ ਨਰਾਇਣ ਸਿੰਘ ਗਰੇਵਾਲ ਨੇ ਟਰੈਕ ਸੂਟ ਦੇਣ ਦਾ ਐਲਾਨ ਕੀਤਾ ਜਦਕਿ ਜਗਰੂਪ ਸਿੰਘ ਜਰਖੜ ਨੇ




ਸਾਨਾਮੱਤਾ ਸਨਮਾਨ ਹੋਇਆ। ਜਰਖੜ ਅਕੈਡਮੀ ਨੇ ਪੰਜਾਬ ਸਕੂਲ ਖੇਡਾਂ ਵਿੱਚ ਸੰਗਰੂਰ ਨੂੰ 9-0, ਫਰੀਦਕੋਟ ਨੂੰ 13-0, ਰੋਪੜ ਨੂੰ 3-2, ਲੁਧਿਆਣਾ ਨੂੰ 5-1 ਗੋਲਾਂ ਨਾਲ ਹਰਾਕੇ ਮਾਣਮੱਤੀ ਪ੍ਰਾਪਤੀ ਹਾਸਿਲ ਕੀਤੀ।

ਜਰਖੜ ਹਾਕੀ ਅਕੈਡਮੀ ਦੇ ਜੇਤੂ ਬੱਚਿਆਂ ਦਾ ਜਰਖੜ ਖੇਡ ਸਟੇਡੀਅਮ ਵਿਖੇ ਪੁੱਜਣ ਤੇ ਪ੍ਰਿੰਸੀਪਲ ਹਰਦੇਵ ਸਿੰਘ ਅਤੇ ਸਕੂਲ ਸਟਾਫ ਤੋਂ ਇਲਾਵਾ ਅਕੈਡਮੀ ਦੇ ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ ਆਸਟ੍ਰੇਲੀਆ , ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਜਰਖੜ ਅਕੈਡਮੀ ਦੇ ਅਹੁਦੇਦਾਰਾ ਵਲੋਂ ਬੱਚਿਆਂ ਨੂੰ ਮੈਡਲ ਦੇਕੇ ਵਿਸ਼ੇਸ਼ ਸਨਮਾਨਿਤ ਆਖਿਆ ਕਿ ਜੇਤੂ ਟੀਮਾਂ ਨੂੰ ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ ਵਿਸ਼ੇਸ਼ ਸਨਮਾਨ ਹੋਵੇਗਾ । ਇਸ ਮੌਕੇ ਲੈਕਚਰਾਰ ਸੁਖਵਿੰਦਰ ਸਿੰਘ ਤੂਰ, ਕੋਚ ਗੁਰਸਤਿੰਦਰ ਸਿੰਘ ਪਰਗਟ, ਲੈਕਚਰਾਰ ਡਾ: ਪਰਮਜੀਤ ਕੌਰ ਭੁੱਟਾ, ਰਜੀਵ ਨਾਇਨ, ਪਰਮਜੀਤ ਪੰਮਾ ਗਰੇਵਾਲ, ਸੁਮਨ ਮੈਡਮ, ਮੈਡਮ ਸੁਰਿੰਦਰ ਕੋਰ, ਰਵਿੰਦਰ ਕੌਰ, ਰਾਜਪਾਲ ਕੌਰ, ਹਰਪ੍ਰੀਤ ਕੋਰ, ਬਲਜਿੰਦਰ ਪਾਲ, ਜਤਿੰਦਰ ਸਿੰਘ, ਹਰਵਿੰਦਰ ਸਿੰਘ ਫੋਟੋ ਕਲਾਕਾਰ ਦਲਬੀਰ ਸਿੰਘ ਜਰਖੜ ਆਦਿ ਹੋਰ ਸਟਾਫ ਮੈਂਬਰ ਹਾਜ਼ਰ ਸਨ।

**– ਜਗਰੂਪ ਸਿੰਘ ਜਰਖੜ**
91-98143-00722

## ਸਾਕਾ ਸਰਹਿੰਦ

ਠੰਡਾ ਬੁਰਜ, ਉਤੋਂ ਪੋਹ ਦੀ ਕਕਰਾਲੀ ਰਾਤ,
ਕੋਈ ਤਨ ਉੱਤੇ ਕੱਪੜਾ ਨਹੀਂ ਖਾਸ।
ਕੱਟੀ ਹੋਊ ਰਾਤ ਕਿਵੇਂ, ਦਾਦੀ ਨੇ ਮਾਸੂਮਾਂ ਨਾਲ,
ਦਿਲ ਵਿਚ ਕਰਿਓ ਕਿਆਸ।

ਮਖਮਲੀ ਗੱਦਿਆਂ 'ਤੇ ਸੌਣ ਵਾਲੇ ਬੱਚਿਆਂ ਨੂੰ,
ਬੁੱਕਲ 'ਚ ਲੈਕੇ, ਚੁੰਨੀ ਓਹੜਕੇ।
ਥੱਕੇ ਟੁੱਟੇ, ਭੁੱਖੇ ਭਾਣੇ, ਲਾਲ ਦਿਆਂ ਲਾਲਾਂ ਤਾਈਂ,
ਚੁੰਮਦੀ ਹੋਊ ਸੀਨੇ ਨਾਲ ਜੋੜਕੇ।
ਵੀਰ ਗਾਥਾ, ਖੂਨੀ ਸਾਕੇ, ਵੱਡਿਆਂ ਵਡੇਰਿਆਂ ਦੇ,
ਦੱਸਦੀ ਹੋਊ ਸੁੱਚਾ ਇਤਿਹਾਸ।
ਕੱਟੀ ਹੋਊ ਰਾਤ ਕਿਵੇਂ ਦਾਦੀ---

ਠੁੱਮਕ ਠੁੱਮਕ, ਪੱਬ ਧਰਦੇ ਮੜਕ ਨਾਲ,
ਜਾਂਦੇ ਸੀ ਕਚਹਿਰੀ ਕਿਵੇਂ ਹੱਸਕੇ ।
ਡੋਲਿਓ ਨਾ, ਡਰਿਓ ਨਾ, ਚੜ੍ਹਦੀ ਕਲਾ 'ਚ ਰਹਿਓ,
ਮੱਥੇ ਚੁੰਮ, ਤੋਰੇ ਹੋਣੇ, ਦੱਸਕੇ।
ਝੁਕਿਓ ਨਾ, ਸੀਸ ਨਾ ਝੁਕਾਇਓ ਭਾਵੇਂ ਕੱਟ ਜਾਵੇ,
ਜਿੰਨਾ ਚਿਰ ਤਨ ਵਿਚ ਸਾਸ।
ਕੱਟੀ ਹੋਊ ਰਾਤ ਕਿਵੇਂ ਦਾਦੀ---

ਪਾਪਾਂ ਦੀ ਕਚਹਿਰੀ ਵੱਲ, ਤੋਰ ਕੇ ਮਾਸੂਮ ਜਿੰਦਾਂ ,
ਪਈ ਹੋਣੀ ਕਾਲਜੇ ਨੂੰ ਧੂਹ।
ਰੱਖੇ ਹੋਣੇ 'ਲਾਲ', ਅੰਗਿਆਰਾਂ ਉਤੇ ਫੁੱਲ ਜਦੋਂ ,
ਕੰਬੀ ਹੋਊ ਜਲਾਦਾਂ ਦੀ ਵੀ ਰੂਹ।
ਗੁਜਰੀ ਹੋਊ ਕਿਵੇਂ , ਮਾਤਾ ਗੁਜਰੀ ਦੇ ਦਿਲ ਉੱਤੇ,
ਧਰਿਆ ਹੋਊ ਕਿਵੇਂ ਧਰਵਾਸ ।
ਕੱਟੀ ਹੋਊ ਰਾਤ ਕਿਵੇਂ ਦਾਦੀ---



**ਲਾਲ ਸਿੰਘ ਸੁਲਹਾਣੀ**
91-98721-55120

# ਸਾਕਾ ਸਰਹਿੰਦ 27 ਦਸੰਬਰ, 1704 ’ਤੇ ਵਿਸ਼ੇਸ਼

ਸੰਸਾਰ ਵਿਚ ਸੰਘਰਸ਼ ਅਤੇ ਦਲੇਰੀ ਦੀਆਂ ਬਹੁਤ ਮਿਸਾਲਾਂ ਹਨ। ਪਰ ਸਿੱਖ ਕੌਮ ਦਾ ਇਕ ਵਿਲੱਖਣ ਇਤਿਹਾਸ ਹੈ। ਹਰ ਮੁਸੀਬਤ ਦਾ ਸਾਹਮਣਾ ਸੰਜਮ, ਸਾਹਸ, ਦ੍ਰਿੜ੍ਹਤਾ ਅਤੇ ਬੀਰਤਾ ਨਾਲ ਕੀਤਾ ਹੈ। ਘੱਲੂਘਾਰਿਆਂ ਤੋਂਬਾਅਦ 1763 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਦੀ ਅਗਵਾਈ ਹੇਠ ਸਰਹਿੰਦ ਨੂੰ ਮੁੜ ਫਤਿਹ ਕਰ ਲਿਆ ਅਤੇ ਜੈਨ ਖਾਂ ਸੂਬਾ ਸਰਹਿੰਦ ਨੂੰ ਮਾਰ ਮੁਕਾਇਆ।

ਸਿੱਖ ਸੰਘਰਸ਼ ਵਿਚ ਸਵੈਮਾਣ ਅਤੇ ਮਨੁੱਖ ਦੀ ਪੂਰਨ ਆਜ਼ਾਦੀ ਲਈ ਧਾਰਮਿਕ ਕੱਟੜਵਾਦੀਆਂ ਦੇ ਜਬਰੀ ਧਰਮ ਪ੍ਰੀਵਰਤਨ ਦੇ ਖੂਨੀ ਇਰਾਦੇ ਦਾ ਮੁਕਾਬਲਾ ਕੀਤਾ ਜਿਵੇਂ: ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ, ਆਰੇ ਦੇ ਦੰਦਿਆਂ ਤੇ, ਚਰਖੜੀਆਂ ਤੇ, ਰੰਬੀਆਂ ਦੀ ਧਾਰ, ਜੰਬੂਰ ਦੀਆਂ ਖਿੱਚਾਂ ਤੇ ਸਰਹਿੰਦ ਦੀ ਕੰਧ ਤੇ ਚਮਕੌਰ ਦੀਆਂ ਬੇਜੋੜ ਜੰਗਾਂ ਵਿਚ ਦ੍ਰਿੜ੍ਹਤਾ ਨਾਲ ਮੁਕਾਬਲਾ ਕੀਤਾ।

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਵਧਦੀ ਫੌਜੀ ਤਾਕਤ ਤੋਂ ਪਹਾੜੀ ਰਾਜੇ ਭੈਅ-ਭੀਤ ਸਨ ਕਿਉਂਕਿ ਉਹਨਾਂ ਨੂੰ ਆਪਣੇ ਧਰਮ ਅਤੇ ਰਾਜਸੱਤਾ ਨੂੰ ਖਤਰਾ ਜਾਪਦਾ ਸੀ। ਉਹਨਾਂ ਮੁਗਲ ਬਾਦਸ਼ਾਹ ਔਰੰਗਜੇਬ ਤੋਂ ਮਦਦ ਮੰਗੀ। ਬਾਦਸ਼ਾਹ ਔਰੰਗਜੇਬ ਨੇ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਗੁਰੂ ਸਾਹਿਬ ਜੀ ਵੱਲ ਵਧਣ ਲਈ ਕਿਹਾ। ਉਹਨਾਂ ਨੇ 1701 ਨੂੰ ਆਨੰਦਪੁਰ ਸਾਹਿਬ ’ਤੇਹਮਲਾ ਕਰ ਦਿੱਤਾ। ਪਹਾੜੀ ਰਾਜਿਆਂ ਦਾ ਮੁਕਾਬਲਾ ਤਿੰਨ ਸਾਲ ਤੱਕ ਚਲਦਾ ਰਿਹਾ। ਅੰਤ 1704 ਨੂੰ ਵੈਰੀ ਦੀਆਂ ਰਲਵੀਆਂ ਫੌਜਾਂ ਨੇ ਕਿਲੇ ਨੂੰ ਪੂਰੀ ਤਰ੍ਹਾਂ ਘੇਰਾ ਪਾ ਲਿਆ। ਰਾਸ਼ਨ ਪਾਣੀ ਅੰਦਰ ਜਾਣ’ਤੇ ਪਾਬੰਦੀ ਲਗਾ ਦਿੱਤੀ। ਸਿੱਟੇ ਵਜੋਂ ਭੁੱਖ ਅਤੇ ਪਿਆਸ ਹੱਥੋਂ ਸਿੰਘ ਤੰਗ ਆ ਗਏ। ਨਿੱਤ ਦਿਨ ਉਹ ਕਮਜ਼ੋਰ ਹੋਣ ਲੱਗੇ। ਵੈਰੀ ਕੋਲ ਸਿਖਲਾਈ ਪ੍ਰਾਪਤ ਵੱਡੀ ਫੌਜ ਸੀ। ਫਿਰ ਵੀ ਵੈਰੀ ਨੇ ਜਾਣ ਲਿਆ ਸੀ ਕਿ ਗੁਰੂ ਸਾਹਿਬ ਜੀ ਕੋਲੋਂ ਜਬਰੀ ਕਿਲਾ ਖਾਲੀ ਨਹੀਂ ਕਰਵਾਇਆ ਜਾ ਸਕਦਾ। ਰਲਵੇਂ ਜਰਨੈਲਾਂ ਨੇ ਝੂਠੀਆਂ ਕਸਮਾਂ ਖਾਸ ਕੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਜੇਕਰ ਉਹ ਕਿਲਾ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ, ਕੋਈ ਹਮਲਾ ਨਹੀਂ ਕੀਤਾ ਜਾਵੇਗਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਭਾਵੇਂ ਗੁਰੂ ਸਾਹਿਬ ਜੀ ਨੂੰ ਉਹਨਾਂ ’ਤੇ ਇਤਬਾਰ ਨਹੀਂ ਸੀ, ਪਰ ਹਾਲਾਤ ਹੀ ਅਜਿਹੇ ਸਨ ਕਿ ਗੁਰੂ ਸਾਹਿਬ ਜੀ ਨੇ 20-21 ਦਸੰਬਰ 1704 ਦੀ ਵਿਚਕਾਰਲੀ ਰਾਤ ਨੂੰ ਆਨੰਦਪੁਰ ਛੱਡ ਦਿੱਤਾ। ਗੁਰੂ ਸਾਹਿਬ ਜੀ ਨਾਲ 400-500 ਸਿੰਘ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਸਨ। ਇੱਥੋਂ ਹੀ ਚਮਕੌਰ ਸਾਹਿਬ ਦੀ ਜੰਗ ਅਤੇ ਸਾਕਾ ਸਰਹਿੰਦ ਸ਼ੁਰੂ ਹੁੰਦਾ ਹੈ। ਜਦੋਂ ਇਹ ਕਾਫਲਾ ਸਰਸਾ ਨਦੀ ਤੇ ਪਹੁੰਚਿਆ, ਵੈਰੀਆਂ ਨੇ ਸਾਰੀਆਂ ਕਸਮਾਂ ਤੋੜਕੇ ਕਾਫਲੇ ’ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਜੀ ਘੇਰੇ ਵਿਚ ਆ ਗਏ। ਵੈਰੀ ਦੀ ਰਲਵੀਂ ਫੌਜ ਪਿੱਛਾ ਕਰਦੀ ਆ ਰਹੀ ਸੀ। ਸਿੰਘ ਵੀ ਮੈਦਾਨ ਵਿਚ ਡਟ ਖਲੋਤੇ। ਘਮਸਾਨ ਦੀ ਜੰਗ ਸ਼ੁਰੂ ਸੀ। ਸਿੰਘਾਂ ਨੇ ਹਿੰਮਤ ਕਰਕੇ ਦੋ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸਿਰਸਾ ਪਾਰ ਲੰਘਾ ਦਿੱਤਾ। ਗੁਰੂ ਸਾਹਿਬ ਜੀ ਅਤੇ ਕੁਝ ਸਿੰਘ ਘੋੜਿਆਂ ਸਮੇਤ ਸਿਰਸਾ ਪਾਰ ਲੰਘ ਗਏ। ਇਸੇ ਦੌਰਾਨ ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਪਰਿਵਾਰ ਤੋਂ ਵਿੱਛੜ ਗਏ। ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਕਿਸੇ ਹੋਰ ਰਾਹ ’ਤੇ ਪੈ ਗਏ। ਗੁਰੂ ਸਾਹਿਬ ਜੀ ਕੁਝ ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਨਾਲ ਚਮਕੌਰ ਸਾਹਿਬ ਵੱਲ ਵੱਧ ਰਹੇ ਸਨ। ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨਾਲ ਕਾਫਲੇ ਤੋਂ ਵਿਛੜ ਕੇ ਗੰਗੂ ਬ੍ਰਾਹਮਣ ਨਾਲ ਉਸਦੇ ਪਿੰਡ ਸਹੇੜੀ/ਮੋਰਿੰਡਾ ਵਿਖੇ ਜਾ ਠਹਿਰੇ। ਮਾਤਾ ਜੀ ਕੋਲ ਧੰਨ ਦੌਲਤ ਵੀ ਸੀ। ਇਹ ਵੇਖ ਕੇ ਗੰਗਾਂ ਦੇ ਮਨ ਵਿਚ ਲਾਲਚ ਅਤੇ ਬੇਈਮਾਨੀ ਆ ਗਈ। ਉਸਨੇ ਰਾਤ ਨੂੰ ਮਾਤਾ ਜੀ ਦੇ ਪੱਲੇ ਜੋ ਨਕਦੀ ਧੰਨ ਅਤੇ ਗਹਿਣੇ ਸਨ, ਚੋਰੀ ਕਰ ਲਏ। ਜਦੋਂ ਸਵੇਰੇ ਮਾਤਾ ਜੀ ਨੇ ਗੰਗੂ ਤੋਂ ਚੋਰੀ ਬਾਰੇ ਪੁੱਛਿਆ ਤਾਂ ਆਪਣੀ ਚੋਰੀ ਛੁਪਾਉਣ ਲਈ ਉਹ ਖਹਿਬੜ ਹੀ ਪਿਆ। ਹੋਰ ਲਾਲਚ ਵਿਚ ਸਰਕਾਰ ਤੋਂ ਇਨਾਮ ਪ੍ਰਾਪਤ ਕਰਨ ਲਈ ਉਸਨੇ ਮਾਤਾ ਜੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸਰਕਾਰ ਕੋਲ ਫੜਾਉਣ ਲਈ ਕਹਿ ਦਿੱਤਾ।

ਮਾਤਾ ਜੀ ਨੇ ਬੜਾ ਸਮਝਾਇਆ ਕਿ ਤੂੰ ਇਹ ਪਾਪ ਨਾ ਕਰ। ਉਸਨੇ ਮੋਰਿੰਡਾ ਦੇ ਕੋਤਵਾਲ ਕੋਲ ਜਾ ਕੇ ਦੱਸ ਪਾ ਦਿੱਤੀ ਕਿ ਗੁਰੂ ਸਾਹਿਬ ਜੀ ਦਾ ਪਰਿਵਾਰ ਉਸਦੇ ਘਰ ਵਿਚ ਹੈ। ਮੋਰਿੰਡਾ ਪੁਲਿਸ ਨੇ ਮੋਰਿੰਡਾ ਦੇ ਜਾਨੀ ਖਾਂ ਤੇ ਮਾਨੀ ਖਾਂ ਨੂੰ ਭੇਜ ਕੇ 23 ਦਸੰਬਰ 1704 ਦੀ ਸਵੇਰ ਨੂੰ ਪਰਿਵਾਰ ਗ੍ਰਿਫਤਾਰ ਕਰ ਲਿਆ। ਸ਼ਾਮ ਤੱਕ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਕੋਲ ਪੇਸ਼ ਕਰ ਦਿੱਤਾ। ਅਗਲੀ ਕਾਰਵਾਈ ਹੋਣ ਤੱਕ ਸੂਬੇਦਾਰ ਨੇ ਤਿੰਨਾਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ। ਪੋਹ ਦੀ ਠੰਡੀ ਰਾਤ ਨੂੰ ਪਰਿਵਾਰ ਨੇ ਮੁਗਲਾਂ ਦਾ ਜ਼ੁਲਮ ਸਹਿਣਾ ਪਿਆ। ਹਕੂਮ ਤਦੇ ਪਹਿਰੇ ਦੀ ਪੂਰੀ ਸਖਤੀ ਸੀ। ਸਿੱਖੀ ਦੇ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਆਪਣੀ ਜਾਨ ਤੇ ਖੇਡ ਕੇ ਪਰਿਵਾ ਦੀ ਗਰਮ ਦੁੱਧ ਨਾਲ ਸੇਵਾ ਕੀਤੀ। ਮੋਤੀ ਰਾਮ ਮਹਿਰਾ ਜੀ ਦੀ ਇਸ ਕੁਰਬਾਨੀ ਦਾ ਸਿੱਖ ਇਤਿਹਾਸ ਵਿਚ ਬੜਾ ਸਤਿਕਾਰ ਹੈ।

23-24 ਦਸੰਬਰ 1704 ਦੀ ਰਾਤ ਠੰਡੇ ਬੁਰਜ ਵਿਚ ਕੈਦ ਰੱਖਣ ਤੋਂਬਾਅਦ 24 ਦਸੰਬਰ 1704 ਨੂੰ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਅ। ਸਾਹਿਬਜ਼ਾਦੇ ਬੜੀ ਚੜ੍ਹਦੀ ਕਲਾ ਸਿਦਕ, ਸੰਜਮ ਅਤੇ ਦ੍ਰਿੜ੍ਹਤਾ ਨਾਲ ਪੇਸ਼ ਹੋਏ। ਸਾਹਿਬਜ਼ਾਦਿਆਂ ਨੂੰ ਝੂਠਾ ਡਰਾਵਾ ਦਿੱਤਾ ਗਿਆ ਕਿ ਉਹਨਾਂ ਦੇ ਗੁਰ-ਪਿਤਾ ਸਾਹਿਬ ਜੀ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋ ਚੁੱਕੇ ਹਨ। ਹੁਣ ਤੁਹਾਨੂੰ ਕੋਈ ਨਹੀਂ ਬਚਾਅ ਸਕਦਾ। ਤੁਸੀਂ ਇੱਥੋਂ ਬਚ ਕੇ ਵੀ ਨਹੀਂ ਨਿਕਲ ਸਕਦੇ। ਤੁਹਾਡੀ ਜਾਨ ਬਖਸ਼ੀ ਜਾ ਸਕਦੀ ਹੈ ਕਿ ਇਸਲਾਮ ਕਬੂਲ ਕਰ ਲਓ। ਸਾਹਿਬਜ਼ਾਦਿਆਂ ਨੇ ਬੜੀ ਦ੍ਰਿੜ੍ਹਤਾ ਨਾਲ ਉਤਰ ਦਿੱਤਾ ਕਿ ਉਹ ਆਪਣੇ ਧਰਮ ਨੂੰ ਬਚਾਉਣ ਅਤੇ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹਨ। ਸਾਨੂੰ ਆਪਣੇ ਧਾਰਮਿਕ ਵਿਰਸੇ ਦੀਆਂ ਕੁਰਬਾਨੀਆਂ ਤੇ ਬੜਾ ਮਾਣ ਹੈ। ਉਪਰੋਂ ਦਾਦੀ ਮਾਂ ਗੁਜਰੀ ਜੀ ਦਾ ਹੌਸਲਾ ਸਾਡੇ ਨਾਲ ਹੈ। ਅਸੀਂ ਧਰਮ ਦੀ ਸ਼ਾਨ ਹਮੇਸ਼ਾ ਉੱਚੀ ਰੱਖਣੀ ਹੈ। ਕਚਹਿਰੀ ਵਿਚ ਹਕੂਮਤ ਦੇ ਉਚ ਅਧਿਕਾਰੀਆਂ ਨੇ ਵੀ ਕਿਹਾ ਕਿ ਬੱਚਿਓ ਨਵਾਬ ਅੱਗੇ ਝੁਕ ਜਾਣ। ਇਸਲਾਮ ਕਬੂਲ ਕਰਨ ਲਈ ਵੀ ਪ੍ਰੇਰਿਆ।

ਸੂਬੇਦਾ ਹੁਣ ਦੁਨਿਆਵੀ ਲਾਲਚ ਦੇਣ ਤੇ ਆ ਗਿਆ ਕਿ ਇਸਲਾਮ ਕਬੂਲ ਕਰਕੇ ਸ਼ਾਹੀ ਠਾਠ ਬਾਠ ਦੀ ਜ਼ਿੰਦਗੀ ਦਾ ਸੁਪਨਾ ਦਿਖਾਇਆ। ਪਰ ਸਾਹਿਬਜ਼ਾਦੇ ਅਡੋਲ ਆਪਣੇ ਵਚਨ ’ਤੇ ਕਾਇਮ ਰਹੇ। ਬੜੀ ਦਲੀਲ ਨਾਲ ਹਰ ਲਾਲਚ ਠੁਕਰਾ ਦਿੱਤਾ। ਸੂਬੇਦਾਰ ਉਹਨਾਂ ਦੀ ਦਲੇਰੀ ਤੇ ਹੈਰਾਨ ਸੀ। ਪਰ ਉਸਨੇ ਸੋਚਿਆ ਕਿ ਬੱਚੇ ਹਨ ਡਰਾਉਣ ਧਮਕਾਉਣ ਨਾਲ ਸਹਿਮ ਜਾਣਗੇ, ਹੌਲੀ ਹੌਲੀ ਮੰਨ ਹੀ ਜਾਣਗੇ। ਉਸ ਦਿਨ ਦੀ ਕਾਰਵਾਈ ਖਤਮ ਹੋਈ। ਅਗਲੇ ਦਿਨ ਪੇਸ਼ ਹੋਣ ਦਾ ਹੁਕਮ ਦਿੱਤਾ ਅਤੇ ਉਹਨਾਂ ਨੂੰ ਮੁੜ ਠੰਡੇ ਬੁਰਜ ਵਿਚ ਭੇਜ ਦਿੱਤਾ।

25 ਦਸੰਬਰ 1704 ਨੂੰ ਮੁੜ ਕਚਹਿਰੀ ਵਿਚ ਪੇਸ਼ੀ ਹੋਈ। ਸਾਹਿਬਜ਼ਾਦੇ ਹੋਰ ਵੀ ਦ੍ਰਿੜ੍ਹ ਸਨ। ਫਿਰ ਉਹੀ ਜਾਹੋ-ਜਲਾਲ ਅਤੇ ਚੜ੍ਹਦੀ ਕਲਾ ਵਿਚ ਕਾਇਮ ਸਨ। ਅਦਾਲਤ ਦੀ ਕਾਰਵਾਈ ਵਿਚ ਫਿਰ ਉਹੀ ਇਸਲਾਮ ਕਬੂਲਣ ਦੀ ਕਹਾਣੀ ਦੁਹਰਾਈ ਗਈ। ਸੂਬੇਦਾਰ ਫਿਰ ਡਰਾਉਣ ਧਮਕਾਉਣ ਲੱਗਾ। ਉਸਨੇ ਕ੍ਰੋਧ ਵਿਚ ਆ ਕੇ ਕਿਹਾ ਕਿ ਇਸਲਾਮ ਨਾ ਕਬੂਲ ਕਰਨ ਤੇ ਉਹਨਾਂ ਨੂੰ ਜਿੰਦਾ ਕੰਧ ਵਿਚ ਚਿਣ ਕੇ ਕਤਲ ਕਰਨ ਤੱਕ ਦੀ ਧਮਕੀ ਦਿੱਤੀ। ਸਾਹਿਬਜ਼ਾਦੇ ਅਡੋਲ ਸਨ। ਸੂਬੇਦਾਰ ਨੇ ਕਾਜੀ ਨੂੰ ਸਾਹਿਬਜ਼ਾਦਿਆਂ ਦਾ ਦੋਸ਼ ਸਮਝਾਉਂਦਿਆਂ ਉਹਨਾਂ ਵਿਰੁੱਧ ਤੁਰੰਤ ਸਜ਼ਾ ਸੁਣਾਉਣ ਦਾ ਫੈਸਲਾ ਦੇਣ ਲਈ ਕਿਹਾ। ਪਰ ਕਾਜ਼ੀ ਨੇ ਕਿਹਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਹਨਾਂ ਦੇ ਬਾਪ ਨਾਲ ਦੁਸ਼ਮਣੀ ਤੇ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਸੂਬੇਦਾਰ ਵਜੀਰ ਖਾਂ ਨੇ ਚਲਾਕੀ ਨਾਲ ਹਾਜ਼ਰ ਮੁਹੰਮਦ ਖਾਂ ਨਵਾਬ ਮਲੇਰਕੋਟਲਾ ਨੂੰ ਦੀਨ ਸੁੱਚਾ ਨੰਦ ਦੇ ਇਸ਼ਾਰੇ ਤੇ ਸੂਬੇਦਾਰ ਵਜ਼ੀਰ ਖਾਂ ਨੇ ਨਵਾਬ ਮਲੇਰਕੋਟਲਾ ਨੂੰ ਯਾਦ ਕਰਵਾਇਆ ਕਿ ਉਸਦਾ ਭਰਾ ਨਾਹਰ ਖਾਂ ਜੋ ਮੁਗਲ ਫੌਜ ਦਾ ਆਗੂ ਸੀ। ਗੁਰੂ ਸਾਹਿਬ ਜੀ ਦੇ ਹੱਥੋਂ ਜੰਗ ਵਿਚ ਮਾਰਿਆ ਗਿਆ ਸੀ। ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਉਸਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ ਤਾਂ ਕਿ ਉਹ ਸਾਹਿਬਜ਼ਾਦਿਆਂ ਨੂੰ ਕਤਲ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕੇ। ਇਹ ਉਸ ਲਈ ਸ਼ਾਹੀ ਮੌਕਾ ਹੈ। ਪਰ ਇਖਲਾਕੀ ਨਵਾਬ ਸੂਬੇਦਾਰ ਦੀ ਚਲਾਕੀ ਵਿਚ ਨਹੀਂ ਆਇਆ। ਉਸਦੇ ਸ਼ਬਦਾਂ ਨੂੰ ਹਕੀਮ ਅੱਲਾ ਯਾਰ ਖਾਂ ਜੋਗੀ ਦੇ ਸ਼ਬਦਾਂ ਵਿਚ ਕਿ ’ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇਬਾਪ ਸੇ, ਮਹਿਫੂਜ਼ ਰੱਖੇ ਹਮ ਕੋ ਖੁਦਾ ਐਸੇ ਪਾਪ ਸੇ’।



ਪਰ ਮਕਾਰ ਸੁੱਚਾ ਨੰਦ ਨਹੀਂ ਚਾਹੁੰਦਾ ਸੀ ਕਿ ਬੱਚਿਆਂ ਨੂੰ ਛੱਡਿਆ ਜਾਵੇ। ਉਸਨੇ ਬਹਾਨੇ ਨਾਲ ਕਿਹਾ ਕਿ ਜੇਕਰ ਹੁਣ ਛੱਡ ਦਿੱਤੇ ਤਾਂ ਅੱਗੇ ਜਾ ਕੇ ਵੱਡੀ ਬਗਾਵਤ ਕਰਨਗੇ। ਇਸ ਲਈ ਇਹ ਕੱਲ੍ਹ ਦੇ ਬਾਗੀ ਹਕੂਮਤ ਲਈ ਖਤਰਾ ਹਨ। ਬਾਗੀਆਂ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ। ਹੋਰ ਕੋਈ ਚਾਰਾ ਨਾ ਦਿੱਸਣ ਤੇ ਸੂਬੇਦਾਰ ਵਜ਼ੀਰ ਖਾਂ ਨੇ ਕਿਹਾ ਕਿ ਬੱਚਿਓ ਮੈਂ ਤੁਹਾਨੂੰ ਆਖਰੀ ਮੌਕਾ ਦਿੰਦਾ ਹਾਂ ਕਿ ਇਸਲਾਮ ਕਬੂਲ ਕਰ ਲਵੋ ਜਾਂ ਮੌਤ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਓ। ਸਾਹਿਬਜ਼ਾਦਿਆਂ ਨੇ ਆਪਣਾ ਦ੍ਰਿੜ੍ਹ ਫੈਸਲਾ ਸੁਣਾਉਂਦਿਆਂ ਬੜੇ ਜੋਸ਼ ਵਿਚ ਕਿਹਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਬਣਾਈ ਸ਼ੇਰਾਂ ਦੀ ਕੌਮ ਦੇ ਸਾਹਿਬਜ਼ਾਦੇ ਹਾਂ, ਜੋ ਮੌਤ ਤੋਂ ਨਹੀਂ ਡਰਦੇ। ਤਦ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਜਿੰਦਾ ਕੰਧ ਵਿਚ ਚਿਣ ਦੇਣ ਦਾ ਹੁਕਮ ਸੁਣਾ ਦਿੱਤਾ। ਨਵਾਬ ਮਲੇਰਕੋਟਲਾ ਨੇ ਇਸ ਫੈਸਲੇ ਤੇ ਅਸਹਿਮਤੀ ਪ੍ਰਗਟ ਕਰਦਿਆਂ ਇਸਨੂੰ ਰੱਦ ਕਰਨ ਦਾ ਸੁਝਾਅ ਦਿੱਤਾ। ਪਰ ਉਸਦੀ ਸੱਚ ਦੀ ਆਵਾਜ਼ ਨੂੰ ਨਾ ਸੁਣਿਆ ਗਿਆ। ਨਵਾਬ ਸਾਹਿਬ ਨੇ ’ਹਾਅ ਦਾ ਨਾਅਰਾ’ ਮਾਰਿਆ ਅਤੇ ਕਚਹਿਰੀ ਛੱਡ ਕੇ ਚਲੇ ਗਏ।

ਸੂਬੇਦਾਰ ਵਜ਼ੀਰ ਖਾਂ ਦੇ ਹੁਕਮ ਨਾਲ ਕੰਧ ਦੀ ਉਸਾਰੀ ਦਾ ਸਮਾਨ ਮੰਗਵਾ ਲਿਆ ਗਿਆ। ਮਾਸੂਮ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣਵਾਇਆ ਜਾਣ ਲੱਗਾ। ਰਦੇ ਲਾਉਂਦਿਆਂ ਵੀ ਉਹਨਾਂ ਨੂੰ ਮੁੜ ਮੁੜ ਇਸਲਾਮ ਕਬੂਲਣ ਲਈ ਉਕਸਾਇਆ ਜਾਂਦਾ ਰਿਹਾ ਪਰ ਸਾਹਿਬਜ਼ਾਦੇ ਹਮੇਸ਼ਾ ਦੀ ਤਰ੍ਹਾਂ ਅਡੋਲ ਸਨ। ਜਦੋਂ ਕੰਧ ਛਾਤੀ ਤੱਕ ਆਣ ਪੁੱਜੀ ਤਾਂ ਬੁਨਿਆਦ ਹਿੱਲ ਗਈ ਤੇ ਕੰਧ ਢਹਿ ਢੇਰੀ ਹੋ ਗਈ। ਸਾਹਿਬਜ਼ਾਦਿਆਂ ਨੂੰ ਬਾਹਰ ਕੱਢ ਲਿਆ। ਉਹਨਾਂ ਨੂੰ ਫਿਰ ਠੰਡੇ ਬੁਰਜ ਭੇਜ ਦਿੱਤਾ, ਜਿੱਥੇ ਉਹ ਫਿਰ ਤੋਂ ਕਾਇਮ ਹੋ ਗਏ ਸਨ।

27 ਦਸੰਬਰ 1704 ਨੂੰ ਸਾਹਿਬਜ਼ਾਦਿਆਂ ਨੂੰ ਤੀਸਰੀ ਅਤੇ ਆਖਰੀ ਵਾਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਫਿਰ ਹਾਕਮਾਂ ਨੇ ਉਹੀ ਕੋਸ਼ਿਸ਼ ਕੀਤੀ ਕਿ ਇਸਲਾਮ ਕਬੂਲ ਕਰ ਲੈਣ। ਪਰ ਸਾਹਿਬਜ਼ਾਦੇ ਤਾਂ ਦ੍ਰਿੜ੍ਹ ਸਨ। ਉਹਨਾਂ ਨੇ ਸ਼ਹੀਦੀ ਕਬੂਲ ਕਰ ਲਈ। ਹਕੂਮਤ ਨੇ ਆਪਣੀ ਹਾਰ ਹੁੰਦੀ ਵੇਖ ਕੇ ਸੁੱਚਾ ਨੰਦ ਫਿਰ ਬੌਖਲਾ ਉਠਾ ਤੇ ਫੈਸਲਾ ਕਰਵਾ ਲਿਆ ਕਿ ਸਾਹਿਬਜ਼ਾਦਿਆਂ ਦੇ ਸੀਸ ਕਲਮ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਸਮਾਣਾ ਦੇ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਜਲਾਦਾਂ ਨੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੇ ਬੜੀ ਬੇਰਹਿਮੀ ਨਾਲ ਸੀਸ ਧੜ ਤੋਂ ਅਲੱਗ ਕਰ ਦਿੱਤਾ। ਸਾਹਿਬਜ਼ਾਦਿਆਂ ਨੇ ਆਪਣੇ ਸਰੀਰ ਭੇਂਟ ਕਰਕੇ ਆਪਣੇ ਪੁਰਖਿਆਂ ਦੀਆਂ ਸ਼ਹੀਦੀਆਂ ਦੀ ਲਾਜ਼ ਰੱਖ ਲਈ। ਉਹ ਧਰਮ ਦੇ ਸਿਦਕ ਤੋਂ ਨਹੀਂ ਹਾਰੇ। ਲੋਕਾਂ ਨੂੰ ਹਾਅ ਦਾ ਨਾਅਰਾ ਮਾਰਿਆ ਕਿ ਧੰਨ ਹੈ ਉਹ ਮਾਂ ਜਿਸਨੇ ਅਜਿਹੇ ਬਹਾਦਰ ਸਪੂਤਾਂ ਨੂੰ ਜਨਮ ਦਿੱਤਾ ਹੈ। ਇਸ ਤਰ੍ਹਾਂ 7, 9 ਸਾਲ ਦੀ ਉਮਰ ਦੇ ਸਾਹਿਬਜ਼ਾਦੇ ਮੁਗਲ ਹਕੂਮਤ ਦੇ ਜ਼ਾਲਮ ਹਾਕਮਾਂ ਨੇ ਸ਼ਹੀਦ ਕਰਵਾ ਦਿੱਤੇ। ਮਾਤਾ ਗੁਜਰੀ ਜੀ ਵੀ ਇਸੇ ਜ਼ੁਲਮ ਹੇਠ ਸ਼ਹੀਦੀ ਪਾ ਗਏ। ਸਾਕਾ ਸਰਹਿੰਦ ਦਿਵਸ ਸਾਲਾਨਾ ਜੋੜ ਮੇਲਾ ਫਤਿਹਗੜ੍ਹ ਸਾਹਿਬ ਵਿਖੇ 11, 12, 13 ਪੋਹ ਨੂੰ ਮਨਾਇਆ ਜਾਂਦਾ ਹੈ।

ਸੂਬਾ ਸਰਹਿੰਦ ਦੇ ਦੀਵਾਨ ਟੋਡਰ ਮੱਲ ਜੀ ਜੋ ਸਿੱਖੀ ਦੇ ਸ਼ਰਧਾਲੂ ਨੇਕ ਇਨਸਾਨ ਸਨ, ਉਹਨਾਂ ਨੇ ਸ਼ਾਮ ਤੱਕ ਤਿੰਨਾਂ ਦੀਆਂ ਅੰਤਿਮ ਰਸਮਾਂ ਦਾ ਪ੍ਰਬੰਧ ਕਰ ਲਿਆ ਸੀ। ਜ਼ਮੀਨ ਦੇ ਇਸ ਟੁਕੜੇ ਲਈ ਉਹਨਾਂ ਨੂੰ ਖੜ੍ਹੇ ਰੁਖ ਸੋਨੇ ਦੀਆਂ ਅਸ਼ਰ-ਫੀਆਂ ਵਿਛਾ ਕੇ ਮੁੱਲ ਤਾਰਨਾ ਪਿਆ। ਜਿੱਥੇ ਗੁਰਦੁਆਰਾ ’ਜੋਤੀ ਸਰੂਪ ਸੁਸ਼ੋਭਿਤ ਹੈ। ਸਿੱਖ ਇਤਿਹਾਸ ਵਿਚ ’ਸਾਕਾ ਸਰਹਿੰਦ’ ਕੁਰਬਾਨੀ ਦੀ ਇਕ ਆਪਣੀ ਵਿਲੱਖਣ ਮਿਸਾਲ ਹੈ।

ਸਿੱਖ ਇਤਿਹਾਸ ਵਿਚ ਕਾਫੀ ਮੋਤੀ ਰਾਮ ਮਹਿਰਾ ਅਤੇ ਦੀਵਾਨ ਟੋਡਰ ਮੱਲ ਜੀ ਦਾ ਨਾਂ ਉਹਨਾਂ ਦੇ ਨੇਕ ਕਿਰਦਾਰਾਂ ਲਈ ਬੜੇ ਪਿਆਰ ਸਤਿਕਾਰ ਨਾਲ ਲਿਆ ਜਾਂਦਾ ਹੈ। ਸਾਰਾ ਸਰਹਿੰਦ ਦੀਆਂ ਸਰਵਉੱਚ ਸ਼ਹੀਦੀਆਂ ਨੇ ਸੰਸਾਰ ਲਈ ਇਕ ਮਿਸਾਲ ਪੈਦਾ ਕੀਤੀ ਹੈ। ਇਸ ਦ੍ਰਿੜ੍ਹ ਇਰਾਦੇ ਦੇ ਜਜ਼ਬਾਤ ਨੇ ਸਾਬਤ ਕੀਤਾ ਕਿ ਕਿਸੇ ਲਾਲਚ ਜਾਂ ਡਰ ਅੱਗੇ, ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਕਦੇ ਨਹੀਂ ਝੁਕ ਸਕਦਾ। ਸਰਹਿੰਦ ਦੀ ਕੰਧ ਸਿੱਖ ਰਾਜ ਦਾ ਨੀਂਹ ਪੱਥਰ ਸਾਬਤ ਹੋਈ। ਬਾਬਾ ਬੰਦਾ ਸਿੰਘ ਬਹਾਦਰ ਨੇ ’ਸਾਕਾ ਸਰਹਿੰਦ’ ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰ ਕੇ 14 ਮਈ 1710 ਨੂੰ ਜ਼ੁਲਮ ਦਾ ਮਹੱਲ ਢਾਹਿਆ। ਭਾਰੀ ਮੁਸੀਬਤਾਂ ਅਤੇ ਮੁਹਿੰਮਾਂ ਵਿਚੋਂ ਲੰਘ ਕੇ ਸਿੱਖ ਕੌਮ ਫਿਰ ਤੋਂਜਥੇਬੰਦ ਹੁੰਦੀ ਰਹੀ। ਸੰਨ 1783 ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਦਿੱਲੀ ’ਤੇ ਕਬਜ਼ਾ ਕਰ ਲਿਆ। ਸਿੱਖਾਂ ਦੀ ਸੰਯੁਕਤ ਤਾਕਤ ਨੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ 12 ਅਪ੍ਰੈਲ 1801 ਤੋਂ 27 ਜੂਨ 1839 ਤੱਕ ਕਾਇਮ ਰੱਖਿਆ।

## ਨਾਮਵਰ ਗੀਤਕਾਰ ਦਰਸ਼ਨ ਸਿੰਘ ਨੂਰ ਸੇਂਹ ਵਾਲੇ ਦਾ ਲਿਖਿਆ ਗੀਤ ‘ਪੁੱਤਰ ਗੋਬਿੰਦ ਸਿੰਘ ਦੇ’ ਕੰਪਨੀ ਪ੍ਰਡਕਸ਼ਨ, ਗੈਰੀ ਗਿੱਲ ਕੋਟਲਾ ਭੱੜੀ ਵੱਲੋਂ ਰਿਲੀਜ਼

**ਚੰਡੀਗੜ (ਪ੍ਰੀਤਮ ਲੁਧਿਆਣਵੀ), 25 ਦਸੰਬਰ, 2022 :** ਪ੍ਰਸਿੱਧ ਕੰਪਨੀ ਪ੍ਰਡਕਸ਼ਨ, ਗੈਰੀ ਗਿੱਲ ਕੋਟਲਾ ਭੱੜੀ ਅਤੇ ਪਰਡਿਊਸਰ ਗੁਰਮੱਖ ਸਿੰਘ ਗਿੱਲ ਵਲੋਂ ਧਾਰਮਿਕ ਵੀਡੀਓ ਟਰੈਕ ‘ਪੁੱਤਰ ਗੋਬਿੰਦ ਸਿੰਘ ਦੇ’ ਯੂ-ਟਿਊਬ ’ਤੇ ਬੜੀ ਸ਼ਰਧਾ-ਭਾਵਨਾ ਨਾਲ 20 ਦਸੰਬਰ ਨੂੰ ਰਿਲੀਜ ਕੀਤਾ ਗਿਆ, ਜਿਸਨੂੰ ਕਿ ਸੋਸ਼ਲ ਮੀਡੀਆ ਉਤੇ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਇਸ ਦੇ ਵੀਡੀਓ ਡਾਇਰੈਕਟਰ ਸਕੈਲੀ ਸਟਾਰ ਹਨ।




ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਇਸ ਗੀਤ ਦੇ ਲੇਖਕ, ਨਾਮਵਰ ਸ਼ਖ਼ਸੀਅਤ ਦਰਸ਼ਨ ਸਿੰਘ ਨੂਰ ਸੇਹ ਵਾਲੇ ਜੀ ਨੇ ਦੱਸਿਆ ਕਿ ਇਸਦਾ ਸੰਗੀਤ, ਮਿਊਜ਼ਿਕ ਸਟੂੱਡੀਓ ਵੱਲੋਂ ਦਿੱਤਾ ਗਿਆ ਹੈ। ਗਾਇਕ ਗੈਰੀ ਗਿੱਲ ਨੂੰ ਸਖਲਾਈ ਉਹਨਾਂ ਦੇ ਉਸਤਾਦ ਰੂਹ ਖਾਨ ਵੱਲੋਂ ਦਿੱਤੀ ਗਈ, ਜਿਨਾਂ ਦੀ ਦੇਖ- ਰੇਖ ਵਿੱਚ ਗੀਤ ਤਿਆਰ ਹੋਇਆ ਹੈ। ਇਸ ਦੇ ਪੋਸਟਰ ਡਿਜਾਇਨਰ ਸਕੈਲੀ ਸਟਾਰ ਹਨ। ਇਸ ਪ੍ਰੋਜੈਕਟ ਵਿਚ ਦਰਸ਼ਨ ਸਿੰਘ ਨੂਰ ਸੇਂਹ ਵਾਲੇ, ਗਗਨਦੀਪ ਸਿੰਘ ਮੰਡੇਰ, ਬਬਨਦੀਪ ਕੌਰ ਕਾਹਲੋਂ ਤੇ ਜਸਵਿੰਦਰ ਸਿੰਘ ਕਾਹਲੋਂ ਕਨੇਡਾ ਦਾ ਸਪੈਸ਼ਲ ਧੰਨਵਾਦ ਕੀਤਾ ਗਿਆ ਹੈ।

## ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਸ਼ਹੀਦ ਊਧਮ ਸਿੰਘ ਦੇ ਜਨਮ ਦਿਨ ਮੌਕੇ ਸ਼ਹੀਦੀ ਸਮਾਰਕ ਵਿਖੇ ਸ਼ਰਧਾ ਦੇ ਫੁੱਲ ਭੇਟ

ਸੁਨਾਮ ਊਧਮ ਸਿੰਘ ਵਾਲ (ਦਲਜੀਤ ਕੌਰ )- ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਅਤੇ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਮੰਤਰੀ ਸ੍ਰੀ ਅਮਨ ਅਰੋੜਾ ਅੱਜ ਸ਼ਹੀਦ ਊਧਮ ਸਿੰਘ ਦੇ ਜਨਮ ਦਿਨ ਦੇ ਮੌਕੇ 'ਤੇ ਚੀਮਾ ਰੋਡ 'ਤੇ ਸਥਿਤ ਸ਼ਹੀਦ ਊਧਮ ਸਿੰਘ ਸਮਾਰਕ ਵਿਖੇ ਨਤਮਸਤਕ ਹੋਏ ਅਤੇ ਮਹਾਨ ਕ੍ਰਾਂਤੀਕਾਰੀ ਯੋਧੇ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ।



ਇਸ ਮੌਕੇ ਸੰਬੋਧਨ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਨੇ ਆਜ਼ਾਦੀ ਦੀ ਲੜਾਈ ਸਮੇਂ ਅੰਗਰੇਜ਼ ਹਕੂਮਤ ਦੀ ਈਨ ਨਹੀਂ ਮੰਨੀ ਅਤੇ ਜਲਿਆਂਵਾਲਾ ਬਾਗ਼ ਦੇ ਸਾਕੇ ਦਾ 21 ਸਾਲ ਬਾਅਦ ਬਦਲਾ ਲਿਆ। ਉਨ੍ਹਾਂ ਕਿਹਾ ਕਿ ਸੁਨਾਮ ਵਾਸੀਆਂ ਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ ਦੇਸ਼ ਦੇ ਮਹਾਨ ਕ੍ਰਾਂਤੀਕਾਰੀ ਸ਼ਹੀਦ ਊਧ ਸਿੰਘ ਨੇ ਇਥੋਂ ਦੀ ਧਰਤੀ 'ਤੇ ਜਨਮ ਲਿਆ ਅਤੇ ਜ਼ਬਰ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਸ਼ਹਾਦਤ ਦਾ ਜਾਮ ਪੀਤਾ। ਸ੍ਰੀ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਦੇਸ਼ ਦੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਅਨੇਕਾਂ ਮਹੱਤਵਪੂਰਨ ਕਦਮ ਚੁੱਕੇ ਜਾ ਰਹੇ ਹਨ।

# ਸਤਿਗੁਰੂ ਤ੍ਰਿਲੋਚਨ ਜੀ



ਤ੍ਰਿਲੋਚਨ ਜਿਸ ਦੇ ਨਾਮ ਦਾ ਸ਼ਾਬਦਿਕ ਅਰਥ ਹੈ ਤਿੰਨ ਅੱਖਾਂ ਵਾਲਾ ਵਿਅਕਤੀ। ਜਿਸ ਦੀ ਗਿਆਨ ਰੂਪੀ ਤੀਜੀ ਅੱਖ ਖੁੱਲੀ ਹੋਵੇ। ਇਸ ਦਾ ਦੂਜਾ ਅਰਥ ਹੈ ਕਿ ਤਿੰਨਾਂ ਕਾਲਾਂ ਭੂਤਕਾਲ, ਭਵਿੱਖ ਕਾਲ ਅਤੇ ਵਰਤਮਾਨ ਕਾਲ ਨੂੰ ਦੇਖਣ ਵਾਲਾ ਕਿਹਾ ਜਾਂਦਾ ਹੈ। ਸ਼ਿਵ ਜੀ ਦੇ ਤਿੰਨ ਨੇਤਰ ਹਨ। ਉਸ ਤੋਂ ਹੀ ਤ੍ਰਿਲੋਚਨ ਨਾਮ ਪ੍ਰਚੱਲਿਤ ਹੋਇਆ। ਤ੍ਰਿਲੋਚਨ ਜੀ ਵੈਸ਼ ਜਾਤੀ ਦੇ ਇਕ ਪ੍ਰਸਿੱਧ ਪ੍ਰਮਾਤਮਾ ਦੇ ਭਗਤ ਸਨ। ਉਨ੍ਹਾਂ ਦਾ ਜਨਮ ਸਾਲ 1267 ਈਸਵੀ ਵਿਚ ਹੋਇਆ ਦੱਸਿਆ ਜਾਂਦਾ ਹੈ। ਉਹ ਜਾਂ ਤਾਂ ਬੰਬਈ ਪ੍ਰੈਜ਼ੀਡੈਂਸੀ ਦੇ ਸ਼ੋਲਾਪੁਰ ਜ਼ਿਲ੍ਹੇ ਵਿਚ ਪੰਢਰਪੁਰ ਵਿਚ ਰਹਿੰਦੇ ਸਨ ਜਾਂ ਗਏ ਸਨ ਅਤੇ ਉਹ ਸਤਿਗੁਰ ਨਾਮਦੇਵ ਦੇ ਸਮਕਾਲੀ ਸਨ, ਜਿਨ੍ਹਾਂ ਨੇ ਆਪਣੇ ਭਜਨਾਂ ਵਿਚ ਉਨ੍ਹਾਂ ਦਾ ਜ਼ਿਕਰ ਜਾਂ ਸੰਬੋਧਨ ਕੀਤਾ ਹੈ।ਪੰਢਰਪੁਰ ਅਤੇ ਗੁਆਂਢੀ ਸ਼ਹਿਰ ਬਾਰਸੀ ਵਿਖੇ ਪੁੱਛਗਿੱਛ, ਹਾਲਾਂਕਿ, ਤ੍ਰਿਲੋਚਨ ਜੀ ਬਾਰੇ ਕੋਈ ਜਾਣਕਾਰੀ ਦੇਣ ਵਿਚ ਅਸਫਲ ਰਹੀ ਹੈ। ਨਿਮਨ-ਲਿਖਤ ਕਥਾ ਉਨ੍ਹਾਂ ਦੇ ਪ੍ਰਸ਼ੰਸਕਾਂ ਵਿਚ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਪਾਉਂਦੀ ਹੈ।

ਜੀਵਨ: ਤ੍ਰਿਲੋਚਨ ਜੀ ਦਾ ਜਨਮ ਮਹਾਰਾਸ਼ਟਰ ਰਾਜ ਦੇ ਸ਼ੋਲਾਪੁਰ ਕਸਬੇ ਦੇ ਨੇੜੇ ਪਿੰਡ ਬਾਰਸੀ ਵਿਚ ਹੋਇਆ ਸੀ, ਹਾਲਾਂਕਿ ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਉਹ ਉਤਰ ਪ੍ਰਦੇਸ਼ ਵਿਚ ਪੈਦਾ ਹੋਏ ਸਨ ਅਤੇ ਲੰਬੇ ਸਮੇਂ ਤੱਕ ਰਹਿਣ ਦੇ ਨਤੀਜੇ ਵਜੋਂ ਉਨ੍ਹਾਂ ਦੇ ਭਜਨਾਂ ਦੀ ਭਾਸ਼ਾ ਉੱਤੇ ਮਰਾਠੀ ਭਾਸ਼ਾ ਦਾ ਪ੍ਰਭਾਵ ਸੀ। ਮਹਾਰਾਸ਼ਟਰ ਵਿਚ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਨਾਮਦੇਵ ਜੀ (1270-1330) ਦੇ ਸਮਕਾਲੀ ਅਤੇ ਨਜ਼ਦੀਕੀ ਮਿੱਤਰ ਸਨ। ਤ੍ਰਿਲੋਚਨ ਜੀ ਦੇਖਿਆ ਕਿ ਜਦੋਂ ਵੀ ਉਹ ਆਪਣੇ ਮਿੱਤਰ ਨਾਮਦੇਵ ਜੀ ਨੂੰ ਬੁਲਾਉਂਦੇ ਸਨ ਤਾਂ ਉਹ ਹਮੇਸ਼ਾ ਕਿਸੇ ਨਾ ਕਿਸੇ ਦੁਨਿਆਵੀ ਕੰਮ ਵਿਚ ਰੁੱਝੇ ਰਹਿੰਦੇ ਸਨ। ਅਖੀਰ ਇਕ ਦਿਨ ਤ੍ਰਿਲੋਚਨ ਜੀ ਆਪਣੇ ਆਪ ਨੂੰ ਰੋਕ ਨਾ ਸਕੇ ਅਤੇ ਆਪਣੇ ਮਿੱਤਰ ਨੂੰ ਪੁੱਛਿਆ ਕਿ ਉਹ ਤਾਂ ਸਦਾ ਹੀ ਸੰਸਾਰਕ ਕੰਮਾਂ ਵਿਚ ਰੁੱਝੇ ਹੋਏ ਦਿਖਾਈ ਦਿੰਦੇ ਹਨ, ਉਨ੍ਹਾਂ ਨੂੰ ਪ੍ਰਭੂ ਨੂੰ ਯਾਦ ਕਰਨ ਦਾ ਸਮਾਂ ਕਿਵੇਂ ਮਿਲਿਆ। ਨਾਮਦੇਵ ਜੀ ਨੇ ਆਪਣੇ ਦੋਸਤਾਂ ਦੀ ਉਤਸੁਕਤਾ ਨੂੰ ਬਹੁਤ ਹੀ ਦ੍ਰਿੜਤਾ ਪੂਰਵਕ ਢੰਗ ਨਾਲ ਸੰਤੁਸ਼ਟ ਕੀਤਾ ਅਤੇ ਉਸ ਨੂੰ ਦੱਸਿਆ ਕਿ ਭਾਵੇਂ ਉਸ ਦੇ ਹੱਥ ਦੁਨਿਆਵੀ ਕਿੱਤਿਆਂ ਵਿਚ ਲੱਗੇ ਹੋਏ ਹਨ, ਉਨ੍ਹਾਂ ਦਾ ਮਨ ਹਮੇਸ਼ਾ ਉਸ ਉੱਤੇ ਟਿਕਿਆ ਹੋਇਆ ਸੀ। ਇਕ ਗ੍ਰਹਿਸਥੀ ਲਈ, ਇਹ ਪ੍ਰਮਾਤਮਾ ਨੂੰ ਯਾਦ ਕਰਨ ਤੇ ਭਗਤੀ ਕਰਨ ਦਾ ਸਭ ਤੋਂ ਵਧੀਆ ਤਰੀਕਾ ਸੀ। ਤ੍ਰਿਲੋਚਨ ਜੀ ਨੇ ਇਸ ਜਵਾਬ ਤੋਂ ਬਹੁਤ ਸੰਤੁਸ਼ਟੀ ਅਤੇ ਖੁਸ਼ੀ ਮਹਿਸੂਸ ਕੀਤਾ। ਜਿਵੇਂ ਕਿ ਭਾਈ ਗੁਰਦਾਸ ਜੀ ਆਪਣੀ ਵਾਰ: 10ਵੀਂ ਤੇ 21ਵੀਂ ਪਉੜੀ ਵਿਚ ਕਹਿੰਦੇ ਹਨ, ਇਹ ਨਾਮਦੇਵ ਜੀ ਸਨ ਜਿਨ੍ਹਾਂ ਨੇ ਤ੍ਰਿਲੋਚਨ ਜੀ ਨੂੰ ਆਪਣੇ ਭਾਗਾਂ ਨਾਲ ਜੋੜਿਆ ਜਿਨ੍ਹਾਂ ਨੇ ਉਨ੍ਹਾਂ ਨੂੰ ਪ੍ਰਭੂ ਦਾ ਰਸਤਾ ਦਿਖਾਇਆ। ਇਸ ਮੌਕੇ 'ਤੇ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

ਭਗਤਾਂ ਨਾਲ ਮਿਲਕੇ, ਤ੍ਰਿਲੋਚਨ ਜੀ ਨੇ ਸਿੱਧਾਂ ਦੀ ਸੰਪੂਰਨਤਾ ਪ੍ਰਾਪਤ ਕੀਤੀ।

ਸਿੱਖ ਧਰਮ ਦੇ ਪਵਿੱਤਰ ਗ੍ਰੰਥ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 'ਚ ਸਤਿਗੁਰੂ ਤ੍ਰਿਲੋਚਨ ਜੀ ਦੇ ਚਾਰ ਸ਼ਬਦ ਦਰਜ ਹਨ। ਇਹ ਭਜਨ ਰੀਤੀ-ਰਿਵਾਜਾਂ ਅਤੇ ਰੀਤੀ-ਰਿਵਾਜਾਂ, ਅੰਧ ਵਿਸ਼ਵਾਸਾਂ ਅਤੇ ਝੂਠੀ ਤਪੱਸਿਆ ਦੀ ਵਿਅਰਥਤਾ ਦੀ ਸਖ਼ਤ ਨਿਖੇਧੀ ਕਰਦੇ ਹਨ। ਤ੍ਰਿਲੋਚਨ ਜੀ ਕਹਿੰਦੇ ਹਨ ਕਿ ਅਜਿਹੀਆਂ ਗਤੀਵਿਧੀਆਂ 'ਚ ਸ਼ਾਮਲ ਹੋਣਾ ਪਾਣੀ ਨੂੰ ਰਿੜਕਣ ਵਾਂਗ ਵਿਅਰਥ ਹਨ। ਉਹ ਪ੍ਰਮਾਤਮਾ ਨੂੰ ਅਨੁਭਵ ਕਰਨ ਦੀ ਲੋੜ 'ਤੇ ਜ਼ੋਰ ਦਿੰਦੇ ਹਨ। ਮਨੁੱਖੀ ਮਨ ਅਪਵਿੱਤਰ ਅਤੇ ਹਉਮੈ ਵਰਗੀਆਂ ਬੁਰਾਈਆਂ ਨਾਲ ਭਰਿਆ ਰਹਿੰਦਾ ਹੈ। ਬਾਹਰਲਾ ਪਹਿਰਾਵਾ ਮਸਤਕ ਦਾ ਹੈ, ਪਰ ਅੰਦਰ ਦੀ ਆਤਮਾ ਅਪਵਿੱਤਰ ਹੈ ਅਤੇ ਮਨ ਬੇਚੈਨ ਹੈ। ਤ੍ਰਿਲੋਚਨ ਜੀ ਅਜਿਹੇ ਜੀਵਾਂ ਅਤੇ ਪਤਿਤਾਂ ਨੂੰ ਤੇ ਕੁਰਾਹੇ ਪਏ ਲੋਕਾਂ ਨੂੰ ਸਮਝਾਉਂਦੇ ਹਨ। ਅਜਿਹੇ ਲੋਕਾਂ ਦਾ ਰੱਬ ਨਾਲ ਦੂਰ ਦਾ ਵੀ ਸਬੰਧ ਨਹੀਂ ਹੁੰਦਾ, ਸਗੋਂ ਉਹ ਆਪਣੇ ਆਪ ਨੂੰ ਵੀ ਧੋਖਾ ਦਿੰਦੇ ਹਨ। ਸਤਿਗੁਰੂ ਤ੍ਰਿਲੋਚਨ ਜੀ ਦਾ ਇਕ ਭਜਨ ਇਹਨਾਂ ਵਿਚਾਰਾਂ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ:

ਤੂੰ ਆਪਣੇ ਅੰਦਰੋਂ ਮੈਲ ਸਾਫ ਨਹੀਂ ਕੀਤੀ, ਬਾਹਰੋਂ ਤੂੰ ਤਿਆਗੀ ਦਾ ਪਹਿਰਾਵਾ ਪਹਿਨਦਾ ਹੈ। ਆਪਣੇ ਹਿਰਦੇ-ਕਮਲ ਵਿਚ, ਤੂੰ ਪ੍ਰਮਾਤਮਾ ਨੂੰ ਨਹੀਂ ਪਛਾਣਿਆ- ਤੂੰ ਸੰਨਿਆਸੀ ਕਿਉਂ ਹੋ ਗਿਆ ਹੈ?॥1॥

ਸੰਦੇਹ ਦੁਆਰਾ ਭਰਮਾਇਆ ਹੋਇਆ, ਹੈ ਜੈ ਚੰਦ।

'ਤੂੰ ਪਰਮ ਅਨੰਦ ਦੇ ਸਰੂਪ ਪ੍ਰਭੂ ਨੂੰ ਅਨੁਭਵ ਨਹੀਂ ਕੀਤਾ ਹੈ॥1॥ ਰਹਾਉ॥

ਕੇਵਲ ਇਕ ਦਲੇ ਅਤੇ ਨਿਰਲੇਪ ਪਵਿੱਤਰ ਪੁਰਸ਼ ਹੀ ਅਜਿਹੀ ਬੇਬਾਕ ਅਤੇ ਜ਼ੋਰਦਾਰ ਟਿੱਪਣੀ ਕਰ ਸਕਦਾ ਹੈ ਜੋ ਸਮਕਾਲੀ ਸਮਾਜਿਕ ਅਤੇ ਧਾਰਮਿਕ ਵਿਵਸਥਾ 'ਤੇ ਵਿਅੰਗ ਕਰਨ ਲਈ ਹੋਇਆ ਹੈ। ਸਤਿਗੁਰੂ ਤ੍ਰਿਲੋਚਲ ਜੀ ਇਕ ਅਜਿਹੇ ਸੰਤ ਸਨ ਜਿਹਨਾਂ ਨੇ ਅਜਿਹਾ ਕਹਿਣ ਦੀ ਹਿੰਮਤ ਕੀਤੀ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਆਪਣੀ ਬਾਣੀ ਵਿਚ, ਧਨਾਸਰੀ ਰਾਗ ਦੇ ਤਹਿਤ, ਉਹ ਆਪਣੀ ਪਤਨੀ ਨੂੰ ਸੰਬੋਧਿਤ ਹੁੰਦੇ ਹੋਏ, ਪਰ ਸੂਖਮ ਰੂਪ ਵਿਚ ਇਕ ਵਿਆਪਕ ਸੰਦੇਸ਼ ਦਿੰਦੇ ਹਨ:

ਮੂਰਖ-ਮੂਰਖ ਔਰਤ! ਰੱਬ ਨੂੰ ਦੋਸ਼ ਕਿਉਂ ਦੇਂਦਾ ਹੈ? (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ -ਅੰਗ 695)

ਉਨ੍ਹਾਂ ਦਾ ਵਿਸ਼ਵ-ਵਿਆਪੀ ਸੰਦੇਸ਼ ਸੀ ਕਿ ਰੱਬ ਕਦੇ ਵੀ ਕੁਝ ਗਲਤ ਅਤੇ ਮਾੜਾ ਨਹੀਂ ਕਰਦਾ। ਇਸ ਲਈ, ਸਾਡੇ ਲਈ ਗਲਤ ਕੰਮਾਂ ਲਈ ਪ੍ਰਮਾਤਮਾ ਨੂੰ ਦੋਸ਼ੀ ਠਹਿਰਾਉਣਾ ਠੀਕ ਨਹੀਂ ਹੈ ਕਿਉਂਕਿ ਦੁੱਖ ਅਤੇ ਅਨੰਦ ਸਾਡੇ ਆਪਣੇ ਮਾੜੇ ਕਰਮਾਂ ਅਤੇ ਕਰਮਾਂ ਦਾ ਨਤੀਜਾ ਹਨ, ਸ਼ਬਦ-ਗੁਰੂ ਜੀ ਵਿਚ ਦੋਹਾਂ ਤੋਂ ਸੁਚੇਤ ਕੀਤਾ ਗਿਆ ਹੈ। ਤ੍ਰਿਲੋਚਨ ਜੀ ਆਪਣੀ ਪਤਨੀ ਨੂੰ ਇਸ ਤੱਥ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਕਿਸੇ ਨੂੰ ਆਪਣੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ। ਇਹਨਾਂ ਤੋਂ ਆਪਣੇ ਆਪ ਨੂੰ ਬਚਾਉਣ ਦਾ ਇੱਕੋ-ਇਕ ਉਪਾਅ ਹੈ ਕਿ ਸਦਾ ਪ੍ਰਮਾਤਮਾ ਨੂੰ ਪੂਰਨ ਸ਼ਰਧਾ ਨਾਲ ਯਾਦ ਕੀਤਾ ਜਾਵੇ। ਇਹ ਮਨੁੱਖ ਨੂੰ ਹਰ ਕਿਸਮ ਦੇ ਬੰਧਨਾਂ ਤੋਂ ਬਚਾ ਸਕਦਾ ਹੈ। ਪ੍ਰਮਾਤਮਾ ਦੀ ਕਿਰਪਾ ਅਤੇ ਸਿਮਰਨ ਹੀ ਕਰਮ ਦੇ ਪ੍ਰਭਾਵਾਂ ਨੂੰ ਧੋਣ ਦਾ ਸਾਧਨ ਹਨ। ਉਨ੍ਹਾਂ ਦੀ ਇਕ ਹੋਰ ਬਾਣੀ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਸ਼ਾਮਲ ਗੁਜਰੀ ਰਾਗ ਦੇ ਤਹਿਤ, ਸਾਨੂੰ ਅਜਿਹੇ ਪ੍ਰਭਾਵਾਂ ਬਾਰੇ ਚਿਤਾਵਨੀ ਦਿੰਦੀ ਹੈ:

ਅੰਤਮ ਸਮੇਂ, ਜੋ ਧਨ-ਦੌਲਤ ਦੀ ਵਿਚਾਰ ਕਰਦਾ ਹੈ, ਅਤੇ ਅਜਿਹੇ ਵਿਚਾਰਾਂ ਵਿਚ ਮਰਦਾ ਹੈ,

ਉਹ ਮੁੜ-ਮੁੜ ਸੱਪਾਂ ਦੇ ਰੂਪ ਵਿਚ ਜਨਮ ਲੈਂਦਾ ਹੈ॥1॥

ਇਸ ਤਰ੍ਹਾਂ ਉਹ ਮਨੁੱਖ ਜਾਤੀ ਨੂੰ ਸਲਾਹ ਦਿੰਦੇ ਹਨ ਕਿ ਉਹ ਸਾਰੀ ਉਮਰ ਦੌਲਤ, ਇਸਤਰੀ, ਪੁੱਤਰ ਅਤੇ ਜ਼ਮੀਨ ਵਿਚ ਡੁੱਬੇ ਨਾ ਰਹਿਣ, ਅਜਿਹਾ ਨਾ ਹੋਵੇ ਕਿ ਕਿਸੇ ਦੀ ਚੇਤਨਾ ਵਿਚ ਹਰ ਸਮੇਂ ਅਤੇ ਖਾਸ ਕਰਕੇ ਕਿਸੇ ਦੀ ਮੌਤ ਵੇਲੇ ਇਹ ਸਭ ਜਾਂ ਇਹਨਾਂ ਵਿਚੋਂ ਕੋਈ ਨਾ ਰਹੇ। ਮਨੁੱਖੀ ਜਾਤੀ ਨੂੰ ਆਪਣਾ ਪੂਰਨ ਅਤੇ ਸਮਾਜਿਕ ਫਰਜ਼ ਇਸ ਤਰ੍ਹਾਂ ਨਿਭਾਉਣਾ ਚਾਹੀਦਾ ਹੈ ਕਿ ਉਹ ਕਦੇ ਵੀ ਰੱਬ ਨੂੰ ਭੁੱਲਣ ਵਾਲੇ ਨਾ ਹੋਣ। ਇਹ ਉਹਨਾਂ ਨੂੰ ਬ੍ਰਹਮ ਨਾਮ ਉੱਤੇ ਧਿਆਨ ਕੇਂਦਰਿਤ ਕਰਨ ਵਿਚ ਮਦਦ ਕਰੇਗਾ ਕਿਉਂਕਿ ਉਨ੍ਹਾਂ ਦਾ ਅੰਤ ਨੇੜੇ ਆ ਰਿਹਾ ਹੈ। ਕੇਵਲ ਇਹ ਉਨ੍ਹਾਂ ਦੇ ਆਵਾਗਉਣ ਦੀ ਪ੍ਰਕਿਰਿਆ ਨੂੰ ਖਤਮ ਕਰ ਸਕਦਾ ਹੈ। ਤ੍ਰਿਲੋਚਨ ਜੀ ਦੁਆਰਾ ਉਪਰੋਕਤ ਬਾਣੀ ਦਾ ਸਾਰ ਮਨੁੱਖ ਨੂੰ ਇਨ੍ਹਾਂ ਭਿਆਨਕ ਜਾਤੀਆਂ ਬਾਰੇ ਜਾਣੂ ਕਰਵਾਉਣਾ ਹੈ ਜੋ ਉਨ੍ਹਾਂ ਦੀ ਕਿਸਮਤ ਬਣ ਸਕਦੀਆਂ ਹਨ। ਇਸ ਤਰ੍ਹਾਂ ਹਰ ਵਿਅਕਤੀ ਨੂੰ ਉਸ ਪ੍ਰਭੂ ਨੂੰ ਯਾਦ ਕਰਨ ਲਈ ਪ੍ਰੇਰਿਆ ਜਾਂਦਾ ਹੈ ਜੋ ਮਨੁੱਖਤਾ ਦੀ ਸੰਵੇਦਨਾਵਾਂ, ਸੰਵੇਦਨਾਤਮਕ ਅਨੰਦ ਅਤੇ ਪਦਾਰਥਕ ਰਾਗ ਰਾਮ ਲਈ, ਪਰਮਾਤਮਾ ਦੇ ਪਵਿੱਤਰ ਨਾਮ ਵੱਲ ਮੋੜਨ ਦਾ ਇੱਕੋ-ਇਕ ਸਾਧਨ ਹੈ। ਇਹ ਮਨੁੱਖੀ ਜੀਵ ਨੂੰ ਜੀਵਨ ਦੇ ਅੰਤਿਮ ਉਦੇਸ਼ ਦੀ ਯਾਦ ਦਿਵਾਉਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਵੀ ਮੋਹ ਅਤੇ ਪਦਾਰਥਕ ਲਾਭਾਂ ਦੇ ਘਿਨਾਉਣੇ ਗੁਣ ਦੱਸੇ ਹਨ। ਉਹ ਪ੍ਰਮਾਤਮਾ ਦੀ ਤਰਕਸ਼ੀਲਤਾ ਨੂੰ ਆਪਣਾ ਆਦਰਸ਼ ਮੰਨਣ ਵਾਲੇ ਅਤੇ ਸਾਧ ਸੰਗਤ ਵਿਚ ਰਹਿਣ ਵਾਲੇ ਵਿਅਕਤੀ ਨੂੰ ਮੋਹ ਅਤੇ ਮਾਇਆ (ਭੌਤਿਕ ਲਾਭ ਦੀ ਲਗਨ ਅਤੇ ਪਿੱਛਾ) ਤੋਂ ਸਦਾ ਨਿਰਲੇਪ ਰਹਿਣ ਲਈ ਪ੍ਰੇਰਿਤ ਕਰਦੇ ਹਨ: ਗੁਰੂ ਜੀ ਫੁਰਮਾਉਂਦੇ ਹਨ: ਹੇ! ਭਾਵਨਾਤਮਕ ਮੋਹ, ਤੂੰ ਜੀਵਨ ਦੇ ਮੈਦਾਨ ਦਾ ਅਜਿੱਤ ਯੋਧਾ ਹੈਂ, ਤੁਸੀਂ ਸਭ ਤੋਂ ਸ਼ਕਤੀਸ਼ਾਲੀ ਨੂੰ ਵੀ ਪੂਰੀ ਤਰ੍ਹਾਂ ਕੁਚਲਦੇ ਅਤੇ ਮੋਹਿਤ ਕਰਦਾ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਸਤਿਗੁਰੂ ਤ੍ਰਿਲੋਚਨ ਜੀ ਨੇ ਕੁਝ ਬਹੁਤ ਹੀ ਢੁਕਵੇਂ ਇਤਿਹਾਸਕ ਸੰਕੇਤਾਂ ਦੀ ਮਦਦ ਨਾਲ ਮਨੁੱਖ ਨੂੰ ਸ਼ੁੱਧ ਹਿਰਦੇ ਨਾਲ ਰੱਬੀ ਨਾਮ ਦੇ ਸਿਮਰਨ ਦੀ ਮਹੱਤਤਾ ਦਰਸਾਈ ਹੈ। ਇਹ ਹੈ, ਰੀਤੀ ਰਿਵਾਜਾਂ ਵਿਚ ਉਲਝਣ ਦੀ ਬਜਾਏ, ਜੋ ਪਾਣੀ ਰਿੜਕਣ ਵਾਂਗ ਵਿਅਰਥ ਹਨ। ਉਹ ਪ੍ਰਾਣੀ ਨੂੰ ਦੁਨਿਆਵੀ, ਪਦਾਰਥਕ ਮੋਹ ਅਤੇ ਪ੍ਰਾਪਤੀਆਂ ਵਿਚ ਜ਼ਿਆਦਾ ਭੋਗ ਪਾਉਣ ਦੀ ਸਲਾਹ ਦਿੰਦੇ ਹਨ।

**ਇਤਿਹਾਸ:** ਸਤਿਗੁਰੂ ਤ੍ਰਿਲੋਚਨ ਜੀ ਦਾ ਭਗਤੀ ਲਹਿਰ ਦੇ ਸਾਰੇ ਭਗਤਾਂ ਵਿਚ ਪੂਰਾ ਵਿਸ਼ਵਾਸ ਸੀ ਪਰ ਉਹ ਅਸੁਵਿਧਾਜਨਕ ਤੌਰ 'ਤੇ ਵੱਡੀ ਗਿਣਤੀ ਵਿਚ ਉਨ੍ਹਾਂ ਨੂੰ ਮਿਲਣ ਗਏ, ਅਤੇ ਉਥੇ ਹਾਜ਼ਰ ਹੋਣ ਅਤੇ ਉਨ੍ਹਾਂ ਦੀ ਉਡੀਕ ਕਰਨ ਲਈ ਸਿਰਫ਼ ਉਨ੍ਹਾਂ ਅਤੇ ਉਨ੍ਹਾਂ ਦੀ ਪਤਨੀ ਹੀ ਸਨ। ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਦੀ ਸੇਵਾ ਨਹੀਂ ਕੀਤੀ ਗਈ ਜਿਵੇਂ ਕਿ ਉਹ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਇਕ ਨੌਕਰ ਨੂੰ ਸ਼ਾਮਲ ਕਰਨ ਦਾ ਸੰਕਲਪ ਲਿਆ ਜੇ ਉਨ੍ਹਾਂ ਨੂੰ ਕੋਈ ਅਜਿਹਾ ਵਿਅਕਤੀ ਮਿਲ ਸਕਦਾ ਹੈ ਜੋ ਪਵਿੱਤਰ ਪੁਰਸ਼ਾਂ ਦੀ ਸੇਵਾ ਕਰਨ ਦਾ ਆਦੀ ਹੋਵੇ। ਉਹ ਅਜਿਹੇ ਸੇਵਾਦਾਰਾਂ ਨੂੰ ਲੱਭਦੇ ਰਹੇ, ਪਰ ਨਾ ਲੱਭ ਕੇ ਉਹ ਮਨ ਹੀ ਮਨ 'ਚ ਉਦਾਸ ਹੋ ਗਏ। ਕਿਹਾ ਜਾਂਦਾ ਹੈ ਕਿ ਪ੍ਰਮਾਤਮਾ ਉਨ੍ਹਾਂ ਦੇ ਭਗਤਾਂ ਦੇ ਦੁੱਖ 'ਤੇ ਖੁਸ਼ ਨਹੀਂ ਹੋਇਆ, ਅਤੇ ਉਨ੍ਹਾਂ ਨੂੰ ਸੇਵਾ ਲਈ ਉਮੀਦਵਾਰ ਭੇਜਿਆ।

ਜਦੋਂ ਪ੍ਰਮਾਤਮਾ ਦੇ ਉਮੀਦਵਾਰ ਸਤਿਗੁਰੂ ਤ੍ਰਿਲੋਚਨ ਜੀ ਨੇ ਉਮੀਦਵਾਰ ਨੂੰ ਦੇਖਿਆ ਤਾਂ ਉਸ ਨੇ ਉਮੀਦਵਾਰ ਨੂੰ ਪੁੱਛਿਆ ਕਿ ਉਹ ਕੌਣ ਹੈ, ਕਿੱਥੋਂ ਆਇਆ ਹੈ, ਅਤੇ ਕੀ ਉਸ ਦੇ ਮਾਤਾ-ਪਿਤਾ ਅਤੇ ਘਰ ਹੈ। ਉਸ ਅਜਨਬੀ ਆਦਮੀ ਨੇ ਜਵਾਬ ਦਿੱਤਾ ਕਿ ਉਸ ਦੇ ਕੋਈ ਮਾਪੇ ਨਹੀਂ ਹਨ ਅਤੇ ਕੋਈ ਘਰ ਨਹੀਂ ਹੈ। ਉਹ ਸਿਰਫ਼ ਇਕ ਨੌਕਰ ਵਜੋਂ ਕੰਮ ਕਰਨ ਲਈ ਆਇਆ ਹੈ। ਉਹ ਦੂਜਿਆਂ ਦੀ ਸਹਾਇਤਾ ਤੋਂ ਬਿਨਾਂ ਪ੍ਰਮਾਤਮਾ ਦੇ ਭਗਤਾਂ ਦੀ ਉਡੀਕ ਕਰ ਸਕਦਾ ਹੈ, ਕਿਉਂਕਿ ਉਸ ਦਾ ਜੀਵਨ ਇਸ ਤਰ੍ਹਾਂ ਦੀ ਸੇਵਾ ਵਿਚ ਬੀਤ ਗਿਆ ਹੈ। ਉਨ੍ਹਾਂ ਨੇ ਆਪਣਾ ਨਾਮ ਅੰਤਰਜਾਮੀ (ਅੰਦਰ ਜਾਣ ਵਾਲਾ) ਦੱਸਿਆ, ਜਿਸਦਾ ਅਰਥ ਦਿਲਾਂ ਦੀ ਖੋਜ ਕਰਨ ਵਾਲਾ ਵਜੋਂ ਕੀਤਾ ਗਿਆ ਹੈ। ਤ੍ਰਿਲੋਚਨ ਜੀ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਆਪਣੀ ਪਤਨੀ ਨੂੰ ਹੁਕਮ ਦਿੱਤਾ ਕਿ ਉਹ ਉਸ ਦੀ ਮੰਗਣੀ ਕਰੇ ਅਤੇ ਖੁਸ਼ੀ ਨਾਲ ਉਸ ਦੀ ਹਰ ਇੱਛਾ ਪੂਰੀ ਕਰੇ। ਉਨ੍ਹਾਂ ਨੇ ਉਸ ਦੀ ਖੁਸ਼ੀ ਨੂੰ ਆਪਣਾ ਪਹਿਲਾ ਫਰਜ਼ ਸਮਝਣ ਲਈ ਸੁਚੇਤ ਕੀਤਾ ਗਿਆ ਸੀ।



ਪ੍ਰੋ: ਐਚ.ਐਲ.ਕਪੂਰ

ਅੰਤਰਜਾਮੀ (ਅਜਨਬੀ) ਨੇ ਭਗਤਾਂ ਲਈ ਮਾਮੂਲੀ ਸੇਵਾ ਨਿਭਾਈ, ਜਿਵੇਂ ਕਿ ਖਾਣਾ ਬਣਾਉਣਾ, ਪਾਣੀ ਕੱਢਣਾ, ਉਨ੍ਹਾਂ ਦੇ ਪੈਰ ਧੋਣੇ, ਸਾਬਣ ਲਾਉਣਾ ਅਤੇ ਉਨ੍ਹਾਂ ਨੂੰ ਇਸ਼ਨਾਨ ਕਰਾਉਣਾ, ਇਸ ਤਰੀਕੇ ਨਾਲ ਤ੍ਰਿਲੋਚਨ ਜੀ ਦਾ ਘਰ, ਆਪਣੀ ਪ੍ਰਾਹੁਣਾਚਾਰੀ ਲਈ ਮਸ਼ਹੂਰ ਹੋ ਗਿਆ, ਅਤੇ ਭਗਤਾਂ ਦੀ ਇਕ ਵੱਡੀ ਭੀੜ ਉਨ੍ਹਾਂ ਦੇ ਨਾਲ ਰਹਿਣ ਲੱਗ ਪਈ ਅਤੇ ਉਨ੍ਹਾਂ ਦਾ ਪਦਾਰਥ ਖਾਣ ਲੱਗ ਪਈ ਸੀ। ਉਨ੍ਹਾਂ ਦਾ ਜਵਾਬ ਸੀ ਕਿ ਉਨ੍ਹਾਂ ਦੇ ਮਾਲਕ ਨੇ ਇਕ ਨੌਕਰ ਨੂੰ ਆਪਣੀ ਨੌਕਰੀ ਵਿਚ ਰੱਖਿਆ ਸੀ ਜਿਸਨੂੰ ਇੰਨਾ ਧਿਆਨ ਦੇਣ ਦੀ ਲੋੜ ਸੀ ਕਿ ਉਨ੍ਹਾਂ ਨੂੰ ਆਪਣੇ ਸਾਰੇ ਦਿਨ ਮੱਕੀ ਨੂੰ ਪੀਸਣ ਅਤੇ ਉਨ੍ਹਾਂ ਦੇ ਲਈ ਖਾਣਾ ਪਕਾਉਣ ਵਿਚ ਬਿਤਾਉਣਾ ਪਿਆ। ਇਸ ਦੀ ਸੂਚਨਾ ਅੰਤਰ-ਜਾਤੀ ਨੂੰ ਦਿੱਤੀ ਗਈ ਅਤੇ ਉਹ ਤੁਰੰਤ ਗਾਇਬ ਹੋ ਗਿਆ।

ਜਦੋਂ ਭਗਤਾਂ ਦੀ ਉਡੀਕ ਕਰਨ ਦਾ ਸਮਾਂ ਆਇਆ, ਅੰਤਰਜਾਤੀ ਨਹੀਂ ਮਿਲਿਆ, ਤ੍ਰਿਲੋਚਨ ਜੀ ਬਹੁਤ ਦੁਖੀ ਹੋ ਗਏ ਅਤੇ ਆਪਣੀ ਪਤਨੀ ਨੂੰ ਝਿੜਕਦੇ ਹੋਏ, ਉਸ ਨੂੰ ਦੱਸਿਆ ਕਿ ਇਹ ਉਸ ਦੇ ਅਵੇਸਲੇਪਣ ਕਾਰਨ ਹੀ ਸੀ ਕਿ ਅੰਤਰਜਾਤੀ ਨੇ ਉਨ੍ਹਾਂ ਦੀ ਸੇਵਾ ਛੱਡ ਦਿੱਤੀ ਹੈ। ਤ੍ਰਿਲੋਚਨ ਜੀ ਦਾ ਸੋਗ ਤਿੰਨ ਦਿਨਾਂ ਤੱਕ ਚੱਲਣ ਤੋਂ ਬਾਅਦ, ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਬ੍ਰਹਮ ਦਖਲ ਦੁਆਰਾ ਦਿਲਾਸਾ ਮਿਲਿਆ, ਨਤੀਜੇ ਵਜੋਂ ਉਨ੍ਹਾਂ ਨੇ ਆਪਣੇ ਆਪ ਨੂੰ ਇਕ ਸੱਚੇ ਰੱਬ ਦੀ ਉਸਤਤ ਅਤੇ ਚਿੰਤਨ ਲਈ ਲਾਗੂ ਕੀਤਾ। ਫਿਰ ਉਨ੍ਹਾਂ ਦਾ ਦੁੱਖ ਦੂਰ ਹੋ ਗਿਆ।

ਸਤਿਗੁਰੂ ਤ੍ਰਿਲੋਚਨ ਜੀ ਦੀ ਹੇਠ ਲਿਖੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਰਜ ਮਿਲਦੀ ਹੈ:

ਸਿਰੀਰਾਗ, ਤ੍ਰਿਲੋਚਨ:

ਮ੍ਰਿਗ ਮੋਹ ਮਨ ਅਗਲਾੜਿ ਪਰਗਣਿ ਮਰਣ ਬਖਾਉ ਵਿਸਾਰ ਗਾਇ॥

ਮਨ ਮਾਇਆ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ, ਪ੍ਰਾਣੀ ਨੇ ਬੁਢਾਪੇ ਅਤੇ ਮੌਤ ਦੇ ਡਰ ਨੂੰ ਭੁਲਾ ਦਿੱਤਾ ਹੈ।

ਕੁਟੰਬ ਦੇਖਿ ਬਿਗਸਹਿ ਜੋ ਕਮਲਾ ਜਿਉ ਪਰ ਘਰਿਹ ਕਪਟ ਨਰਾ॥1॥

ਆਪਣੇ ਪਰਿਵਾਰ ਨੂੰ ਦੇਖ ਕੇ, ਉਹ ਕਮਲ ਦੇ ਫੁੱਲ ਵਾਂਗ ਖਿੜਦਾ ਹੈ; ਧੋਖੇਬਾਜ਼ ਵਿਅਕਤੀ ਦੂਜਿਆਂ ਦੇ ਘਰਾਂ ਨੂੰ ਦੇਖਦਾ ਅਤੇ ਲੋਭ ਕਰਦਾ ਹੈ॥1॥

ਦੂੜਾ ਆਇਓਹਿ ਜਮਹਿ ਤਾਨਾ॥

ਜਦੋਂ ਮੌਤ ਦਾ ਸ਼ਕਤੀਸ਼ਾਲੀ ਦੂਤ ਆਉਂਦਾ ਹੈ,

ਤਿਨ ਅਗਲੜੈ ਮੈ ਰਹਣ ਨ ਜਾਇ॥

ਕੋਈ ਵੀ ਉਸ ਦੀ ਸ਼ਾਨਦਾਰ ਸ਼ਕਤੀ ਦੇ ਵਿਰੁੱਧ ਨਹੀਂ ਖੜ੍ਹ ਹੋ ਸਕਦਾ।

ਸਾਜਨ ਆਇ ਕਹੈ॥

ਵਿਰਲਾ, ਬਹੁਤ ਵਿਰਲਾ, ਉਹ ਮਿੱਤਰ ਜੋ ਆ ਕੇ ਆਖੇ,

ਮਿਲ ਮੇਰਾ ਬੀਠਲਾ ਲੈ ਬਾਰੜੀ ਵਲਾਈ॥

ਮਿਲ ਮੇਰੈ ਬਿਨੁ ਲਾਈ ਬਹਿਰੀ ਵਾਲੀ॥

ਹੇ ਮੇਰੇ ਪ੍ਰੀਤਮ, ਮੈਨੂੰ ਆਪਣੀ ਗਲਵਕੜੀ ਵਿਚ ਲੈ ਲੈ।

ਮਿਲ ਮੇਰਾ ਰਮਈਆ ਮੈ ਲੇਹਿ ਛਡਾਇ॥ ਰਹਾਉ॥

ਮਿਲ ਮੇਰੇ ਰਮਾਇਣ ਮੈ ਲਹਿ ਚੜਾਈ॥1॥

ਮੈਨੂੰ ਮਿਲ, ਹੇ ਮੇਰੇ ਸੁਆਮੀ ਅਤੇ ਮੈਨੂੰ ਬਚਾਅ ਲੈ॥1॥

ਅਨਿਕ ਅਨਿਕ ਭੋਗ ਰਾਜ ਬਿਸਰੇ ਪਰਾਣੀ ਸੰਸਾਰ ਸਾਗਰ ਪੈ ਅਮਰ ਭਾਇਆ॥

ਅਨਿਕ ਅਨਿਕ ਭੁਗ ਰਜਿ ਬਿਸਰਿ ਪਰਾਨਿ ਸੰਸਾਰਿ ਸਾਗਰ ਪਾਇ ਅਮਰ ਬਨਾਇ॥

ਹਰ ਕਿਸਮ ਦੇ ਰਿਆਸਤਾਂ ਵਿਚ ਲਿਪਤ ਹੋ ਕੇ, ਹੇ ਪ੍ਰਾਣੀ, ਤੂੰ ਵਾਹਿਗੁਰੂ ਨੂੰ ਭੁਲਾ ਦਿੱਤਾ ਹੈ; ਤੂੰ ਸੰਸਾਰ ਸਮੁੰਦਰ ਵਿਚ ਡਿੱਗ ਪਿਆ ਹੈ; ਅਤੇ ਤੂੰ ਅਬਿਨਾਸੀ ਹੋ ਗਿਆ ਹੈਂ।

ਮਾਇਆ ਮੂਠਾ ਚੇਤਸਿ ਨਾਹੀ ਜਨਮ ਗਵਾਇਓ ਆਲਸੀਆ॥

ਮਾਇਆ ਦੁਆਰਾ ਠੱਗਿਆ ਅਤੇ ਲੁੱਟਿਆ ਹੋਇਆ, ਤੂੰ ਪਰਮ-ਾਤਮਾ ਦਾ ਵਿਚਾਰ ਨਹੀਂ ਕਰਦਾ ਅਤੇ ਆਲਸ ਵਿਚ ਆਪਣਾ ਜੀਵਨ ਬਰਬਾਦ ਕਰਦਾ ਹੈਂ।

ਬਿਖਮ ਘੋਰ ਪੰਥਿ ਚਲਣਾ ਪਰਾਣੀ ਰਵਿ ਸਸਿ ਤਹ ਨ ਪਰਵੇਸੰਗ॥

ਬਿਖਮ ਗਹਿਰ ਪੰਥਿ ਚੰਲਣਿ ਪਰਗਣੀ ਰਵ ਸਾਸ ਨ ਪਰਵੇਸੀ।

ਜਿਸ ਰਾਹ ਤੇ ਤੁਹਾਨੂੰ ਤੁਰਨਾ ਚਾਹੀਦਾ ਹੈ ਉਹ ਧੋਖੇਬਾਜ਼ ਅਤੇ ਭਿਆਨਕ ਹੈ, ਹੇ ਪ੍ਰਾਣੀ, ਉਥੇ ਨਾ ਤਾਂ ਸੂਰਜ ਅਤੇ ਨਾ ਹੀ ਚੰਦਰਮਾ ਚਮਕਦਾ ਹੈ।

ਮਾਇਆ ਮੋਹ ਤਬ ਬਿਸਰਿ ਗਇਆ ਜਾਂ ਤਜੀਅ ਲੇ ਸੰਸਰ॥3॥

ਤੇਰਾ ਮਾਇਆ ਦਾ ਮੋਹ ਵਿਸਰ ਜਾਏਗਾ, ਜਦੋਂ ਤੈਨੂੰ ਇਹ ਸੰਸਾਰ ਤਿਆਗਣਾ ਪਵੇਗਾ॥3॥

ਆਜ ਮੇਰੈ ਮਨਿ ਪਰਗਟ ਭਇਆ ਹੈ ਪੇਖਿਆਲੇ ਧਰਮਰਾਓ॥

ਅਜ ਮੇਰੈ ਮਨੁ ਪਰਗਟ ਬਿਆਰਾ ਹੈ ਪਖਿਯਾਲੇ ਧਰਮਰਾਓ॥

ਅੱਜ ਮੇਰੇ ਮਨ ਨੂੰ ਸਪਸ਼ਟ ਹੋ ਗਿਆ ਹੈ ਕਿ ਧਰਮ ਦਾ ਨਿਆਂਕਾਰਾ ਸਾਨੂੰ ਦੇਖ ਰਿਹਾ ਹੈ।

ਤਹ ਕਰ ਦਲਿਗਿ ਮਹਾਬਲੀ ਤਿਨ ਅਗਲੜੇ ਮੈ ਰਹਣ ਨ ਜਾਇ॥4॥

ਉਸ ਦੇ ਦੂਤ, ਆਪਣੀ ਸ਼ਾਨਦਾਰ ਸ਼ਕਤੀ ਨਾਲ, ਲੋਕਾਂ ਨੂੰ ਉਨ੍ਹਾਂ ਦੇ ਹੱਥਾਂ ਵਿਚਕਾਰ ਕੁਚਲਦੇ ਹਨ, ਮੈਂ ਉਨ੍ਹਾਂ ਦੇ ਵਿਰੁੱਧ ਨਹੀਂ ਖੜ੍ਹ ਸਕਦਾ।

ਜੇ ਕੋ ਮੂੰ ਉਪਦੇਸ ਕਰਤਾ ਹੈ ਤਾਣ ਤਰਿਣੀ ਰਤੜਾ ਨਰਾਇਣ॥

ਜੇ ਕੋਈ ਮੈਨੂੰ ਕੁਝ ਸਿਖਾਉਣ ਵਾਲਾ ਹੈ, ਤਾਂ ਇਹ ਹੋਵੇ ਕਿ ਪ੍ਰਭੂ ਜੰਗਲਾਂ ਅਤੇ ਖੇਤਾਂ ਵਿਚ ਵਿਆਪਕ ਹੈ।

ਭੂ ਜੀ ਤੂੰ ਆਪੇ ਸਭ ਕਿਛ ਜਾਣਦਾ ਬਦਤਿ ਤਰਿਲੋਚਨ ਰਾਮਈਆ॥5॥

ਹੇ ਪਿਆਰੇ ਪ੍ਰਭੂ, ਤੂੰ ਆਪ ਹੀ ਸਭ ਕੁਝ ਜਾਣਦਾ ਹੈ, ਇਸ ਲਈ ਤ੍ਰਿਲੋਚਨ ਪ੍ਰਭੂ ਨੂੰ ਪ੍ਰਾਰਥਨਾ ਕਰਦਾ ਹੈ।

ਰਾਗ ਗੁਜਰੀ, ਤ੍ਰਿਲੋਚਨ ਜੀ ਦੇ ਪਦੇ:

ਇਕ ਸੰਨਿਆਸੀ, ਇਕ ਬ੍ਰਾਹਮਣ, ਇਕ ਜੈ ਚੰਦ, ਇਕ ਜੋਗੀ ਅਤੇ ਇਕ ਕਪੜੀਆ ਨੇ ਧਾਰਮਿਕ ਵਿਚਾਰ ਵਟਾਂ-ਦਰਾ ਕੀਤਾ ਜਿਸ ਵਿਚ ਹਰੇਕ ਨੇ ਆਪਣੇ-ਆਪਣੇ ਪੰਥ ਦੀ ਉੱਤਮਤਾ ਬਣਾਈ ਰੱਖੀ। ਉਹ ਆਪਣੀਆਂ ਦਲੀਲਾਂ ਦੇ ਕਾਰਨ ਤ੍ਰਿਲੋਚਨ ਜੀ ਕੋਲ ਆਏ, ਅਤੇ ਉਸ ਨੇ ਇਹ ਜਾਣਦੇ ਹੋਏ ਕਿ ਉਹ ਸਾਰੇ ਪਾਖੰਡੀ ਸਨ, ਉਨ੍ਹਾਂ ਨੂੰ ਬਦਲੇ ਵਿਚ ਇਸ ਤਰ੍ਹਾਂ ਸੰ-ਬੋਧਨ ਕੀਤਾ:

ਇਕ ਸਰਬ-ਵਿਆਪਕ ਸਿਰਜਣਹਾਰ ਪ੍ਰਮਾਤਮਾ ਸੱਚੇ ਗੁਰਾਂ ਦੀ ਦਇਆ ਦੁਆਰਾ:

ਤੂੰ ਆਪਣੇ ਅੰਦਰੋਂ ਮੈਲ ਸਾਫ ਨਹੀਂ ਕੀਤੀ, ਭਾਵੇਂ ਬਾਹਰੋਂ ਤੂੰ ਤਿਆਗੀ ਦਾ ਪਹਿਰਾਵਾ ਪਹਿਨਦਾ ਹੈ।

ਆਪਣੇ ਆਪ ਦੇ ਹਿਰਦੇ-ਕਮਲ ਵਿਚ, ਤੂੰ ਪ੍ਰਮਾਤਮਾ ਨੂੰ ਨਹੀਂ ਪਛਾਣਿਆ- ਤੂੰ ਸੰਨਿਆਸੀ ਕਿਉਂ ਹੋ ਗਿਆ ਹੈ?॥4॥

ਸੰਦੇਹ ਦੁਆਰਾ ਭਰਮਾਇਆ ਹੋਇਆ, ਹੈ ਜੈ ਚੰਦ,

ਤੂੰ ਪਰਮ ਆਨੰਦ ਦੇ ਸਰੂਪ ਪ੍ਰਭੂ ਨੂੰ ਅਨੁਭਵ ਨਹੀਂ ਕੀਤਾ ਹੈ॥1॥ ਰਹਾਉ॥

ਤੂੰ ਹਰ ਘਰ ਵਿਚ ਖਾਂਦਾ, ਸਰੀਰ ਨੂੰ ਮੋਟਾ ਕਰ; ਤੂੰ ਧਨ-ਦੌਲਤ ਦੀ ਖਾਤਰ ਭਿਖਾਰੀ ਦੇ ਕੋਟ ਅਤੇ ਕੰਨਾਂ ਦੀਆਂ ਮੁੰਦਰੀਆਂ ਪਹਿਨਦਾ ਹੈਂ।

ਤੂੰ ਸਸਕਾਰ ਦੀ ਸੁਆਹ ਆਪਣੇ ਸਰੀਰਾਂ ਉੱਤੇ ਲਗਾ ਲੈਂਦਾ ਹੈ, ਪਰ ਗੁਰਾਂ ਦੇ ਬਾਝੋਂ ਤੈਨੂੰ ਅਸਲੀਅਤ ਦਾ ਸਾਰ ਨਹੀਂ ਮਿਲਿਆ॥2॥

ਆਪਣੇ ਸ਼ਬਦ ਉਚਾਰਨ ਦੀ ਖੇਚਲ ਕਿਉਂ? ਤਪੱਸਿਆ ਕਰਨ ਦੀ ਖੇਚਲ ਕਿਉਂ ਕਰੀਏ? ਪਾਣੀ ਰਿੜਕਣ ਦੀ ਖੇਚਣ ਕਿਉਂ?

(ਬਾਕੀ ਅਗਲੇ ਸਫੇ 'ਤੇ)

# ਸਤਿਗੁਰੂ ਤ੍ਰਿਲੋਚਨ ਜੀ

**(ਸਫਾ 21 ਦੀ ਬਾਕੀ)**

ਨਿਰਵਾਣ ਦੇ ਸੁਆਮੀ ਦਾ ਸਿਮਰਨ ਕਰ, ਜਿਸ ਨੇ ਚਰਾਸੀ ਲੱਖ ਜੀਵ ਪੈਦਾ ਕੀਤੇ ਹਨ।।3।।

ਹੇ ਭਗਵੇਂ ਪੁਸ਼ਾਕ ਵਾਲੇ ਯੋਗੀ, ਪਾਣੀ ਦੇ ਘੜੇ ਨੂੰ ਚੁੱਕਣ ਦੀ ਖੇਚਲ ਕਿਉਂ ਕਰਦੇ ਹੋ? ਅਠਾਹਟ ਤੀਰਥ ਅਸਥਾਨ ਦੇ ਦਰਸ਼ਨ ਕਰਨ ਦੀ ਖੇਚਲ ਕਿਉਂ?

ਤ੍ਰਿਲੋਚਨ ਆਖਦਾ ਹੈ, ਸੁਣੋ ਪ੍ਰਾਣੀ: ਤੇਰੇ ਕੋਲ ਮੱਕੀ ਨਹੀਂ- ਤੂੰ ਕੀ ਪਿੜਾਉਣ ਦੀ ਕੋਸ਼ਿਸ਼ ਕਰ ਰਿਹਾ ਹੈ?।।4।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਰਾਗ ਗੁਜਰੀ ਤ੍ਰਿਲੋਚਨ ਜੀ ਦੇ ਪਦੇ, ਘਰ 1, ਅੰਗ 525)

ਰਾਗ ਧਨਾਸਰੀ, ਤ੍ਰਿਲੋਚਨ: ਤ੍ਰਿਲੋਚਨ, ਆਪਣੀ ਸ਼ਰਧਾ ਵਿਚ ਰੁੱਝਿਆ ਹੋਇਆ, ਆਪਣੇ ਸੰਸਾਰਕ ਸੱਦੇ ਨੂੰ ਨਜ਼ਰਅੰਦਾਜ਼ ਕਰ ਗਿਆ ਅਤੇ ਇਸ ਕਰਕੇ ਉਸਦੇ ਘਰੇਲੂ ਹਾਲਾਤ ਤਣਾਅਪੂਰਨ ਹੋ ਗਏ। ਇਸ ਤੋਂ ਬਾਅਦ ਉਨ੍ਹਾਂ ਦੀ ਪਤਨੀ ਅਸੰਤੁਸ਼ਟ ਹੋ ਗਈ ਅਤੇ ਪਰਮੇਸ਼ਰ ਨੂੰ ਗਾਲਾਂ ਕੱਢਣ ਲੱਗ ਪਈ। ਹੇਠ ਲਿਖੇ ਪ੍ਰਤੀਕਰਮ ਹਨ। ਉਸਨੇ ਉਸ ਨੂੰ ਇਹ ਕਹਿ ਕੇ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ ਕਿ ਉਸ ਦੀ ਤਕਲੀਫ ਉਸ ਦੇ ਪਾਪਾਂ ਦਾ ਨਤੀਜਾ ਸੀ।

ਇਕ ਸਰਬ-ਵਿਆਪਕ ਸਿਰਜਣਹਾਰ ਪਰਮਾਤਮਾ। ਸੱਚੇ ਗੁਰਾਂ ਦੀ ਦਇਆ ਦੁਆਰਾ:

ਤੂੰ ਪ੍ਰਭੂ ਦੀ ਨਿੰਦਿਆ ਕਿਉਂ ਕਰਦਾ ਹੈ? ਤੂੰ ਬੇਸਮਝ ਅਤੇ ਕੁਰਾਹੇ ਪਿਆ ਹੋਇਆ ਹੈਂ।

ਦੁੱਖ ਅਤੇ ਖੁਸ਼ੀ ਤੁਹਾਡੇ ਆਪਣੇ ਕੰਮਾਂ ਦਾ ਨਤੀਜਾ ਹਨ।। ਰਹਾਓ।।

ਚੰਦਰਮਾ ਸ਼ਿਵ ਦੇ ਮੱਥੇ ਵਿਚ ਵਸਦਾ ਹੈ; ਇਹ ਗੰਗਾ ਵਿਚ ਆਪਣਾ ਸ਼ੁੱਧ ਇਸ਼ਨਾਨ ਕਰਦਾ ਹੈ।

ਚੰਦਰਮਾ ਦੇ ਪਰਿਵਾਰ ਦੇ ਪੁਰਸ਼ਾਂ ਵਿਚ, ਕ੍ਰਿਸ਼ਨ ਦਾ ਜਨਮ ਹੋਇਆ ਸੀ; ਤਾਂ ਵੀ ਇਸ ਦੇ ਪਿਛਲੇ ਕਰਮਾਂ ਦੇ ਦਾਗ ਚੰਦਰਮਾ ਦੇ ਚਿਹਰੇ 'ਤੇ ਰਹਿੰਦੇ ਹਨ।।1।।

ਅਰੁਣਾ ਸਾਥੀ ਸੀ; ਉਸ ਦਾ ਮਾਲਕ ਸੂਰਜ ਸੀ, ਸੰਸਾਰ ਦਾ ਦੀਵਾ, ਉਸ ਦਾ ਭਰਾ ਗਰੁੜ, ਪੰਛੀਆਂ ਦਾ ਰਾਜਾਸੀ, ਅਤੇ ਫਿਰ ਵੀ ਅਰੁਣਾ ਨੂੰ ਉਸ ਦੇ ਪਿਛਲੇ ਕੰਮਾਂ ਦੇ ਕਰਮਾਂ ਕਾਰਨ ਅਪਾਹਜ ਬਣਾ ਦਿੱਤਾ ਗਿਆ ਸੀ।।2।।

ਸ਼ਿਵ, ਅਣਗਿਣਤ ਪਾਪਾਂ ਦਾ ਨਾਸ਼ ਕਰਨ ਵਾਲਾ, ਤਿੰਨਾਂ ਜਹਾਨਾਂ ਦਾ ਸੁਆਮੀ ਅਤੇ ਮਾਲਕ, ਪਵਿੱਤਰ ਅਸਥਾਨ ਤੋਂ ਪਵਿੱਤਰ ਅਸਥਾਨ ਤੱਕ ਭਟਕਦਾ ਹੈ; ਉਸ ਨੇ ਕਦੇ ਵੀ ਉਨ੍ਹਾਂ ਦਾ ਅੰਤ ਨਹੀਂ ਪਾਇਆ ਅਤੇ ਫਿਰ ਵੀ ਉਹ ਬ੍ਰਹਮਾ ਦਾ ਸਿਰ ਵੱਢਣ ਦੇ ਕਰਮ ਨੂੰ ਮਿਟਾ ਨਹੀਂ ਸਕਿਆ।।3।।

ਅੰਮ੍ਰਿਤ ਦੁਆਰਾ, ਚੰਦਰਮਾ, ਇੱਛਾ ਪੂਰੀ ਕਰਨ ਵਾਲੀ ਗਾਂ, ਲਕਸ਼ਮੀ, ਜੀਵਨ ਦਾ ਕਰਾਮਾਤੀ ਰੁੱਖ, ਸਿਖਰ ਸੂਰਜ ਦਾ ਘੋੜਾ ਅਤੇ ਧਨਵੰਤਰ ਬੁੱਧੀਮਾਨ ਹਕੀਮ-ਸਾਰੇ ਸਮੁੰਦਰ ਤੋਂ ਪੈਦਾ ਹੋਏ, ਨਦੀਆਂ ਦੇ ਮਾਲਕ; ਅਤੇ ਫਿਰ ਵੀ, ਉਹ ਬ੍ਰਹਮਾ ਦੇ ਸਿਰ ਵੱਢਣ ਦੇ ਕਰਮ ਨੂੰ ਮਿਟਾ ਨਹੀਂ ਸਕਿਆ।।3।।

ਹਨੂੰਮਾਨ ਨੇ ਸ੍ਰੀਲੰਕਾ ਦੇ ਕਿਲ੍ਹੇ ਨੂੰ ਸਾੜ ਦਿੱਤਾ, ਰਾਵਣ ਦੇ ਬਾਗ ਨੂੰ ਉਖਾੜ ਦਿੱਤਾ ਅਤੇ ਭਗਵਾਨ ਰਾਮਾ ਨੂੰ ਪ੍ਰਸੰਨ ਕਰਦੇ ਹੋਏ ਲਛਮਣ ਦੇ ਜ਼ਖਮਾਂ ਲਈ ਇਲਾਜ ਕਰਨ ਵਾਲੀਆਂ ਜੜ੍ਹੀ-ਬੂਟੀਆਂ ਲਿਆਏ ਅਤੇ ਫਿਰ ਵੀ, ਉਸ ਦੇ ਕਰਮਾਂ ਦੇ ਕਾਰਨ, ਉਹ ਆਪਣੇ ਕਮਰ ਦੇ ਕੱਪੜੇ ਤੋਂ ਛੁਟਕਾਰਾ ਨਹੀਂ ਪਾ ਸਕਿਆ।।5।।

ਪੂਰਬਲੇ ਕੀਤੇ ਕਰਮਾਂ ਨੂੰ ਮਿਟਾਇਆ ਨਹੀਂ ਜਾ ਸਕਦਾ, ਹੇ ਮੇਰੇ ਘਰ ਦੀ ਪਤਨੀ।ਇਸ ਲਈ ਮੈਂ ਸੁਆਮੀ ਦੇ ਨਾਮ ਦਾ ਉਚਾਰਨ ਕਰਦਾ ਹਾਂ।ਸੋ ਤ੍ਰਿਲੋਚਨ ਬੇਨਤੀ ਕਰਦਾ ਹੈ, ਪਿਆਰੇ ਪ੍ਰਭੂ।।6।।1।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਰਾਗ ਧਨਾਸਰੀ, ਅੰਗ 695)

ਤ੍ਰਿਲੋਚਨ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਮਨ ਲਿਖਤ ਅੰਗਾਂ (ਪੰਨਿਆਂ) 'ਤੇ ਦਰਜ ਹੈ:

(ਅੰਗ 92, ਅੰਗ 525 ਤੋਂ 526, ਅੰਗ 695)

ਸਤਿਗੁਰੂ ਤ੍ਰਿਲੋਚਨ ਜੀ ਦੇ ਉਕਤ ਤਿੰਨਾਂ ਪਦਿਆਂ ਵਿਚ, ਮੁੱਖ ਤੱਤ ਪ੍ਰਭੂ ਦੇ ਸਿਮਰਨ ਲਈ ਪ੍ਰੇਰਨਾ ਹੈ। ਚੰਗੇ ਕੰਮਾਂ ਦੀ ਪ੍ਰੇਰਨਾ ਹੈ, ਮਨੁੱਖੀ ਹਿਰਦਿਆਂ ਨੂੰ ਪ੍ਰੇਰਨਾ ਦੇਣ ਲਈ ਪੌਰਾਣਿਕ ਪਿਛੋਕੜ ਦੇ ਭਰਪੂਰ ਹਵਾਲੇ ਹਨ। ਇਹ ਖਾਸ ਤੌਰ 'ਤੇ ਜ਼ੋਰ ਦਿੱਤਾ ਹੈ। ਅੰਤ ਸਮੇਂ ਵੀ ਪ੍ਰਭੂ ਦੀ ਯਾਦ ਵਿਚ ਸਿਮਰਨ ਨਹੀਂ ਕਰੇਂਗਾ ਪਤਾ ਨਹੀਂ ਕਿਨ੍ਹਾਂ ਜੂਨਾਂ ਵਿਚ ਭਾਉਂਦਾ ਫਿਰੇਂਗਾ? ਦੰਭ ਦੀ ਨਿੰਦਿਆ ਕੀਤੀ ਹੈ। ਖਾਸ ਕਰਕੇ ਸੰਨਿਆਸੀ ਬਣਨ ਵਾਲਿਆਂ ਦੇ ਢੌਂਗ ਉੱਤੇ ਤਿੱਖੇ ਕਟਾਖਸ਼ ਕੀਤੇ ਹਨ।

ਸਤਿਗੁਰੂ ਤ੍ਰਿਲੋਚਨ ਜੀ ਸਤਿਗੁਰੂ ਨਾਮਦੇਵ ਜੀ ਦੇ ਸਾਥੀ ਸਨ। ਉਹ ਮਹਾਂਰਾਸ਼ਟ ਦੇ ਵਾਸੀ ਸਨ। ਸਤਿਗੁਰੂ ਨਾਮਦੇਵ ਜੀ ਦੀ ਬਾਣੀ ਵਿਚ ਤ੍ਰਿਲੋਚਨ ਜੀ ਨੂੰ ਤਿੰਨ ਥਾਵਾਂ ਉੱਤੇ ਸੰਬੋਧਨ ਕੀਤਾ ਗਿਆ ਹੈ:

ਕਰਤ ਨਾਮਦੇਊ ਸੁਨਹੁ ਤ੍ਰਿਲੋਚਨ ...।। (ਰਾਮਕਲੀ ਨਾਮਦੇਵ ਜੀ- ਅੰਗ 972)

ਨਾਮਾ ਕਹੈ ਤ੍ਰਿਲੋਚਨਾ ਮੁਖ ਤੇ ਰਾਮ ਸੰਮ੍ਹਾਲਿ।।

ਹਾਥ ਪਾਉ ਕਰਿ ਕਾਮੁ ਸਭੁ ਚੀਤ ਨਿਰੰਜਨ ਨਾਲਿ (ਸਲੋਕ ਕਬੀਰ ਜੀ- ਅੰਗ 1376)

ਤ੍ਰਿਲੋਚਨ ਜੀ ਦਾ ਭਗਤਾਂ ਦੇ ਰੂਪ ਵਿਚ 'ਸ੍ਰੀ ਗੁਰੂ ਗ੍ਰੰਥਸਾਹਿਬ ਜੀ' ਵਿਚ ਸਭ ਤੋਂ ਪਹਿਲਾਂ ਵਰਣਨ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ, ਫਿਰ ਗੁਰੂ ਅਰਜਨ ਦੇਵ ਜੀ ਨੇ ਵੀ ਕੀਤਾ ਹੈ:

ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨ ਅਉਜਾਤਿ ਰਵਿਦਾਸਿ ਚਮਮਿਆਰ ਚਮਈਆ।।

(ਬਿਲਾਵਲ ਮਹਲਾ 4- ਅੰਗ 835)

ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ।। (ਮਾਰੂ ਮਹਲਾ 4- ਅੰਗ 995)

ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ।। (ਮਹਲਾ 5, ਅੰਗ 498)

ਪੋਥੀਆਂ ਅਤੇ ਸਰਵਾਂਗੀ ਗ੍ਰੰਥ ਦੇ ਪਦੇ: ਤ੍ਰਿਲੋਚਨ ਜੀ ਦੀਆਂ ਕੁਝ ਰਚਨਾਵਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਉਪਰੰਤ 'ਪੋਥੀਆਂ' ਅਤੇ ਸਰਵਾਂਗੀ ਗ੍ਰੰਥ' ਵਿਚ ਵੀ ਮਿਲਦੀਆਂ ਹਨ, ਜੋ ਨਿਮਨ-ਲਿਖਤ ਅਨੁਸਾਰ ਹਨ:

ਤ੍ਰਿਲੋਚਨ ਜੀ ਦੇ ਨਾਮ ਹੇਠ ਇਕ ਪਦਾ ਰਾਮਕਲੀ ਰਾਗ ਅੰਦਰ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਵੀ ਦਰਜ ਮਿਲਦਾ ਹੈ:

'ਰਾਜਾ ਰਾਵਣ ਸੁਣੋ ਬੇਨਤੀ ਕਹੈ ਦਮੋਦਰਿ ਰਾਣੀ'।

ਇਸ ਪਦੇ ਵਿਚ ਰਾਮ ਭਗਤੀ ਦੀ ਭਾਵਨਾ ਹੈ, ਤ੍ਰਿਲੋਚਨ ਜੀ ਨੇ ਰਾਵਣ ਦੀ ਰਾਣੀ ਵੱਲੋਂ ਰਾਮਜੀ ਦੇ ਵਿਰੁੱਧ ਨਾ ਲੜਨ ਦੀ ਸਿੱਖਿਆ ਦਿੱਤੀ ਹੈ। 'ਆਦਿ ਬੀੜ' ਵਿਚ ਇਸ ਪਦੇ ਨੂੰ ਵੀ ਦਰਜ ਨਹੀਂ ਕੀਤਾ ਗਿਆ:

ਠਗਚੈ ਲਡੂ ਖਾਏ ਦੀਨੈ ਰੀ ਜਾਦਮ ਰਾਏ।।
ਜਹਿ ਬੀਠਲ ਤਤਜਉ ਰੀ ਬਹਿ ਨਾ ਮਾਇ।।2।।
ਲੋਹੇ ਕੇ ਸੰਗਲ ਪਾਏ ਤੋੜੇ ਰੀ ਬਣਚ ਘਾਏ।।
ਅਸਠੇਹ ਕੇ ਸੰਗਲ ਤਿਸ ਨਾ ਤੋੜੇ ਨ ਜਾਹੀ।।
ਬਦਿਤ ਤ੍ਰਿਲੋਚਨ ਗਹਿਓ ਹੈ ਉਜਲ ਠਾਉ।।
ਮੇਰਾ ਮਨ ਤੇਰੇ ਪਹਿਲਾਗੋ ਹੈਚ ਦੁਆਰ ਕੇ ਰਾਇ।।3।। (ਪਤਰਾ ਸਫਾ 160)

ਤ੍ਰਿਲੋਚਨ ਜੀ ਦੇ ਤਿੰਨ ਪਦੇ, ਦਾਦੂ ਪੰਥੀਆਂ ਦੇ 'ਸਰਬਾਂਗੀ' ਗ੍ਰੰਥ ਤੇ ਉਸ ਦੀਆਂ ਸ਼ਾਖਾਂ ਵਿਚ ਮਿਲਦੇ ਹਨ। ਰਾਮਕਲੀ ਰਾਗ ਦਾ ਪਦਾ ਨਿਮਨ ਲਿਖਤ ਅਨੁਸਾਰ ਹੈ;

ਸੁਣਿ ਹੋ ਰਾਜਾ ਅੰਧੂ ਬੋਲਯਾ, ਯਹ ਅਨੂਪਮ ਬਾਣੀ।।
ਨਿਰਗੁਣ ਨਾਰਿ ਸੋ ਨੇਹ ਕਰੰਤਾ, ਕਬ ਕੈ ਰੈਣਿ ਬਿਹਾਈ।। ਟੇਕ।।
ਪਾਣੀ ਮਾਹੇ ਆਬ ਲੀਕਾ ਥਲ, ਮੈਂ ਮਛਾਂ ਬਯਾਸਾ।।
ਕੁਵਾ ਕਾਵੈ ਹਿਰਣੀ ਬਯਾਹੀ, ਸਚਨ ਹਰਵਾ ਜਾਯਾ।।1।।
ਕੀੜੀ ਤੰਗੂਰ ਢੋਲੀ ਪਾੜਯੋ, ਹਿਰਣੀ ਚੀਤਾ ਮਾਰਿਯਾ।।
ਸੁਸੈ ਸਵਨ ਹਾਂਨੈ ਹਾਰਿ ਮਨਾਈ, ਗਾਯ ਬਾਦੂਲ ਬਿਡਾਰਿਆ।।2।।
ਏਕ ਗਾਇ ਨੌ ਬਾਛਾ ਜਾਣਾ, ਤ੍ਰੈ ਜਨ ਦੋਹਣ ਬੈਠਾ।।
ਤਿਨ ਆਂਗਲੜ ਤਜਿ ਬੈਸੰਤਾ, ਤ੍ਰਿਲੋਚਨ ਕੌਤਿਕ ਦੀਨਾ।।3।।
(ਸਰਬਾਂਗੀ ਸਫਾ 244, ਰਾਗ ਰਾਮਕਲੀ)

ਨਿਮਨ- ਲਿਖਤ ਪਦਾ ਸੋਰਠ ਰਾਗ ਵਿਚ ਹੈ:

ਸੰਖ ਚਕ੍ਰ ਗਦ ਪਦਮ ਆਂਵਧ ਜਾਂਕੈ ਸੋਸ ਸਯਾਮ ਜਦਯੋ ਸਾਹੀ ਰੇ।।

ਅੰਤਲੀ ਤੁਕ:

ਤ੍ਰਿਲੋਚਨ ਕੇ ਸੁਆਮੀ ਸਾਰੰਗ ਧਰ ਬੇਊਬਰਾ ਧਰ ਕੀ ਧਾਰੈ।।5।।9।। (ਸਫਾ 195)

ਇਸ ਪਦੇ ਵਿਚ ਮੁੱਖ ਪ੍ਰੇਰਨਾ ਹੈ:

ਏਥੇ ਸੰਸਾਰ ਵਿਚ ਤੇਰਾ ਕੁਝ ਨਹੀਂ, ਜਿਸ ਨੂੰ ਦੇਖ ਕੇ ਪ੍ਰਭੂ ਦੀ ਸੁਰਤ ਬਿਸਾਰੀ ਹੈ। ਕਿਉਂ ਮੰਦੇ ਕਰਮ, ਮੋਹ ਮਮਤਾ, ਘਰ ਦੇ ਪਿਆਰ ਦੇ ਬੋਝ ਲੱਦੀ ਫਿਰ ਰਿਹਾ ਹੈ? 'ਏਹੀ ਜੀਵ ਨਾ ਜੀਵਣਾ ਆਯ ਦੇਇ ਜੀਵਨ ਆਪੇ ਪਾਰੀ ਹੈ', ਇਸ ਪਦੇ ਦਾ ਭਾਵ, ਮਾਇਆ ਮੋਹ ਮਨ ਆਗਲੜਾ ਵਾਲਾ ਹੀ ਹੈ। ਪਾਠ ਇਸ ਤਰ੍ਹਾਂ ਹੈ:

ਤਾਪਿਆ ਨੌਦਿਆਂ ਜਾਮੋ ਸਾਚੋ ਰੇ, ਸਾਚ ਬਿਨਾ ਮਤੋ ਕਾਚੋ ਰੇ।।
ਲੋਦਿਯੈ ਆਯੋ ਲੋਦ ਕਰੰਤੋ, ਤਾਪਿਯਾ ਤੋ ਤਪਿ ਰਾਤੇ ਰੇ।। ਟੇਕ।।
ਕਹਾ ਤੇਰੀ ਧੁ ਨਹੀਂ ਕਹਾਂ ਤੇਰੀ ਸਾਬ ਕਹੀ, ਕੇ ਤੱ ਗਦੜੈ ਸੁਰਤਿ ਇਸਾਰੀਗੈ।।
ਤੈ ਤੇਰੀ ਕਾਪ ਕਉ ਲੈ ਗਯੋ, ਕੈ ਧਰਿ ਰੁਵਡੀ ਨਾਰੀ ਰੇ।।
ਦੋਇ ਜੀਵ ਤੂੰ ਨੈ ਜੀਵਤਾ ਆਯੋ, ਦੋਇ ਜੀਵ ਆਪੋ ਮਾਰੀ ਰੇ।।
ਚਾਰ ਕਾਪ ਤੂੰ ਨੇ ਆਛਾ ਆਪੋ, ਹੂੰ ਨਹੀਂ ਸਬ ਨਾਰੀ ਰੇ।।2।।
ਮੁਨਿ ਬ੍ਰਤ ਛਾਡਿ ਨੈਮ, ਤਾਪਿ ਯੋ ਬੋਲਯੋ, ਲੋਖਿਯੋ ਤਾ ਪਿਯੋ ਭਾਈ ਰੇ।।
ਸੰਖ ਚਕ੍ਰ, ਗਦਾ ਪਦਮ ਅਵਧ ਜਾ ਕੈ, ਸੋ ਸਯਾਵ ਜਦਯੋ ਸਾਹੀ ਰੇ।।3।।
ਡੂਗਰਾਂ ਪ੍ਰਵਤਾ ਲੋਧਿਯੋ ਪੁਲਾਣੇ, ਲੋਧਿ ਯੋ ਦੇਵ ਨਾ ਲਾਧੋ ਰੇ।।
ਕਪ ਕਾਢਿ ਗਲੈ ਛੇਕਿਵਾ ਲਾਗੋ, ਬਿਸਨ ਬਾਚਾ ਬਲੀ ਬਾਧੋ ਰੇ।।4।।
ਆਗੇ ਲੋਧਿ ਯੋ ਜਾਰ ਨਰਾਇਣ, ਤਾਪਿਯਾ ਬਾਨਿ ਪਹੁਤਾ ਰੇ।।
ਤ੍ਰਿਲੋਚਲ ਕੇ ਸਵਾਮੀ ਸਾਰੰਗਾਧਾਰ, ਬੇਉ ਬਰਾਬਰਿ ਕੀਤੇ ਰੇ।।5।।9।।(ਸਫਾ 194)

ਇਕ ਛੋਟਾ ਜਿਹਾ ਪਦਾ ਰਾਗ ਟੋਡੀ ਦੇ ਸਿਰਲੇਖ ਹੇਠਾਂ ਇਸ ਤਰ੍ਹਾਂ ਹੈ:

ਹਰਿ ਕੀ ਭਗਤਿ ਖੜਗ ਕੀ ਧਾਰਾ।।ਬਿਨ ਪ੍ਰਤੀਤ ਨ ਚੜਹਿ ਗਵਾਰਾ।। ਟੇਕ।।
ਜੈ ਦ੍ਰਿਸ਼ਟਿ ਸੁਸ਼ਟਿ ਯੋ ਯੇਕ ਚਿੱਤ ਆਤਮਾ, ਬੁਧਿ ਬਲ ਸਹਤ ਚਲੀ ਸਸਮਾ।।
ਪੰਚ ਮੇਲ ਸਾਧਿਸੀ ਨੋਦਵਾਰਾ, ਤਾਹਿ ਅਭੈ ਪਦ ਹਰਿ ਦਾਤਾਰਾ।।2।।
ਜੈ ਘਟਿ ਬਧਿ ਹੋਵੈ ਬਾਂਵ ਦਾਹਿਣੈ, ਤੋ ਚੁਕਸਿ ਕਲਾ ਨਾਧਿ ਯੋ ਭਣੈ।।3।।2।। (ਸਫਾ 117)

ਤ੍ਰਿਲੋਚਨ ਜੀ ਬਾਰੇ ਉਨ੍ਹਾਂ ਦੀ ਬਾਣੀ ਤੋਂ ਹੀ ਪ੍ਰਗਟ ਹੈ ਕਿ ਉਹ ਨਾਮਦੇਵ ਜੀ ਦੇ ਸਾਥੀ ਸਨ। ਮਹਾਰਾਸ਼ਟਰ ਦੇ ਸ਼ੋਲਾਪੁਰ ਜ਼ਿਲ੍ਹੇ ਦੇ ਬਾਰਸੀ ਪਿੰਡ ਆਪ ਜੀ ਦਾ ਜਨਮ ਨਗਰ ਦੱਸਿਆ ਜਾਂਦਾ ਹੈ ਸਤਿਗੁਰੂ ਰਵਿਦਾਸ ਜੀ ਨੇ ਹੋਰਨਾਂ ਭਗਤਾਂ ਵਾਂਗ ਤ੍ਰਿਲੋਚਨ ਜੀ ਨੂੰ ਪਰਮ ਪਦ ਉੱਤੇ ਪੁੱਜੇ ਹੋਏ ਮਹਾਂਪੁਰਸ਼ਾਂ ਵਿਚ ਗਿਣਿਆ ਹੈ:

ਨਾਮਦੇਵ, ਕਬੀਰੁ ਤ੍ਰਿਲੋਚਨ ਸਧਨਾਂ ਸੈਨੁ ਤਰੈ।।

ਭਾਈ ਗੁਰਦਾਸ ਜੀ ਨੇ ਆਪਣੀ ਭਗਤ ਮਾਲਾ ਰੂਪੀ ਵਾਰ ਦੀ ਦਸਵੀਂ ਤੇ ਬਾਰਵੀਂ ਪਾਉੜੀ ਵਿਚ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਗੂੜ੍ਹੀ ਸਾਂਝ ਦਰਸਾਈ ਹੈ। ਦੱਸਿਆ ਹੈ ਦੋਵੇਂ ਜਾਣੇ ਮਿਲ ਕੇ ਭਗਤੀ ਕਰਦੇ ਹੁੰਦੇ ਸਨ:

ਦਰਸਨ ਵੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨ ਆਵੈ।
ਭਗਤਿ ਕਰਨ ਮਿਲਿ ਦੁਇ ਜਣੇ ਨਾਮਦੇਉ ਹਰਿ ਚਲਿਤ ਸੁਣਾਵੈ।
ਮੇਰੀ ਭੀ ਕਰ ਬੇਨਤੀ ਦਰਸਨ ਦੇਖਾ ਜੇ ਤਿਸ ਭਾਵੈ।
ਠਾਕਰ ਜੀਨੋ ਪੁਛਿਓਸੁ ਦਰਸ਼ਨ ਕਿਵੈ ਤ੍ਰਿਲੋਚਨ ਪਾਵੈ।
ਹੱਸ ਕੇ ਠਾਕਰ ਬੋਲਿਆ ਨਾਮਦੇਉ ਨੌ ਕਹਿ ਸਮਝਾਵੈ।
ਹੱਥ ਨ ਪਾਵੇ ਭੇਟੁ ਸੋ ਤਬਿ ਤ੍ਰਿਲੋਚਨ ਮੈਂ ਮੁਹਿ ਲਾਵੈ।
ਹਉ ਅਧੀਨ ਹਾਂ ਭਗਤ ਦੇ ਪਹੁੰਚ ਨ ਹੰਘਾ ਭਗਤੀ ਦਾਵੈ।
ਹੋਏ ਵਿਚੋਲਾ ਆਣ ਮਿਲਾਵੈ। (ਭਾਈ ਗੁਰਦਾਸ ਜੀ, ਵਾਰ 10, ਪਾਉੜੀ 12)

ਗੋਸ਼ਟਿ ਸ੍ਰੀ ਨਾਮੇ ਤ੍ਰਿਲੋਚਨ ਕੀ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'ਵਿਚ ਦਰਜ ਬਾਣੀ 'ਚੋਂ ਸਤਿਗੁਰੂ ਨਾਮਦੇਵ ਜੀ ਅਤੇ ਸਤਿਗੁਰੂ ਤ੍ਰਿਲੋਚਨ ਜੀ ਦੀਆਂ ਪ੍ਰਸਪਰ ਸਾਂਝਾਂ ਦਾ ਉਲੇਖ ਹੈ। 'ਗੋਸ਼ਟਿ ਸ੍ਰੀ ਨਾਮੇ ਤ੍ਰਿਲੋਚਨ ਕੀ' ਇਕ ਪੁਰਾਤਨ ਲਿਖਤ ਹੈ।ਇਸ ਵਿਚ ਦੋਹਾਂ ਮਹਾਂਪੁਰਸ਼ਾਂ ਦੇ ਪ੍ਰਸ਼ਨ ਤੇ ਉਤਰਾਂ ਦੇ ਪ੍ਰਸੰਗਾਂ 'ਚ ਕਈ ਕਾਵਿ ਟੁਕੜੀਆਂ ਦਰਜ ਹਨ।ਇਹ ਗੋਸ਼ਟ ਕਾਫੀ ਵਿਸਥਾਰ 'ਚ ਚਲਦੀ ਹੈ। ਇਸ ਗੋਸ਼ਟ ਦੀ ਸ਼ੈਲੀ ਦਸਦੀ ਹੈ ਕਿ ਇਹ ਮਿਹਰਬਾਨ ਜੀ ਦੀ ਰਚਨਾ ਹੋ ਸਕਦੀ ਹੈ? ਬਾਣੀ ਦੀਆਂ ਤੁਕਾਂ ਉਨ੍ਹਾਂ ਬਾਣੀ ਦੇਨੇੜੇ-ਤੇੜੇ ਦੇ ਭਾਵਾਂ ਦੀਆਂ ਖੁਦ ਹੀ ਬਣਾਈਆਂ ਹਨ ਜਾਂ ਲਿਖਾਰੀਆਂ ਨੇ ਗਲਤ ਲਿਖ ਦਿੱਤੀਆਂ ਹਨ। ਮੁੱਖ ਭਾਵਾਂ ਦੀਆਂ ਤੁਕਾਂ ਸ਼ੁੱਧ ਰੂਪ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਮੌਜੂਦ ਹਨ।ਇਨ੍ਹਾਂ ਦੇ ਭਾਵ ਅਰਥ ਇਕੋ ਹੋ ਸਕਦੇ ਹਨ ਪਰ ਵਿਆਖਿਆ ਕਰਨ ਵਿਚ ਆਪੋ-ਆਪਣੀ ਬੌਧਿਕਤਾ ਦਾ ਫਰਕ ਹੋ ਸਕਦਾ ਹੈ। ਇਸ ਗੋਸ਼ਟਿ ਦੀਆਂ ਕੁਝ ਕਾਵਿ-ਟੁਕੜੀਆਂ ਵੰਨਗੀ ਵਜੋਂ ਨਿਮਨ-ਲਿਖਤ ਦਿੱਤੀਆਂ ਜਾ ਰਹੀਆਂ ਹਨ:

ਪ੍ਰਸ਼ਨ: ਤ੍ਰਿਲੋਚਨ ਜੀ: ਸੁਨੁ ਨਾਮਾ ਇਕ ਬੇਨਤੀ ਜਿ ਕਹੈ ਤ੍ਰਿ-ਲੋਚਨ ਮੀਤੁ।।
ਕਿਆ ਤੂ ਛੀਪਹਿ ਛਾਇਲਾ ਰਾਮ ਨਾ ਲਾਵਹਿ ਚੀਤਿ।।
ਉਤਰ: ਨਾਮਦੇਵ ਜੀ: ਨਾਮਾ ਕਹੈ ਤ੍ਰਿਲੋਚਨੈ ਤੂੰ ਖਣਿ ਖਣਿ ਰਾਮ ਸਭਾਲਿ।।
ਕਰ ਮੇਰੇ ਧੰਧਾ ਕਰਹਿ।। ਜੀਉ ਨਿਰੰਜਨ ਨਾਲਿ।।
ਨਾਮਦੇਵ ਜੀ: ਐਸੋ ਰਾਮਾ ਮੈ ਐਸੋ ਰੇ ਰਉ। ਨਾਮਛਾਡਿ ਚਿਤ੍ਰ ਆਨਤ ਨਾ ਫੇਰਾਉ।।1।।
ਨਾਦ ਭ੍ਰਮੇ ਜੈਸੇ ਮਿਰਗਾਏ।। ਉਇ ਤਉ ਪ੍ਰਾਨੰ ਤਜਹਿ।। ਉਨਿ ਕਾ ਧਿਆਨ ਨਾ ਜਾਏ।।
ਉਤਰ ਤ੍ਰਿਲੋਚਨ ਜੀ: ਜਿਉਂ ਸੀਨੇ ਹਰਤ ਪਸ਼ੁਆਰਾ ਤਿਸਕਾ ਪਰਮਾਰਥ।।
ਸੁਨ ਹੋ ਤ੍ਰਿਲੋਚਨਾ ਜਿਉ ਦੋ ਧੀਰਾ ਸੀਨੇ ਮੱਛੀ ਕਉ ਆਗਾਸ ਤੇ ਤਕਤਾ ਰੇਂ ਪਾਲੀ ਮਾਝਤੇ ਹੈ।
ਜਉ ਲਉ ਨਾਹੀ ਹਿਰਤਾ।। ਤਉ ਤਉ ਉਸ ਕਉ ਸਾਤਿ ਨਾ ਹੋਇ।।ਇਉ ਮੇਰਾ ਜੀਉ ਠਾਕਰ ਕੇ ਚਰਨ ਕਮਲ
ਉਰਹਤਾ ਹੈ।। ਅਵਹੁ ਕਿਸ ਕੀ ਨਿਆਈ।।
ਜਤ ਜਤ ਦੇਖਉ ਤਤ ਤਤ ਰਾਮਾ।।
ਹਰ ਕੇ ਚਰਨ ਸੇਵੇ ਚਿਤਿ ਨਾਮਾ।।4।।
(ਹਵਾਲਾ: ਪੂਰੀ ਗੋਸ਼ਟ ਲਈ ਪੜ੍ਹੋ ਗੋਸ਼ਟੀਆਂ ਸਫਾ 70, ਭਾਸ਼ਾ ਵਿਭਾਗ)।

ਸਤਿਗੁਰੁ ਤ੍ਰਿਲੋਚਨ ਜੀ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 'ਚ ਦਰਜ ਪਦਿਆਂ ਤੋਂ, ਤੇ ਉਨ੍ਹਾਂ ਦੀਆਂ ਹੋਰ ਬਾਹਰੀ ਪ੍ਰਾਪਤ ਰਚਨਾਵਾਂ ਜੋ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 'ਚ ਦਰਜ ਨਹੀਂ ਹਨ 'ਚੋਂ ਸਮੁੱਚੇ ਤੌਰ 'ਤੇ ਇਹੀ ਪ੍ਰੇਰਨਾ ਮਿਲਦੀ ਹੈ ਕਿ ਪ੍ਰਭੂ ਦਾ ਸਿਮਰਨ ਕਰੋ, ਆਪਣੇ ਜੀਅ ਨੂੰ ਸੁਖੀ ਬਣਾਉਣ ਲਈ ਚੰਗੇ ਕੰਮ ਕਰੋ। ਉਨ੍ਹਾਂ ਦੀ ਬਾਣੀ 'ਚ ਮਨੁੱਖੀ ਹਿਰਦਿਆਂ ਨੂੰ ਪ੍ਰੇਰਨਾ ਦੇਣ ਲਈ ਪੌਰਾਣਿਕ ਪਿਛੋਕੜ ਦੇ ਕਾਫੀ ਹਵਾਲੇ ਮਿਲਦੇ ਹਨ। ਇਸ 'ਤੇ ਉਨ੍ਹਾਂ ਨੇ ਕਾਫੀ ਜ਼ੋਰ ਦਿੱਤਾ ਹੈ।ਉਹ ਇਹ ਵੀ ਸੰਦੇਸ਼ ਦਿੰਦੇ ਹਨ ਕਿ ਹੇ!

ਮਾਨਵ ਜੇਕਰ ਤੂੰ ਜੀਵਨ ਦੇ ਅੰਤਮ ਸਮੇਂ ਭੀ ਪ੍ਰਭੂ ਦੀ ਯਾਦ 'ਚ ਸਿਮਰਨ ਨਹੀਂ ਕਰੇਂਗਾ ਤਾਂ ਪਤਾ ਨਹੀਂ ਕਿਨ੍ਹਾਂ ਜੂਨਾਂ ਵਿਚ ਭਾਉਂਦਾ ਫਿਰੇਂਗਾ? ਉਨ੍ਹਾਂ ਨੇ ਫਰੇਬ ਕਰਨ ਨੂੰ ਬੜੇ ਕਰੜੇ ਸ਼ਬਦਾਂ 'ਚ ਨਿੰਦਿਆ ਹੈ। ਖਾਸ ਕਰਕੇ ਉਨ੍ਹਾਂ ਵਿਅਕਤੀਆਂ ਨੂੰ ਆਪਣੀਆਂ ਰਚਨਾਵਾਂ ਵਿਚ ਨਿੰਦਿਆ ਹੈ, ਜੋ ਸੰਨਿਆਸੀ ਬਣਨ ਦਾ ਢੌਂਗ ਕਰਦੇ ਹਨ।

***

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਮੌਕੇ ਸਦਵਿਪ੍ਰ ਸਮਾਜ ਸੇਵਾ ਤੇ ਸਤਿਗੁਰੂ ਕਬੀਰ ਸੈਨਾ ਪੰਜਾਬ ਨੇ ਚਾਹ ਪਕੌੜਿਆਂ ਦਾ ਲੰਗਰ ਲਗਾਇਆ

**ਜਲੰਧਰ (ਜੇ. ਸਿੰਘ 'ਭਡਿਆਰ')-** ਸਤਿਗੁਰੂ ਸਵਾਮੀ ਸ੍ਰੀ ਕ੍ਰਿਸ਼ਨਾਨੰਦ ਜੀ ਮਹਾਰਾਜ ਦੀ ਚਰਨ ਪਾਦੁਕਾ ਦੀ ਆਰਤੀ ਤੇ ਭੋਗ ਲਗਾ ਕੇ ਸਦਵਿਪ੍ਰ ਸਮਾਜ ਸੇਵਾ ਪੰਜਾਬ ਤੇ ਸਤਿਗੁਰੂ ਕਬੀਰ ਸੈਨਾ ਪੰਜਾਬ ਦੇ ਸਾਂਝੇ ਸਹਿਯੋਗ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 25 ਦਸੰਬਰ ਦਿਨ ਐਤਵਾਰ ਨੂੰ ਬੀੜ ਖੇੜੀ ਗੁਜਰਾਂ ਪਾਰਕ ਮੇਨ ਰੋਡ ਸੂਲਰ, ਪਟਿਆਲਾ ਵਿਖੇ ਵਿਖੇ ਮਨਾਇਆ ਗਿਆ। ਇਸ ਦਿਹਾੜੇ ਮੌਕੇ ਚਾਹ ਬਰੈਡ ਪਕੜਿਆਂ ਦਾ ਲੰਗਰ ਲਗਾਇਆ ਗਿਆ। ਇਹ ਲੰਗਰ ਸਵੇਰੇ 10.00 ਵਜੇ ਤੋਂ ਸ਼ਾਮ 6.00 ਵਜੇ ਤੱਕ ਚੱਲਿਆ। ਲੰਗਰ ਦੀ ਸੇਵਾ ਵਿਚ ਪੰਜਾਬ ਦੇ ਪ੍ਰਧਾਨ ਰਜਿੰਦਰ ਮਿੱਤਲ ਯੂਵਾ ਪੰਜਾਬ ਦੇ ਪ੍ਰਧਾਨ ਹਿਮਾਂਸ਼ੂ ਮਿੱਤਲ, ਅਚਾਰੀਆ



ਸੰਜੀਵ ਭਾਂਬਰੀ, ਅਚਾਰੀਆ ਰਵਿੰਦਰ ਪੈਰਿਕ, ਕਬੀਰ ਸੈਨਾ ਦੇ ਪ੍ਰਧਾਨ ਮਹਾਤਮਾ ਸਿਧਾਰਥ, ਸਾਰੇ ਅਹੁਦੇਦਾਰ ਸਕੱਤਰ ਰਾਜਿੰਦਰ ਸ਼ਰਮਾ ਜੀ, ਖਜ਼ਾਨਚੀ ਹੰਸਰਾਜ ਜੀ, ਜਿੰਮੀ ਜੀ, ਕੁਲਵਿੰਦਰ ਸਿੰਘ ਜੀ, ਕਬੀਰ ਸੈਨਾ ਦੇ ਸਕੱਤਰ ਕੁਲਦੀਪ ਸਿੰਘ ਤੇ ਖਜ਼ਾਨਚੀ ਪ੍ਰੋਫੈਸਰ ਜਗਜੋਤ ਸਿੰਘ ਹਾਜ਼ਰ ਸਨ।

ਗੁਰਿੰਦਰ ਸਿੰਘ, ਹਰਪ੍ਰੀਤ ਸਿੰਘ ਸੁਨੀਲ ਪਾਸਵਾਨ, ਰਾਮਨਾਥ, ਰੋਹਿਤ ਮਿੱਤਲ ਨੇ ਸਾਬਕਾ ਸਰਪੰਚ ਗੁੱਜਰ ਖੇੜੀ ਸਰਦਾਰ ਤੇਜਾ ਸਿੰਘ, ਵਣ ਵਿਭਾਗ ਦੇ ਅਧਿਕਾਰੀ ਸਰਬਜੀਤ ਸਿੰਘ ਬੁੱਟਰ ਦਾ ਵਿਸ਼ੇਸ਼ ਧੰਨਵਾਦ ਕੀਤਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਭਾਰਤ ਵਿੱਚ ਕੰਨਿਆ ਪਾਠਸ਼ਾਲਾ ਖੋਲਣ ਵਾਲੀ ਪਹਿਲੀ ਮਹਿਲਾ ਅਧਿਆਪਕਾ, ਸਮਾਜ ਸੁਧਾਰਿਕਾ ਅਤੇ ਮਰਾਠੀ ਕਵਿਤਰੀਸਾਵਿਤਰੀ ਬਾਈ ਫੂਲੇ ਦੇ ਜਨਮ ਦਿਵਸ ਸਬੰਧੀ 03 ਜਨਵਰੀ 2023 ਲਈ ਵਿਸ਼ੇਸ਼



ਕੁਲਦੀਪ ਚੰਦ
91-9417563054

ਭਾਰਤ ਵਿੱਚ ਲੰਬਾ ਸਮਾਂ ਮਹਿਲਾਵਾਂ ਸਮਾਜਿਕ ਅਤੇ ਧਾਰਮਿਕ ਕੁਰਿਤੀਆਂ ਅਤੇ ਵਿਤਕਰੇ ਦਾ ਸ਼ਿਕਾਰ ਰਹੀਆਂ ਹਨ ਅਤੇ ਦਲਿਤ ਮਹਿਲਾਵਾਂ ਨੂੰ ਤਾਂ ਹੋਰ ਵੀ ਵੱਧ ਅੱਤਿਆਚਾਰਾਂ ਦਾ ਸ਼ਿਕਾਰ ਹੋਣਾ ਪਿਆ ਹੈ। ਭਾਰਤ ਵਿੱਚ ਮਹਿਲਾਵਾਂ ਨਾਲ ਹੋ ਰਹੇ ਇਸ ਵਿੱਤਕਰੇ ਨੂੰ ਖਤਮ ਕਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ ਹੈ ਜਿਨ੍ਹਾਂ ਵਿੱਚ ਰਾਜਾ ਰਾਮ ਮੋਹਨ ਰਾਏ, ਸਵਾਮੀ ਵਿਵੇਕਾਨੰਦ, ਦਇਆ ਨੰਦ ਸਰਸਵਤੀ, ਸਯੱਦ ਅਹਿਮਦ ਖ਼ਾਨ, ਪੰਡਿਤਾ ਰਮਾਬਾਈ, ਪੇਰੀਆਰ ਈ ਵੀ ਰਾਮਾਸਾਮੀ, ਜਯੋਤੀਬਾ ਫੂਲੇ , ਸਾਵਿੱਤਰੀ ਬਾਈ ਫੂਲੇ, ਡਾਕਟਰ ਭੀਮ ਰਾਓ ਅੰਬੇਡਕਰ ਆਦਿ ਦਾ ਵਿਸ਼ੇਸ਼ ਨਾਮ ਸ਼ਾਮਿਲ ਹਨ। ਇਨ੍ਹਾਂ ਸਮਾਜ ਸੁਧਾਰਕਾਂ ਵਿੱਚ ਪਹਿਲੀ ਮਹਿਲਾ ਅਧਿਆਪਕ ਸਾਵਿਤਰੀ ਬਾਈ ਫੂਲੇ ਦਾ ਨਾਮ ਵੀਸ਼ਾਮਿਲ ਹੈ। ਸਾਵਿਤਰੀ ਬਾਈ ਫੂਲੇ ਦਾ ਜਨਮ 03 ਜਨਵਰੀ 1831 ਨੂੰ ਹੋਇਆ ਸੀ। ਉਸ ਦੇ ਪਿਤਾ ਦਾ ਨਾਮ ਖੰਦੋਜੀ ਨੇਵਸੇ ਪਾਟਿਲ ਅਤੇ ਮਾਤਾ ਦਾ ਨਾਮ ਲਕਸ਼ਮੀ ਸੀ ਅਤੇ ਆਪ ਦਾ ਪਰਿਵਾਰ ਖੇਤੀਬਾੜੀ ਕਰਦਾ ਸੀ। ਉਹ ਪਰਿਵਾਰ ਦੀ ਸਭ ਤੋਂ ਵੱਡੀ ਧੀ ਸੀ। 1840 ਵਿੱਚ ਜਦੋਂ ਉਸਦੀ ਉਮਰ ਸਿਰਫ 09 ਸਾਲ ਦੀ ਸੀ ਦਾ ਵਿਆਹ ਤੇਰਾਂ ਸਾਲਾ ਜੋਤੀਬਾ ਫੂਲੇ ਨਾਲ ਹੋਇਆ ਸੀ। ਮਾਲੀ ਪਰਿਵਾਰ ਵਿੱਚੋਂ ਹੋਣ ਕਰਕੇ ਜਯੋਤੀ ਰਾਉ ਫੂਲੇ ਨੂੰ ਕਈ ਕੌੜੇ ਤਜਰਬੇ ਸਨ। ਵਿਆਹ ਤੋਂ ਬਾਦ ਉਹ ਅਪਣੇ ਪਤੀ ਨਾਲ ਪੂਨੇ ਆ ਗਈ। ਵਿਆਹ ਤੋਂ ਪਹਿਲਾਂ ਉਹ ਅਨਪੜ੍ਹ ਸੀ ਪਰ ਉਸਦੇ ਪਤੀ ਜੋਤੀਬਾ ਫੂਲੇ ਨੇ ਉਸਨੂੰ ਪੜ੍ਹਾਇਆ। ਉਸਨੇ ਪੂਨੇ ਅਤੇ ਅਹਿਮਦਨਗਰ ਵਿੱਚ ਅਧਿਆਪਕਾ ਦੀ ਟਰੇਨਿਗ ਲਈ ਅਤੇ ਇੱਕ ਯੋਗ ਅਧਿਆਪਕਾ ਬਣੀ। 03 ਜਨਵਰੀ 1848 ਨੂੰ ਪੂਨੇ ਵਿੱਚ ਉਸਨੇ ਅਪਣੇ ਪਤੀ ਨਾਲ ਮਿਲਕੇ ਵੱਖ ਵੱਖ ਜਾਤਾਂ ਦੀਆਂ 09 ਲੜਕੀਆਂ ਲਈ ਪਹਿਲਾ ਸਕੂਲ ਚਲਾਇਆ ਅਤੇ ਇੱਕ ਸਾਲ ਵਿੱਚ ਹੀ 05 ਸਕੂਲ ਖੋਲ ਦਿੱਤੇ। ਉਸ ਵੇਲੇ ਬਾਲ-ਵਿਆਹ ਪ੍ਰਥਾ, ਸਤੀ, ਲੜਕੀਆਂ ਨੂੰ ਜੰਮਦੇ ਹੀ ਮਾਰ ਦੇਣ, ਵਿਧਵਾ ਇਸਤਰੀ ਦੇ ਨਾਲ ਗੈਰ ਮਨੁੱਖੀ ਵਤੀਰਾ, ਬੇਮੇਲ ਵਿਆਹ, ਬਹੁਪਤਨੀ ਵਿਆਹ ਆਦਿ ਕੁਪ੍ਰਥਾਵਾਂ ਸਿਖਰ ਤੇ ਸਨ। ਉਸਨੇ ਨਾ ਸਿਰਫ਼ ਸਿੱਖਿਆ ਲਈ ਲੜਾਈ ਲੜੀ, ਸਗੋਂ ਉਨ੍ਹਾਂ ਨੇ ਦੇਸ਼ ਵਿੱਚ ਫੈਲੀਆਂ ਬੁਰਾਈਆਂ ਵਿਰੁੱਧ ਵੀ ਆਵਾਜ਼ ਉਠਾਈ। ਉਸਨੇ ਛੂਤ-ਛਾਤ, ਬਾਲ-ਵਿਆਹ, ਸਤੀ ਪ੍ਰਥਾ ਅਤੇ ਵਿਧਵਾ ਪੁਨਰ-ਵਿਆਹ ਦੀ ਮਨਾਹੀ ਵਰਗੀਆਂ ਬੁਰਾਈਆਂ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਵਿਰੁੱਧ ਲੜਦੀ ਰਹੀ। ਉਹ ਸਾਰੀ ਉਮਰ ਔਰਤਾਂ ਦੇ ਹੱਕਾਂ ਲਈ ਲੜਦੀ ਰਹੀ। ਉਸਨੇ ਮਹਿਲਾਵਾਂ ਦੇ ਅਧਿਕਾਰਾਂ ਅਤੇ ਸਿੱਖਿਆ ਸਬੰਧੀ ਬਹੁਤ ਸਾਰੇ ਮਹੱਤਵਪੂਰਨ ਕੰਮ ਕੀਤੇ। 1849 ਤੱਕ ਸਾਵਿਤਰੀ ਬਾਈ ਅਤੇ ਜੋਤੀਰਾਓ ਫੂਲੇ ਜੋਤੀਬਾ ਰਾਓ ਦੇ ਪਿਤਾ ਦੇ ਘਰ ਰਹਿ ਰਹੇ ਸਨ। ਉਨ੍ਹਾਂ ਦੇ ਇਸ ਸਮਾਜਿਕ ਅੰਦੋਲਨ ਦੇ ਵਿਰੋਧ ਨੂੰ ਵੇਖਕੇ 1849 ਵਿੱਚ ਜੋਤੀਬਾ ਰਾਓ ਦੇ ਪਿਤਾ ਨੇ ਉਨ੍ਹਾਂ ਨੂੰ ਅਪਣੇ ਘਰੋਂ ਕੱਢ ਦਿਤਾ ਕਿਉਂਕਿ ਉਨ੍ਹਾਂ ਦੇ ਇਹ ਸਮਾਜ ਸੁਧਾਰ ਦੇ ਕੰਮਾਂ ਨੂੰ ਸਮਾਜ ਵਿੱਚ ਮਾਨਤਾ ਨਹੀਂ ਸੀ। ਘਰ ਵਿਚੋਂ ਜਾਣ ਤੋਂ ਬਾਅਦ ਉਹ ਅਪਣੇ ਇੱਕ ਦੋਸਤ ਉਸਮਾਨ ਸ਼ੇਖ ਦੇ ਪਰਿਵਾਰ ਦੇ ਕੋਲ ਚਲੇ ਗਏ। ਉੱਥੇ ਹੀ ਸਾਵਿਤਰੀ ਬਾਈ ਫਾਤਿਮਾ ਬੇਗਮ ਸ਼ੇਖ ਨਾਂ ਦੀ ਕਰੀਬੀ ਦੋਸਤ ਅਤੇ ਸਹਿਯੋਗੀ ਨੂੰ ਮਿਲੀ ਜੋਕਿ ਪੜ੍ਹਨਾ ਲਿਖਣਾ ਜਾਣਦੀ ਸੀ ਅਤੇ ਉਸਦਾ ਭਰਾ ਉਸਮਾਨ ਜੋਕਿ ਜੋਤੀਬਾ ਦਾ ਦੋਸਤ ਸੀ ਨੇ ਫਾਤਿਮਾ ਨੂੰ ਅਧਿਆਪਕ ਸਿਖਲਾਈ ਕੋਰਸ ਕਰਨ ਲਈ ਉਤਸ਼ਾਹਿਤ ਕੀਤਾ ਸੀ। ਸਾਵਿੱਤਰੀ ਬਾਈ ਫੂਲੇ ਭਾਰਤ ਵਿੱਚ ਪਹਿਲੀ ਦਲਿਤ ਅਧਿਆਪਕਾ ਸੀ ਅਤੇ ਫਾਤਿਮਾ ਸ਼ੇਖ ਪਹਿਲੀ ਮੁਸਲਮਾਨ ਅਧਿਆਪਕਾ ਸੀ। ਫਾਤਿਮਾ ਅਤੇ ਸਾਵਿਤਰੀਬਾਈ ਨੇ 1849 ਵਿੱਚ ਘਰ ਵਿੱਚ ਹੀ ਇੱਕ ਸਕੂਲ ਖੋਲ੍ਹਿਆ। 1850 ਵਿੱਚ ਬਿਮਾਰੀ ਦੀ ਹਾਲਤ ਵਿੱਚ ਸਾਵਿੱਤਰੀ ਬਾਈ ਫੂਲੇ ਨੂੰ ਮਾਪਿਆਂ ਦੇ ਘਰ ਆਉਣਾ ਪਿਆ। ਇਥੋਂ ਲਿਖੇ ਖ਼ੱਤ ਵਿੱਚ ਪਹਿਲੀ ਚਿੰਤਾ ਫਾਤਿਮਾ ਬਾਰੇ ਹੈ, ਜਿਸ ਨੂੰ ਇਕੱਲੇ ਸਾਰਾ ਘਰ ਸੰਭਾਲਣਾ ਪੈਂਦਾ ਹੈ। ਇਥੇ ਹੀ ਭਰਾ ਨਾਲ ਤਿੱਖੀ ਵਿਚਾਰਧਾਰਕ ਝੜਪ ਹੁੰਦੀ ਹੈ।1850 ਦੇ ਦਹਾਕੇ ਵਿੱਚ ਸਾਵਿਤਰੀਬਾਈ ਅਤੇ ਜੋਤੀਬਾ ਰਾਓ ਫੂਲੇ ਨੇ ਦੋ ਵਿੱਦਿਅਕ ਟਰੱਸਟਾਂ ਦੀ ਸਥਾਪਨਾ ਕੀਤੀ। 1852 ਵਿੱਚ ਉਸ ਨੇ ਅਛੂਤ ਲੜਕੀਆਂ ਲਈ ਇੱਕ ਪਾਠਸ਼ਾਲਾ ਦੀ ਸਥਾਪਨਾ ਕੀਤੀ। ਉਸ ਨੇ ਮਹਿਲਾਵਾਂ ਲਈ ਵਿਧਵਾ ਵਿਆਹ ਕਰਵਾਉਣ, ਛੁਆਛਾਤ ਮਿਟਾਉਣ, ਔਰਤਾਂ ਦੀ ਮੁਕਤੀ ਅਤੇ ਦਲਿਤ ਔਰਤਾਂ ਨੂੰ ਸਿੱਖਿਅਤ ਕਰਨ ਲਈ ਜੋਰਦਾਰ ਸੰਘਰਸ਼ ਕੀਤਾ। ਸਾਲ 1852 ਵਿੱਚਤਿੰਨ ਸਕੂਲ ਚਲਾਏ ਗਏ ਸਨ। ਉਸੇ ਸਾਲ 16 ਨਵੰਬਰ ਨੂੰ ਬ੍ਰਿਟਿਸ਼ ਸਰਕਾਰ ਨੇ ਫੂਲੇ ਪਰਿਵਾਰ ਨੂੰ ਸਿੱਖਿਆ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਅਤੇ ਸਾਵਿਤਰੀਬਾਈ ਨੂੰ ਸਰਵੋਤਮ ਅਧਿਆਪਕ ਦਾ ਨਾਮ ਦਿੱਤਾ ਗਿਆ। ਉਸਨੇ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ, ਸਨਮਾਨ ਅਤੇ ਹੋਰ ਸਮਾਜਿਕ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਮਹਿਲਾ ਸੇਵਾ ਮੰਡਲ ਵੀ ਸ਼ੁਰੂ ਕੀਤਾ। ਉਹ ਵਿਧਵਾਵਾਂ ਦੇ ਵਾਲ ਕਟਵਾਉਣ ਦੀ ਮੌਜੂਦਾ ਪ੍ਰਥਾ ਦੇ ਵਿਰੋਧ ਵਿੱਚ ਮੁੰਬਈ ਅਤੇ ਪੂਨਾ ਵਿੱਚ ਨਾਈਆਂ ਦੀਆਂ ਹੜਤਾਲਾਂ ਦਾ ਆਯੋਜਨ ਕਰਨ ਵਿੱਚ ਸਫਲ ਰਹੀ। ਉਹ ਇੱਕ ਕਵਿਤਰੀ ਸੀ ਉਸ ਨੂੰ ਮਰਾਠੀ ਦੀ ਆਦਿ ਕਵਿਤਰੀ ਵਜੋਂ ਜਾਣਿਆ ਜਾਂਦਾ ਹੈ। ਸਾਵਿਤਰੀਬਾਈ ਨੇ ਉਸ ਦੌਰ ਵਿੱਚ ਕੰਮ ਕੀਤਾ ਜਦੋਂ ਧਾਰਮਿਕ ਅੰਧਵਿਸ਼ਵਾਸ, ਰੂੜੀਵਾਦ, ਛੂਆਛਾਤ, ਦਲਿਤਾਂ ਅਤੇ ਇਸਤਰੀਆਂ ਉੱਤੇ ਮਾਨਸਿਕ ਅਤੇ ਸਰੀਰਕ ਜ਼ੁਲਮ ਆਪਣੀ ਸਿਖਰ ਤੇ ਸੀ। ਇਹ ਆਪਣੇ ਆਪ ਵਿੱਚ ਇਕ ਉਦਾਹਰਣ ਹੈ ਕਿ 19ਵੀਂ ਸਦੀ ਦੇ ਅੱਧ ਵਿਚ ਜੋਤੀਬਾ ਰਾਓ ਫੂਲ ਨੇ ਅਪਣੀ ਪਤਨੀ ਸਾਵਿੱਤਰੀ ਬਾਈ ਫੂਲੇ ਨੂੰ ਪੜ੍ਹਾਇਆ ਅਤੇ ਅਧਿਆਪਕਾ ਦੇ ਅਹੁਦੇ ਤਕ ਪਹੁੰਚਾਇਆ। ਅਛੂਤਾਂ ਨੂੰ ਪੜ੍ਹਾਉਣ ਕਰਕੇ ਉਨ੍ਹਾਂ ਨੂੰ ਕਾਫੀ ਅੱਤਿਆਚਾਰ ਸਹਿਣੇ ਪਏ ਪਰ ਉਨ੍ਹਾਂ ਹੋਰ ਸਕੂਲਾਂ ਦੀ ਸ਼ੁਰੂਆਤ ਕੀਤੀ ਅਤੇ ਦਿਹਾੜੀਦਾਰ ਕਾਮਿਆਂ ਲਈ ਰਾਤ ਦਾ ਸਕੂਲ ਖੋਲ੍ਹਿਆ। ਉਨ੍ਹਾਂ ਨੇ ਵਿਧਵਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਆਸ਼ਰਮ ਬਣਾਇਆ। ਪਾਣੀ ਦੇ ਸ੍ਰੋਤ ਲਈ ਘਰ ਖੋਲ੍ਹ ਦਿੱਤਾ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਾਵਿਤਰੀ ਬਾਈ ਫੂਲੇ ਨੇ ਮਹਾਰਵਾੜਾ ਵਿਖੇ ਲੜਕੀਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਉਸ ਨੇ ਇੱਕ ਕ੍ਰਾਂਤੀਕਾਰੀ ਨਾਰੀਵਾਦੀ ਅਤੇ ਜੋਤੀ ਰਾਓ ਦੀ ਸਲਾਹਕਾਰ ਸਗੁਨਾਬਾਈ ਨਾਲ ਮਿਲਕੇਇਹ ਸਭ ਕੁੱਝ ਕੀਤਾ ਸੀ। 1851 ਦੇ ਅੰਤ ਤੱਕਸਾਵਿਤਰੀ ਬਾਈ ਅਤੇ ਜੋਤੀਬਾ ਰਾਓ ਫੂਲੇਪੂਨਾ ਵਿੱਚ ਲੜਕੀਆਂ ਲਈ ਤਿੰਨ ਵੱਖ-ਵੱਖ ਸਕੂਲ ਚਲਾ ਰਹੇ ਸਨ ਜਿਨ੍ਹਾਂ ਵਿੱਚ ਲਗਭਗ ਡੇਢ ਸੌ ਵਿਦਿਆਰਥੀ ਦਾਖਲ ਹੋਏ ਸਨ। ਜਨਵਰੀ 1848 ਤੋਂ ਲੈ ਕੇ 15 ਮਾਰਚ 1852 ਦੇ ਸਮੇਂ ਦੌਰਾਨ ਸਾਵਿਤਰੀਬਾਈ ਫੂਲੇ ਨੇ ਆਪਣੇ ਪਤੀ ਨਾਲ ਮਿਲ ਕੇ ਕੁੜੀਆਂ ਲਈ 18 ਸਕੂਲ ਖੋਲੇ। ਸਾਵਿਤਰੀਬਾਈ ਅਤੇ ਜੋਤੀਬਾ ਰਾਓ ਫੂਲੇ ਦੀ ਇਸ ਮੁਹਿੰਮ ਨੂੰ ਰੂੜ੍ਹੀਵਾਦੀ ਵਿਚਾਰਧ-ਾਰਾ ਵਾਲੇ ਸਥਾਨਕ ਲੋਕਾਂ ਦੇ ਕੱਟੜ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਹ ਅਕਸਰ ਇੱਕ ਵਾਧੂ ਸਾੜੀ ਲੈ ਕੇ ਆਪਣੇ ਸਕੂਲ ਜਾਂਦੀ ਸੀ ਕਿਉਂਕਿ ਰੂੜੀਵਾਦੀ ਵਿਰੋਧ ਕਰਨ ਵਾਲੇ ਵਿਅਕਤੀਆਂ ਦੁਆਰਾ ਪੱਥਰ, ਗੋਬਰ ਚਿੱਕੜ ਆਦਿ ਸੁੱਟਿਆ ਜਾਂਦਾ ਸੀ। ਉਨ੍ਹਾਂ ਨੂੰ ਸ਼ੂਦਰ ਵਰਗ ਨਾਲ ਸਬੰਧਿਤ ਹੋਣ ਕਾਰਨ ਪਾਖੰਡੀਆਂ ਦੇ ਸੱਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਪਰੰਤੂ ਉਨਾਂ ਨੇ ਅਪਣਾ ਅੰਦੋਲਨ ਜਾਰੀ ਰੱਖਿਆ। ਉਸਨੇ ਅੰਤਰ-ਜਾਤੀ ਵਿਆਹਾਂ ਨੂੰ ਉਤਸ਼ਾਹਿਤ ਕਰਨ ਲਈ ਕਈ ਕਦਮ ਚੁੱਕੇ ਅਤੇ ਅਪਣੇ ਪਤੀ ਨਾਲ ਮਿਲਕੇ 'ਸਤਿਆਸ਼ੋਧਕ ਸਮਾਜ' ਦੀ ਸਥਾਪਨਾ ਕੀਤੀ। ਉਹ ਬਿਨਾਂ ਪੁਜਾਰੀ ਅਤੇ ਦਾਜ ਦੇ ਵਿਆਹ ਦਾ ਪ੍ਰਬੰਧ ਕਰਦੇ ਸੀ। ਇੱਕ ਉੱਚ ਜਾਤੀ ਦੀ ਵਿਧਵਾ ਮਹਿਲਾ ਖੁਦਕੁਸ਼ੀ ਕਰਨ ਜਾ ਰਹੀ ਸੀ ਜਿਸਦਾ ਨਾਮ ਕਾਸ਼ੀਬਾਈ ਸੀ। ਕਾਸ਼ੀਬਾਈ ਗਰਭਵਤੀ ਸੀ ਅਤੇ ਉਹ ਲੋਕਾਂ ਦੇ ਗੁੱਸੇ ਤੋਂ ਡਰ ਕੇ ਆਤਮਹੱਤਿਆ ਕਰਨ ਵਾਲੀ ਸੀ ਪਰ ਸਾਬਿਤਰੀਬਾਈ ਨੇ ਉਸ ਨੂੰ ਇਹ ਭਿਆਨਕ ਕਦਮ ਚੁੱਕਣ ਤੋਂ ਰੋਕ ਦਿੱਤਾ। ਉਹ ਕਾਸ਼ੀਬਾਈ ਦੇ ਘਰ ਆਈ ਅਤੇ ਇੱਥੇ ਹੀ ਇੱਕ ਲੜਕੇ ਨੂੰ ਜਨਮ ਦਿਤਾ ਜਿਸਦਾ ਨਾਮ ਯਸ਼ਵੰਤ ਰੱਖਿਆ।1874 ਵਿੱਚ ਜੋਤੀਬਾ ਰਾਓ ਫੂਲੇ ਅਤੇ ਸਾਵਿਤਰੀ ਬਾਈ ਨੇ ਇਸ ਬੱਚੇ ਨੂੰ ਗੋਦ ਲਿਆ। ਇਹ ਗੋਦ ਲਿਆ ਪੁੱਤਰ ਯਸ਼ਵੰਤ ਰਾਓ ਵੱਡਾ ਹੋ ਕੇ ਡਾਕਟਰ ਬਣ ਗਿਆ। ਯਸ਼ਵੰਤ ਫੂਲੇ ਜੋ ਉਨ੍ਹਾਂ ਦਾ ਵਾਰਿਸ ਬਣਿਆ ਇਸੇ ਵਿਧਵਾ ਆਸ਼ਰਮ ਵਿੱਚ ਪੈਦਾ ਹੋਇਆ ਸੀ। 1890 ਵਿੱਚ ਉਸਦੇ ਪਤੀ ਜੋਤੀਬਾ ਰਾਓ ਫੂਲੇ ਦੀ ਮੌਤ ਹੋ ਗਈ ਅਤੇ ਉਸਨੇ ਆਪ ਅਪਣੇ ਪਤੀ ਦਾ ਸੰਸਕਾਰ ਕੀਤਾ। ਜੋਤੀਬਾ ਰਾਓ ਫੂਲੇ ਤੋਂ ਬਾਅਦ ਸਤਿਆਸ਼ੋਧਕ ਸਮਾਜ ਦਾ ਕੰਮ ਸਾਵਿੱਤਰੀ ਬਾਈ ਫੂਲੇ ਨੇ ਹੀ ਦੇਖਿਆ। ਸਾਵਿਤਰੀ ਬਾਈ ਅਤੇ ਉਸ ਦੇ ਗੋਦ ਲਏ ਪੁੱਤਰ ਯਸ਼ਵੰਤ ਨੇ 1897 ਵਿੱਚ ਪਲੇਗ ਦੀ ਮਹਾਂਮਾਰੀ ਨਾਲ ਪ੍ਰਭਾਵਿਤ ਲੋਕਾਂ ਦੇ ਇਲਾਜ ਲਈ ਇੱਕ ਕਲੀ-ਨਿਕ ਖੋਲ੍ਹਿਆ। ਪਲੇਗ ਦੇ ਮਰੀਜ਼ਾਂ ਦੀ ਦੇਖ ਰੇਖ ਕਰਦੀ ਉਹ ਆਪ ਵੀ ਪਲੇਗ ਦੀ ਗ੍ਰਿਫ਼ਤ ਵਿਚ ਆ ਗਈ ਅਤੇ 10 ਮਾਰਚ 1897 ਨੂੰ ਉਸ ਦੀ ਮੌਤ ਹੋਈ। ਉਸ ਨੇ ਔਰਤਾਂ ਦੀ ਸਮਾਜਿਕ ਸਥਿਤੀ ਤੇ ਕਈ ਕਵਿਤਾਵਾਂ ਲਿਖੀਆਂ ਅਤੇ ਉਨ੍ਹਾਂ ਦੀ ਭੈੜੀ ਸਥਿਤੀ ਲਈ ਜ਼ਿੰਮੇਦਾਰ ਧਰਮ, ਜਾਤੀ, ਅਤੇ ਪਿੱਤਰੀ ਸੱਤਾ ਤੇ ਤਿੱਖਾ ਹਮਲਾ ਕੀਤਾ। ਸਾਵਿੱਤਰੀ ਬਾਈ ਫੂਲੇ ਇੱਕ ਲੇਖਕ ਅਤੇ ਕਵੀ ਵੀ ਸੀ। ਦੋ ਕਾਵਿ-ਸੰਗ੍ਰਹਿ 'ਕਾਵਯਾ ਫੂਲੇ' ਅਤੇ ਦੂਸਰਾ ''ਬਾਵਨ ਕਾਸ਼ੀ ਸੁਬੋਧ ਰਤਨਾਕਰ' ਛਪੇ। ਪਹਿਲਾ ਕਾਵਿ-ਸੰਗ੍ਰਹਿ ਛਪਣ ਸਮੇਂ ਸਾਵਿੱਤਰੀ ਬਾਈ ਫੂਲੇ ਦੀ ਉਮਰ 23 ਸਾਲ ਸੀ। ਇਸ ਸੰਗ੍ਰਹਿ ਵਿੱਚ ਧਰਮ, ਧਰਮ ਸ਼ਾਸਤਰ, ਧਾਰਮਿਕ ਪਾਖੰਡਾਂ ਤੇ ਕੁਰੀਤੀਆਂ ਖਿਲਾਫ਼ ਲਿਖਿਆ ਗਿਆ ਹੈ। ਦੂਜਾ ਕਾਵਿ ਸੰਗ੍ਰਹਿ ਬਾਵਨਕਸ਼ੀ ਸੁਬੋਧ ਰਤਨਾਕਰ ਸਮੁੱਚੇ ਤੌਰ ਤੇ ਜਯੋਤੀ ਰਾਉ ਫੂਲੇ ਨੂੰ ਸਮਰਪਿਤ ਹੈ ਜਿਸ ਵਿੱਚ ਫੂਲੇ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਤੇ ਵਿਚਾਰਾਂ ਨੂੰ ਕਾਵਿ ਦਾ ਰੂਪ ਦਿੱਤਾ ਗਿਆ ਹੈ। ਸਾਵਿੱਤਰੀ ਬਾਈ ਫੂਲੇ ਦੀ ਸਾਰੀ ਰਚਨਾ ਮਰਾਠੀ ਵਿਚ ਹੈ। ਤਿੰਨ ਖ਼ੱਤ ਪੰਜਾਬੀ ਵਿੱਚ ਅਨੁਵਾਦ ਕਰਕੇ ਛਾਪੇ ਜਾ ਚੁੱਕੇ ਹਨ ਅਤੇ ਕਵਿਤਾਵਾਂ ਬਾਰੇ ਕੁਝ ਲੇਖ ਹਿੰਦੀ ਵਿਚ ਆਏ ਹਨ। ਇਸ ਸੰਗ੍ਰਹਿ ਵਿੱਚ ਧਰਮ, ਧਰਮ ਸ਼ਾਸਤਰ, ਧਾਰਮਿਕ ਪਾਖੰਡਾਂ ਤੇ ਕੁਰੀਤੀਆਂ ਖ਼ਿਲਾਫ਼ ਲਿਖਿਆ ਗਿਆ ਹੈ। ਸਾਵਿੱਤਰੀ ਬਾਈ ਫੂਲੇ ਦਾ ਨਾਅਰਾ ਸੀ 'ਜਾਗੋ, ਉਠੋ, ਪੜ੍ਹੋ', 'ਤੋੜ ਦਿਉ ਪਰੰਪਰਾਵਾਂ ਹੋਵੋ ਆਜ਼ਾਦ-ਨੀਂਦ ਤਿਆਗੋ, ਰਣਭੇਰੀ ਬਜਾਉ ਛੇਤੀ ਉਠੋ।' ਫੂਲੇ ਜੋੜੇ ਵੱਲੋਂ ਚਲਾਇਆ ਗਿਆ ਸਕੂਲ ਹਿਸਾਬ, ਸਾਇੰਸ ਤੇ ਸਮਾਜਿਕ ਵਿਗਿਆਨ ਦੀ ਸਿੱਖਿਆ ਵੀ ਦਿੰਦਾ ਸੀ, ਜਿਸ ਦੀ ਸਿੱਖਿਆ ਘਰਾਂ ਵਿੱਚ ਚਲਾਏ ਗਏ ਸਕੂਲਾਂ ਵਿੱਚ ਨਹੀਂ ਮਿਲਦੀ ਸੀ। ਉਹ ਵਿਧਵਾਵਾਂ ਲਈ ਆਸ਼ਰਮ ਵਿੱਚ ਉਨ੍ਹਾਂ ਦੇ ਬੱਚਿਆਂ ਨੂੰ ਸੰਭਾਲਦੀ ਸੀ। ਉਸਨੇ ਮਾਪਿਆਂ ਵਿੱਚ ਸਿੱਖਿਆ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਨਿਯਮਤ ਮਾਪੇ-ਅਧਿਆਪਕ ਮੀਟਿੰਗਾਂ ਦਾ ਆਯੋਜਨ ਕੀਤਾ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਨਿਯਮਤ ਤੌਰ ਤੇ ਸਕੂਲ ਭੇਜਣ। ਸਾਵਿਤਰੀ ਬਾਈ ਫੂਲੇ ਇੱਕ ਸਮਾਜ ਸੁਧਾਰਿਕਾ, ਇੱਕ ਅਧਿਆਪਿਕਾ ਅਤੇ ਕਵੀ ਸੀ ਜਿਸਨੇ 19ਵੀਂ ਸਦੀ ਵਿੱਚ ਮਹਿਲਾ ਸਿੱਖਿਆ, ਅਤੇ ਸ਼ਸ਼ਕਤੀਕਰਣ ਲਈ ਕੰਮ ਕੀਤਾ ਹੈ।




ਉਹ ਉਨ੍ਹਾਂ ਨੌਜਵਾਨ ਕੁੜੀਆਂ ਲਈ ਪ੍ਰੇਰਨਾ ਸਰੋਤ ਬਣੀ ਰਹੀ ਜਿਨ੍ਹਾਂ ਨੂੰ ਉਸਨੇ ਪੜ੍ਹਾਇਆ। ਉਨ੍ਹਾਂ ਨੂੰ ਲਿਖਣ ਅਤੇ ਪੇਂਟਿੰਗ ਵਰਗੀਆਂ ਗਤੀਵਿਧੀਆਂ ਕਰਨ ਲਈ ਪ੍ਰੇਰਿਤ ਕੀਤਾ। ਸਮਾਜ ਦੀਆਂ ਸਦੀਆਂ ਪੁਰਾਣੀਆਂ ਬੁਰਾਈਆਂ ਨੂੰ ਰੋਕਣ ਲਈ ਸਾਵਿਤਰੀਬਾਈ ਦੇ ਅਣਥੱਕ ਯਤਨ ਅਤੇ ਉਨ੍ਹਾਂ ਦੁਆਰਾ ਛੱਡੇ ਗਏ ਚੰਗੇ ਸੁਧਾਰਾਂ ਦੀ ਅਮੀਰ ਵਿਰਾਸਤ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ। 1983 ਵਿੱਚ ਪੁਣੇ ਸਿਟੀ ਕਾਰਪੋਰੇਸ਼ਨ ਦੁਆਰਾ ਉਸਦੇ ਸਨਮਾਨ ਵਿੱਚ ਇੱਕ ਯਾਦਗਾਰ ਬਣਾਈ ਗਈ ਸੀ। ਇੰਡੀਆ ਪੋਸਟ ਨੇ 10 ਮਾਰਚ 1998 ਨੂੰ ਉਸਦੇ ਸਨਮਾਨ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ।

2015 ਵਿੱਚ ਪੁਣੇ ਯੂਨੀਵਰਸਿਟੀ ਦਾ ਨਾਂ ਬਦਲ ਕੇ ਸਾਵਿਤਰੀਬਾਈ ਫੂਲੇ ਪੁਣੇ ਯੂਨੀਵਰਸਿਟੀ ਰੱਖਿਆ ਗਿਆ। ਉੱਤਰ ਪ੍ਰਦੇਸ ਵਿੱਚ ਵੀ ਸਰਕਾਰ ਦੁਆਰਾ ਬਣਾਏ ਗਏ ਪਾਰਕ ਵਿੱਚ ਸਾਵਿਤਰੀ ਬਾਈ ਫੂਲੇ ਦੇ ਬੁੱਤ ਲਗਾਏ ਗਏ ਹਨ। ਸਰਚ ਇੰਜਨ ਗੂਗਲ ਨੇ 3 ਜਨਵਰੀ 2017 ਨੂੰ ਗੂਗਲ ਡੂਡਲ ਨਾਲ 186ਵੀਂ ਜਯੰਤੀ ਮਨਾਈ।

ਮਹਾਰਾਸ਼ਟਰ ਵਿੱਚ ਮਹਿਲਾ ਸਮਾਜ ਸੁਧਾਰਕਾਂ ਨੂੰ ਸਾਵਿਤਰੀ ਬਾਈ ਫੂਲੇ ਪੁਰਸਕਾਰ ਦਿੱਤਾ ਜਾਂਦਾ ਹੈ। ਅੱਜ ਇਸ ਮਹਾਨ ਸੁਧਾਰਿਕਾ ਦੇ ਜਨਮ ਦਿਨ ਤੇ ਦੇਸ਼ ਵਿਦੇਸ਼ ਵਿੱਚ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾ ਰਹੀ ਹੈ।

# ਜਮਹੂਰੀ ਅਧਿਕਾਰ ਸਭਾ ਵੱਲੋਂ ਮਨੁੱਖੀ ਅਧਿਕਾਰਾਂ ਦੇ ਕੀਤੇ ਜਾ ਰਹੇ ਘਾਣ ਦੇ ਵਿਰੋਧ 'ਚ ਕਨਵੈਨਸ਼ਨ

**ਸੰਗਰੂਰ, (ਦਲਜੀਤ ਕੌਰ )-** ਦੇਸ਼ ਦੇ ਹਾਕਮਾਂ ਵੱਲੋਂ ਅਣ ਐਲਾਨੀ ਐਮਰਜੈਂਸੀ ਲਗਾ ਕੇ ਮਨੁੱਖੀ ਅਧਿਕਾਰਾਂ ਦੇ ਕੀਤੇ ਜਾ ਘਾਣ ਦੇ ਵਿਰੋਧ ਵਿਚ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਿਤ ਇੱਥੇ ਸਥਾਨਕ ਪ੍ਰਜਾਪਤ ਧਰਮਸ਼ਾਲਾ ਵਿਖੇ ਇਕ ਕਨਵੈਨਸ਼ਨ ਕੀਤੀ ਗਈ। ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜਿਲ੍ਹਾ ਇਕਾਈ ਸੰਗਰੂਰ ਵਲੋਂ ਕੀਤੀ ਇਸ ਕਨਵੈਨਸ਼ਨ ਦੀ ਪ੍ਰਧਾਨਗੀ ਸਭਾ ਦੇ ਸੂਬਾ ਪ੍ਰਧਾਨ ਪ੍ਰੋ. ਜਗਮੋਹਨ ਸਿੰਘ, ਜਿਲ੍ਹਾ ਪ੍ਰਧਾਨ ਸਵਰਨਜੀਤ ਸਿੰਘ, ਸੂਬਾ ਆਗੂ ਨਾਮਦੇਵ ਸਿੰਘ ਭੁਟਾਲ, ਵਿਸ਼ਵ ਕਾਂਤ ਅਤੇ ਜਿਲ੍ਹਾ ਆਗੂ ਜਗਰੂਪ ਸਿੰਘ ਵੱਲੋਂ ਕੀਤੀ ਗਈ।

ਵੱਖ-ਵੱਖ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ, ਮੈਬਰਾਂ ਅਤੇ ਸਭਾ ਦੇ ਕਾਰਕੁੰਨਾਂ ਨੂੰ ਜੀ ਆਇਆਂ ਕਹਿੰਦਿਆਂ ਸਭਾ ਦੇ ਜਿਲਾ ਪ੍ਰਧਾਨ ਸਵਰਨਜੀਤ ਸਿੰਘ ਨੇ ਇਹਨਾਂ ਦਿਨਾਂ ਦੀ ਇਤਿਹਾਸਕ ਮਹੱਤਤਾ ਬਾਰੇ ਦੱਸਿਆ ਅਤੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਹਿਬਜਾਂਦਿਆਂ ਵਲੋਂ ਸ਼ਹੀਦੀਆਂ ਦੇ ਕੇ ਜੁਲਮ ਵਿਰੁੱਧ ਲੜਨ ਦੀਆਂ ਲਾਸਾਨੀ ਕੁਰਬਾਨੀਆਂ ਦਾ ਸੁਨੇਹਾ ਅੱਜ ਵੀ ਰਾਹ ਦਰਸਾਵਾ ਹੈ। ਉਹਨਾਂ ਜਨਮ-ਦਿਨ ਉਪਰ ਸ਼ਹੀਦ ਊਧਮ ਸਿੰਘ ਨੂੰ ਯਾਦ ਕਰਦਿਆਂ ਉਹਨਾਂ ਵਲੋਂ ਅੰਗਰੇਜ ਹਾਕਮਾਂ ਵਲੋਂ ਲੋਕਾਂ ਦੀ ਜਮਹੂਰੀ ਆਜ਼ਾਦੀ ਕੁਚਲਣ ਲਈ ਬਣਾਏ ਜਾ ਰਹੇ ਕਾਨੂੰਨ ਖਿਲਾਫ ਸੰਘਰਸ਼ ਕਰ ਰਹੇ ਲੋਕਾਂ ਉਪਰ ਜਬਰ ਖਿਲਾਫ ਲੜਨ ਅਤੇ ਕੁਰਬਾਨ ਹੋਣ ਦੇ ਦੱਸੇ ਰਾਹ ਉਪਰ ਚਲਣ ਦਾ ਸੱਦਾ ਦਿੱਤਾ। ਉਹਨਾਂ ਕਿਹਾ ਹਾਕਮ ਭਾਵੇਂ ਮੁਗਲ ਹੋਣ ਜਾਂ ਪਹਾੜੀ ਰਾਜੇ, ਭਾਵੇਂ ਅੰਗਰੇਜ ਹੋਣ ਜਾਂ ਅੱਜ ਦੀ ਮੋਦੀ ਸ਼ਾਹ ਜੁੰਡਲੀ ਹੋਵੇ, ਇਹਨਾਂ ਦੀ ਖਸਲਤ ਦੇਸ਼ ਦੇ ਮਾਲ ਖਜਾਨਿਆਂ ਨੂੰ ਲੁਟਾਉਣ ਅਤੇ ਇਸ ਵਿਰੋਧ ਕਰਨ ਵਾਲੇ ਲੋਕਾਂ ਉਪਰ ਜਬਰ ਕਰਨ ਅਤੇ ਲੋਕਾਂ ਨੂੰ ਧਾਰਮਿਕ ਅਤੇ ਜਾਤ ਪਾਤੀ ਆਧਾਰ ਤੇ ਵੰਡ ਕੇ ਲੜ-ਾਉਣ ਸੰਬੰਧੀ ਲਈ ਇਕੋ ਜਿਹੀ ਹੀ ਹੈ। ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸਭਾ ਦੇ ਸੂਬਾ ਪ੍ਰਧਾਨ ਪ੍ਰੋ ਜਗਮੋਹਨ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਯੂ. ਐਨ. ਓ. ਦੇ ਮਨੁੱਖੀ ਅਧਿਕਾਰ ਚਾਰਟਰ ਨਾਲ ਆਪਣੀ ਬਚਨਵੱਧਤਾ ਦੀਆਂ ਧਜੀਆਂ ਉਡਾ ਰਹੀ ਹੈ। ਦੇਸ਼ ਵਿੱਚ ਐਮਰਜੈਂਸੀ ਦੇ ਹਾਲਾਤ ਪੈਦਾ ਕਰਕੇ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਦਾ ਫਾਸ਼ੀਵਾਦੀਕਰਨ ਕਰ ਦਿੱਤਾ ਹੈ। ਹਰ ਵਿਰੋਧੀ ਆਵਾਜ ਨੂੰ ਦੇਸ਼ ਧ੍ਰੋਹੀ, ਕੌਮੀ ਸੁਰੱਖਿਆ ਐਕਟ, ਯੂ ਏ ਪੀ ਏ, ਲਗਾ ਕੇ ਸਾਲਾਂ ਬੱਧੀ ਜੇਲਾਂ ਵਿਚ ਬੰਦ ਕੀਤਾ ਗਿਆ ਹੈ। ਸਰਕਾਰ ਨੂੰ ਸਵਾਲ ਕਰਨ ਵਾਲੇ ਪੱਤਰਕਾਰਾਂ ਲੇਖਕਾਂ ਅਤੇ ਬੁਧੀਜੀਵੀਆਂ ਨੂੰ ਆਈ. ਟੀ. ਸੈਲ ਦੇ ਤਨਖਾਹਦਾਰ ਕਾਰਕੁੰਨਾਂ ਵਲੋਂ ਗਾਲ੍ਹਾਂ ਕੱਢਣ, ਧਮਕੀਆਂ ਦੇਣ, ਭੀੜਾਂ ਰਾਹੀਂ ਕਟਵਾਉਣ ਅਤੇ ਮਰਵਾਉਣ ਦਾ ਵਰਤਾਰਾ ਲਗਾਤਾਰ ਜਾਰੀ ਹੈ। ਲੋਕਾਂ ਦੇ ਅਸਲ ਮੁਦਿਆਂ ਵੱਲ ਸੇਧਤ ਹੋਣ ਦੀ ਥਾਂ ਲੋਕਾਂ ਨੂੰ ਧਰਮਾਂ ਜਾਤਾਂ ਇਲਾਕਿਆਂ ਵਿਚ ਵੰਡ ਕੇ ਉਨ੍ਹਾਂ ਨੂੰ ਭਰਾ ਮਾਰੂ ਜੰਗ ਵਿਚ ਉਲਝਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਲੋਕਾਂ ਨੂੰ ਜਮਾਤੀ ਲੜਾਈ ਵਿਚ ਪਾ ਕੇ ਹੀ ਇਸ ਵਰਤਾਰੇ ਨੂੰ ਰੋਕਿਆ ਜਾ ਸਕਦਾ ਹੈ। ਸਭਾ ਦੇ ਸੂਬਾ ਆਗੂ ਨਾਮਦੇਵ ਸਿੰਘ ਭੁਟਾਲ ਨੇ ਕਿਹਾ ਕਿ ਤੀਸਤਾ ਸੀਤਲਵਾੜ ਅਤੇ ਹਿਮਾਂਸ਼ੂ ਕੁਮਾਰ ਖਿਲਾਫ ਸੁਪਰੀਮ ਕੋਰਟ ਵਲੋਂ ਦਿੱਤੇ ਗਏ ਫੈਸਲਿਆਂ ਨੇ ਦੇਸ਼ ਦੇ ਅਦਾਲਤੀ ਢਾਂਚੇ ਦੀ ਵੀ ਪੋਲ ਖੋਲ੍ਹ ਦਿੱਤੀ ਹੈ। ਸੰਵਿਧਾਨਕ ਸੰਸਥਾਵਾਂ ਨੂੰ ਬਚਾਉਣ ਲਈ ਲੋਕਾਂ ਨੂੰ ਚੇਤਨ ਕਰਨਾ ਸਮੇਂ ਦੀ ਮੁੱਖ ਲੋੜ ਹੈ। ਕਨਵੈਨਸ਼ਨ ਵਿੱਚ ਤਰਕਸ਼ੀਲ ਸੁਸਾਇਟੀ ਦੇ ਆਗੂ ਮਾਸਟਰ ਪਰਮਵੇਦ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨਾਂ ਦੇ ਆਗੂ ਪ੍ਰਗਟ ਸਿੰਘ ਕਾਲਾਝਾੜ ਅਤੇ ਧਰਮ ਪਾਲ ਨਮੋਲ, ਡੈਮੋਕ੍ਰੇਟਿਕ ਟੀਚਰਜ ਫਰੰਟ ਦੇ ਆਗੂ ਬਲਵੀਰ ਚੰਦ ਲੌਂਗੋਵਾਲ, ਜਮਹੂਰੀ ਕਿਸਾਨ ਸਭਾ ਦੇ ਆਗੂ ਊਧਮ ਸਿੰਘ ਸੰਤੋਖਪੁਰਾ ਅਤੇ ਲਛਮਣ ਅਲੀਸ਼ੇਰ, ਊਧਮ ਸਿੰਘ ਵਿਚਾਰ ਮੰਚ ਦੇ ਆਗੂ ਰਾਕੇਸ਼ ਕੁਮਾਰ ਸੁਨਾਮ, ਪੀ ਐਸ ਯੂ ਦੇ ਆਗੂ ਸੁਖਦੀਪ ਹਥਨ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਆਗੂ ਕੁਲਦੀਪ ਜੋਸ਼ੀ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਦਰਸ਼ਨ ਸਿੰਘ ਕੁਨਰਾਂ, ਡੈਮੋਕ੍ਰੇਟਿਕ ਟੀਚਰਜ ਫਰੰਟ ਦੇ ਆਗੂ ਰਘਵੀਰ ਸਿੰਘ ਭਵਾਨੀਗੜ੍ਹ ਅਤੇ ਅਮਨ ਵਸ਼ਿਸ਼ਟ, ਮਾਲਵਾ ਲਿਖਾਰੀ ਸਭਾ ਦੇ ਆਗੂ ਕਰਮ ਸਿੰਘ ਜ਼ਖ਼ਮੀਂ, ਤੋ ਇਲਾਵਾ ਵੱਡੀ ਗਿਣਤੀ ਵਿਚ ਮਜਦੂਰ ਕਿਸਾਨ ਵਿਦਿਆਰਥੀ ਅਤੇ ਇਨਸਾਫ਼ ਪਸੰਦ ਵਿਆਕਤੀ ਸ਼ਾਮਲ ਸਨ।



# ਭਾਰਤ ਸਰਕਾਰ ਵਲੋਂ 22 ਦਸੰਬਰ ਨੂੰ ਮਸ਼ਹੂਰ ਭਾਰਤੀ ਗਣਿਤ ਸ਼ਾਸਤਰੀ ਸ਼੍ਰੀਨਿਵਾਸ ਰਾਮਾਨੁਜਨ ਦੇ ਜਨਮ ਦਿਨ ਨੂੰ ਰਾਸ਼ਟਰੀ ਗਣਿਤ ਦਿਵਸ ਵਜੋਂ ਮਨਾਇਆ ਜਾਂਦਾ ਹੈ

ਭਾਰਤ ਵਿੱਚ ਮਸ਼ਹੂਰ ਭਾਰਤੀ ਗਣਿਤ-ਸ਼ਾਸਤਰੀ ਸ਼੍ਰੀਨਿਵਾਸ ਰਾਮਾਨੁਜਨ ਦੀ ਜਨਮ ਮਿਤੀ 22 ਦਸੰਬਰ ਨੂੰ ਰਾਸ਼ਟਰੀ ਗਣਿਤ ਦਿਵਸ ਮਨਾਇਆ ਜਾਂਦਾ ਹੈ। ਭਾਰਤ ਵਿੱਚ ਬਹੁਤ ਸਾਰੇ ਵਿਗਿਆਨੀ ਅਤੇ ਗਣਿਤ ਵਿਗਿਆਨੀ ਪੈਦਾ ਹੋਏ ਹਨ ਜਿਹਨਾਂ ਨੇ ਭਾਰਤ ਨੂੰ ਵਿਸ਼ਵ ਪੱਧਰ ਤੇ ਨਵੀਂ ਉਚਾਈ ਤੇ ਲਿਜਾਣ ਦਾ ਕੰਮ ਕੀਤਾ ਹੈ। ਭਾਰਤ ਅਤੇ ਗਣਿਤ ਦਾ ਰਿਸ਼ਤਾ ਪ੍ਰਾਚੀਨ ਕਾਲ ਤੋਂ ਹੀ ਬਹੁਤ ਅਟੁੱਟ ਰਿਹਾ ਹੈ ਕਿਉਂਕਿ ਭਾਰਤ ਇੱਕ ਅਜਿਹਾ ਦੇਸ਼ ਹੈ ਜਿਸ ਨੇ ਪੂਰੀ ਦੁਨੀਆ ਨੂੰ ਗਣਿਤ ਦੀਆਂ ਸਭ ਤੋਂ ਮਹੱਤਵਪੂਰਨ ਸੰਖਿਆਵਾਂ ਜਿਵੇਂ ਜ਼ੀਰੋ, ਨੈਗੇਟਿਵ ਨੰਬਰ, ਡੈਸੀਮਲ ਸਿਸਟਮ, ਅਲਜਬਰਾ, ਤਿਕੋਣਮਿਤੀ ਬਾਰੇ ਜਾਣੂ ਕਰਵਾਇਆ ਸੀ। ਬ੍ਰਹਮਗੁਪਤ, ਆਰੀਆਭੱਟ ਅਤੇ ਸ਼੍ਰੀਨਿਵਾਸ ਰਾਮਾਨੁਜਨ ਵਰਗੇ ਕਈ ਮਹਾਨ ਗਣਿਤ ਵਿਗਿਆਨੀ ਭਾਰਤ ਦੀ ਇਸ ਪਵਿੱਤਰ ਧਰਤੀ ਤੇ ਹੀ ਪੈਦਾ ਹੋਏ ਹਨ ਜਿਨਖ਼ਾਂ ਨੇ ਗਣਿਤ ਦੇ ਕਈ ਫਾਰਮੂਲਿਆਂ ਅਤੇ ਸਿਧਾਂਤਾਂ ਨੂੰ ਵਿਕਸਤ ਕਰਨ ਅਤੇ ਉਹਨਾਂ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਬਿਨਾਂ ਰਸਮੀ ਡਿਗਰੀ ਦੇ ਰਾਮਾਨੁਜਨ ਨੇ ਭੁੱਖਮਰੀ ਤੇ ਗਰੀਬੀ ਵਿਚ ਰਹਿੰਦੇ ਹੋਏ ਆਪਣੇ ਤੌਰ ਤੇ ਗਣਿਤ ਵਿਚ ਖੋਜ ਕੀਤੀ। ਉਸਦੀ ਸੱਖਤ ਮਿਹਨਤ ਅਤੇ ਜਨੂੰਨ ਨੇ ਉਸਨੂੰ ਉਸਦੇ ਖਰਾਬ ਹਾਲਤਾਂ ਦੀ ਪਰਵਾਹ ਕੀਤੇ ਬਿਨਾਂ ਅੱਜ ਸਭ ਤੋਂ ਵੱਧ ਮਾਨਤਾ ਪ੍ਰਾਪਤ ਗਣਿਤ ਵਿਗਿਆਨੀਆਂ ਵਿੱਚੋਂ ਇੱਕ ਬਣਨ ਵਿੱਚ ਮਦਦ ਕੀਤੀ। ਰਾਮਾਨੁਜਨ ਨੇ ਆਪਣੇ ਛੋਟੇ ਜੀਵਨ ਕਾਲ ਦੌਰਾਨ ਆਪਣੇ ਫਾਰਮੂਲਿਅ ਅਤੇ ਸਿਧਾਂਤਾਂ ਦੁਆਰਾ ਗਣਿਤ ਦੇ ਖੇਤਰ ਵਿੱਚ ਸ਼ਲਾਘਾਯੋਗ ਪ੍ਰਭਾਵ ਪਾਇਆ ਸੀ। ਇਸ ਮਹਾਨ ਗਣਿਤ-ਸ਼ਾਸਤਰੀ ਨੂੰ ਸ਼ਰਧਾਂਜਲੀ ਵਜੋਂ, ਨੈਸ਼ਨਲ ਕੌਂਸਲ ਆਫ਼ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ, ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਭਾਰਤ ਸਰਕਾਰ ਨੇ 2012 ਤੋਂ ਹਰ ਸਾਲ ਰਾਮਾਨੁਜਨ ਦੇ ਜਨਮਦਿਵਸ ਨੂੰ ਮਨਾਉਣ ਦਾ ਫੈਸਲਾ ਕੀਤਾ ਹੈ।ਭਾਰਤੀ ਗਣਿਤ-ਸ਼ਾਸਤਰੀ ਸ਼੍ਰੀਨਿਵਾਸ ਰਾਮਾਨੁਜਨ ਦਾ ਜਨਮ 22 ਦਸੰਬਰ, 1887 ਨੂੰ ਇਰੋਡ ਤਾਮਿਲਨਾਡੂ ਭਾਰਤ ਵਿੱਚ ਹੋਇਆ ਸੀ ਅਤੇ 26 ਅਪ੍ਰੈਲ, 1920 ਨੂੰ ਕੁੰਭਨਮ ਵਿਖੇ ਮੌਤ ਹੋ ਗਈ ਸੀ। ਉਸਦਾ ਪਰਿਵਾਰ ਬਹੁਤ ਹੀ ਗਰੀਬ ਸੀ ਅਤੇ ਉਸ ਨੂੰ ਅਪਣੀ ਸਿੱਖਿਆ ਲਈ ਬਹੁਤ ਸੱਖਤ ਮਿਹਨਤ ਕਰਨੀ ਪਈ। ਉਸਨੇ12 ਸਾਲ ਦੀ ਉਮਰ ਵਿੱਚਤ੍ਰਿਕੋਣਮਿਤੀ ਵਿੱਚ ਗਿਆਨ ਪ੍ਰਾਪਤ ਕੀਤਾ ਸੀ ਅਤੇ ਕਿਸੇ ਦੀ ਮੱਦਦ ਤੋਂ ਬਿਨਾਂ ਆਪਣੇ ਵਿਚਾਰ ਵਿਕਸਿਤ ਕੀਤੇ ਸਨ। ਸਿਰਫ 15 ਸਾਲ ਦੀ ਉਮਰ ਵਿੱਚ ਉਸਨੇ ਸ਼ੁੱਧ ਅਤੇ ਲਾਗੂ ਗਣਿਤ ਵਿੱਚ ਐਲੀਮੈਂਟਰੀ ਨਤੀਜਿਆਂ ਦੇ ਜਾਰਜ ਸ਼ੋਬ੍ਰਿਜ ਕੇਰ ਦੇ ਸੰਖੇਪ ਦੀ ਇੱਕ ਕਾਪੀ ਪ੍ਰਾਪਤ ਕੀਤੀ। ਇੱਕ ਅੰਗਰੇਜ਼ ਨੇ ਉਸ ਦੀਆਂ ਲਿੱਖਤਾਂ ਨੂੰ ਦੇਖਿਆ ਅਤੇ ਉਹ ਉਹਨਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੂੰ ਆਕਸਫੋਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਕੋਲ ਪੜਖ਼ਨ ਲਈ ਭੇਜਿਆ। ਫਿਰ ਰਾਮਾਨੁਜਨ ਨੇ ਆਪਣੇ ਅੰਦਰ ਛੁਪੀ ਪ੍ਰਤਿਭਾ ਨੂੰ ਪਛਾਣਿਆ ਅਤੇ ਉਸ ਤੋਂ ਬਾਅਦ ਉਸ ਨੂੰ ਵਿਸ਼ਵ ਭਰ ਵਿਚ ਪ੍ਰਸਿੱਧੀ ਮਿਲੀ। ਰਾਸ਼ਟਰੀ ਗਣਿਤ ਦਿਵਸ ਮਨਾਉਣ ਦਾ ਮੁੱਖ ਮੰਤਬ ਇਹਨਾਂ ਦੁਆਰਾ ਕੀਤੇ ਗਏ ਕੰਮਾਂ ਨੂੰ ਪ੍ਰੇਰਨਾ ਸਰੋਤ ਵਜੋਂ ਵਰਤਣਾ ਅਤੇ ਗੌਰਵਮਈ ਇਤਿਹਾਸ ਨੂੰ ਅੱਗੇ ਲਿਜਾਉਣਾ ਹੈ। ਗਣਿਤ ਸ਼ਾਸਤਰੀ ਸ਼੍ਰੀਨਿਵਾਸ ਰਾਮਾਨੁਜਨ ਦਾ ਜੀਵਨ ਅੱਜ ਦੀ ਨੌਜਵਾਨ ਪੀੜਖ਼ੀ ਲਈ ਪ੍ਰੇਰਨਾ ਸਰੋਤ ਹੈ। ਆਪਣੀ ਪੜਖ਼ਾਈ ਦੇ ਸ਼ੁਰੂਆਤੀ ਪੜਾਅ ਵਿੱਚ ਸ੍ਰੀਨਿਵਾਸ ਰਾਮਾਨੁਜਨ ਦਾ ਪੜਖ਼ਾਈ ਵਿੱਚ ਬਿਲਕੁਲ ਵੀ ਮਨ ਨਹੀਂ ਲੱਗਦਾ ਸੀ ਪਰ ਉਹ ਬਹੁਤ ਹੀ ਖੋਜੀ ਸੁਭਾਅ ਦੇ ਵਿਦਿਆਰਥੀ ਸਨ ਇਸ ਕਰਕੇ ਉਹ ਆਪਣੇ ਅਧਿਆਪਕ ਤੋਂ ਪੁੱਛਣ ਵਿੱਚ ਬਹੁਤ ਦਿਲਚਸਪੀ ਰੱਖਦੇ ਸਨ। ਇੱਕ ਖੋਜੀ ਕਿਸਮ ਦਾ ਹੋਣ ਕਰਕੇ ਉਹ ਗਣਿਤ ਦੇ ਵਿਸ਼ੇ ਵਿੱਚ ਬਹੁਤ ਦਿਲਚਸਪੀ ਰੱਖਦਾ ਸੀ। ਗਣਿਤ ਵਿਚ ਜ਼ਿਆਦਾ ਰੁਚੀ ਹੋਣ ਕਾਰਨ ਉਹ ਹੋਰ ਵਿਸ਼ਿਆਂ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਸਕਿਆ। ਨਤੀਜਾ ਇਹ ਹੋਇਆ ਕਿ 11ਵੀਂ ਦੀ ਪ੍ਰੀਖਿਆ ਵਿੱਚ ਉਹ ਗਣਿਤ ਵਿੱਚ ਬੇਸ਼ੱਕ ਪਹਿਲੇ ਨੰਬਰ ਤੇ ਰਿਹਾ ਪਰ ਬਾਕੀ ਸਾਰੇ ਵਿਸ਼ਿਆਂ ਵਿੱਚ ਫੇਲਖ਼ ਹੋ ਗਿਆ ਸੀ। ਉਸਦੀ ਪ੍ਰਤਿਭਾ ਦਾ ਪਤਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਉਹ ਸੱਤਵੀਂ ਜਮਾਤ ਵਿਚ ਪੜਖ਼ਦਾ ਸੀ ਉਸ ਸਮੇਂ ਬੀ.ਏ ਦੇ ਵਿਦਿਆਰਥੀਆਂ ਨੂੰ ਗਣਿਤ ਪੜਖ਼ਾਉਣ ਲਈ ਭੇਜਿਆ ਜਾਂਦਾ ਸੀ। ਮਸ਼ਹੂਰ ਤਿਕੋਣਮਿਤੀ ਜਿਸ ਨੂੰ ਵੱਡੇ ਗਣਿਤ-ਵਿਗਿਆਨੀ ਹੱਲ ਕਰਨ ਵਿੱਚ ਅਸਫਲ ਰਹਿੰਦੇ ਸਨ ਉਸਨੇ ਸਿਰਫ 13 ਸਾਲ ਦੀ ਛੋਟੀ ਉਮਰ ਵਿੱਚ ਹੱਲ ਕਰਕੇ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ ਅਤੇ 16 ਸਾਲ ਦੀ ਉਮਰ ਵਿੱਚ ਉਸਨੇ ਦੁਨੀਆ ਦੇ ਮਹਾਨ ਗਣਿਤ ਵਿਗਿਆਨੀਆਂ ਵਿੱਚੋਂ ਇੱਕ ਜੀ.ਐਸ.ਸੀ.ਆਰ.ਆਰ. ਦੁਆਰਾ ਲਿਖੀ ਕਿਤਾਬ "ਏ ਸਿਨੋਪਿਸ ਆਫ਼ ਐਲੀਮੈਂਟਰੀ ਰਿਜ਼ਲਟਸ ਇਨ ਪਿਊਰ ਐਂਡ ਅਪਲਾਈਡ ਮੈਥਮੈਟਿਕਸ'' ਵਿੱਚ ਲਿਖੇ 5000 ਤੋਂ ਵੱਧ ਸਿਧਾਂਤਾਂ ਨੂੰ ਸਾਬਤ ਕਰਕੇ ਆਪਣੀ ਪ੍ਰਮਾਣਿਕਤਾ ਨੂੰ ਸਾਬਤ ਕੀਤਾ। ਉਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਕਿਸੇ ਵੀ ਗਣਿਤ ਦੀ ਸਮੱਸਿਆ ਨੂੰ ਬਹੁਤ ਅਸਾਨ ਤਰੀਕਿਆਂ ਨਾਲ ਹੱਲ ਕਰ ਸਕਦਾ ਸੀ, ਉਸਦੀ ਵਿਲੱਖਣ ਪ੍ਰਤਿਭਾ ਨੇ ਉਸਨੂੰ ਦੁਨੀਆ ਵਿੱਚ ਗਣਿਤ ਦੇ ਮਾਸਟਰ ਹੋਣ ਦਾ ਦਰਜਾ ਦਿਵਾਇਆ ਹੈ। ਉਸਨੇ ਆਪਣੇ ਜੀਵਨ ਕਾਲ ਦੌਰਾਨ ਲਗਭਗ 3884 ਥਿਉਰਮਾ ਦਾ ਸੰਕਲਨ ਕੀਤਾ। ਉਸ ਦੁਆਰਾ ਦੱਸੇ ਗਏ ਬਹੁਤੇ ਸਿਧਾਂਤ ਸਹੀ ਸਾਬਤ ਹੋਏ ਹਨ ਅਤੇਕਈ ਸਿਧਾਂਤ ਅੱਜ ਤੱਕ ਗਣਿਤ ਵਿਗਿਆਨੀਆਂ ਲਈ ਇੱਕ ਅਣਸੁਲਝੀ ਬੁਝਾਰਤ ਬਣੇ ਹੋਏ ਹਨ। "ਬਰਨੌਲੀ ਨੰਬਰਾਂ ਦੀਆਂ ਕੁਝ ਵਿਸ਼ੇਸ਼ਤਾਵਾਂ'' ਸਿਰਲੇਖ ਵਾਲਾ ਉਸਦਾ ਪਹਿਲਾ ਪੇਪਰ ਇੰਡੀਅਨ ਮੈਥੇਮੈਟੀਕਲ ਸੋਸਾਇਟੀ ਦੇ ਜਰਨਲ ਵਿੱਚ ਪ੍ਰਕਾਸ਼ਿਤ ਹੋਇਆ ਸੀ। ਸ਼੍ਰੀਨਿਵਾਸ ਰਾਮਾਨੁਜਨ ਨੇ ਪੰਜ ਸਾਲ ਇੰਗਲੈਂਡ ਵਿੱਚ ਨੰਬਰ ਥਿਊਰੀ ਤੇ ਕੰਮ ਕੀਤਾ ਸੀ ਜਿਸ ਤੋਂ ਬਾਅਦ ਉਸਨੇਇੱਕ ਅਨੰਤ ਨਿਰੰਤਰ ਅੰਸ਼ ਦੇ ਜ਼ਰੀਏ ਗਣਿਤ ਦੇ ਦੋ ਸਭ ਤੋਂ ਮਹੱਤਵਪੂਰਨ ਸਥਿਰਾਂਕਾਂ ਦੀ ਸਥਾਪਨਾ ਕੀਤੀ। ਉਸਨੇ ਅਜਿਹੀਆਂ ਕੁਦਰਤੀ ਸੰਖਿਆਵਾਂ ਦੀ ਖੋਜ ਵੀ ਕੀਤੀ ਜਿਹਨਾਂ ਨੂੰ ਦੋ ਸੰਖਿਆਵਾਂ ਦੇ ਘਣ ਜੋੜ ਕੇ ਦੋ ਵੱਖ-ਵੱਖ ਤਰੀਕਿਆਂ ਨਾਲ ਦਰਸਾਇਆ ਜਾ ਸਕਦਾ ਹੈ। ਉਹ ਇੱਕ ਸਵੈ-ਸਿਖਿਅਤ ਗਣਿਤ-ਵਿਗਿਆਨੀ ਸੀ ਜਿਸਨੇ ਗਣਿਤ ਦੀ ਦੁਨੀਆ ਵਿੱਚ ਅਸਧਾਰਨ ਯੋਗਦਾਨ ਪਾਇਆ। ਉਹ ਆਪਣੇ ਸਮੇਂ ਦੇ ਸਭ ਤੋਂ ਪ੍ਰਭਾਵਸ਼ਾਲੀ ਗਣਿਤ-ਸ਼ਾਸਤਰੀਆਂ ਵਿੱਚੋਂ ਇੱਕ ਸਨ। ਉਸਨੇ ਲਗਭਗ 3900 ਨਤੀਜੇ ਮੁੱਖ ਤੌਰ ਤੇ ਪਛਾਣਾਂ ਅਤੇ ਸਮੀਕਰਨਾਂ ਨੂੰ ਸੰਕਲਿਤ ਕੀਤਾ ਸੀ। ਇਹਨਾਂ ਵਿੱਚੋਂ ਕਈ ਨਤੀਜੇ ਅਸਲੀ ਅਤੇ ਨਾਵਲ ਹਨ ਜਿਵੇਂ ਕਿ ਰਾਮਾਨੁਜਨ ਪ੍ਰਾਈਮ, ਦਾ ਰਾਮਾਨੁਜਨ ਥੀਟਾ ਫੰਕਸ਼ਨ, ਪਾਰਟੀਸ਼ਨ ਫਾਰਮੂਲੇ, ਅਤੇ ਮੌਕ ਥੀਟਾ ਫੰਕਸ਼ਨ ਆਦਿ। ਇਹਨਾਂ ਨਤੀਜਿਆਂ ਨੇ ਹੋਰ ਕਈ ਖੋਜਾਂ ਨੂੰ ਪ੍ਰੇਰਿਤ ਕੀਤਾ ਅਤੇ ਇਸ ਸਬੰਧੀ ਕੰਮ ਦੇ ਕਈ ਨਵੇਂ ਖੇਤਰ ਖੋਲੇ। ਉਸਨੇ ਆਪਣੀ ਵਿਭਿੰਨ ਲੜੀ ਦੇ ਸਿਧਾਂਤ ਦੀ ਖੋਜ ਕੀਤੀ, ਰੀਮੈਨ ਲੜੀ, ਅੰਡਾਕਾਰ ਇੰਟੈਗਰਲ, ਹਾਈਪਰਜੀਓਮੈਟ੍ਰਿਕ ਲੜੀ, ਅਤੇ ਜੀਟਾ ਫੰਕਸ਼ਨ ਦੇ ਕਾਰਜਸ਼ੀਲ ਸਮੀਕਰਨਾਂ ਦੀ ਖੋਜ ਕੀਤੀ। 1729 ਨੰਬਰ ਨੂੰ ਹਾਰਡੀ-ਰਾਮਾਨੁਜਨ ਨੰਬਰ ਵਜੋਂ ਜਾਣਿਆ ਜਾਣ ਲੱਗ ਪਿਆ। ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਕਿ ਦੇਸ਼ ਦੀ ਨੌਜਵਾਨ ਪੀੜਖ਼ੀ ਵਿੱਚ ਗਣਿਤ ਸਿੱਖਣ ਪ੍ਰਤੀ ਸਕਾਰਾਤਮਕ ਰਵੱਈਆ ਪੈਦਾ ਕਰਨ, ਉਤਸ਼ਾਹਿਤ ਕਰਨ ਅਤੇ ਉਸਾਰੂ ਰਵੱਈਆ ਪੈਦਾ ਕਰਨ ਲਈ ਕਈ ਪਹਿਲਕਦਮੀਆਂ ਕੀਤੀਆਂ ਜਾਂਦੀਆਂ ਹਨ। ਇਹਨਾਂ ਸੰਖਿਆਵਾਂ ਨੂੰ ਰਾਮਾਨੁਜਨ ਨੰਬਰ ਵੀ ਕਿਹਾ ਜਾਂਦਾ ਹੈ। ਉਨਖ਼ਾਂ ਨੇ ਗਣਿਤ ਦੇ ਖੇਤਰ ਵਿੱਚ ਅਜਿਹੇ ਕਈ ਮਹਾਨ ਕਾਰਜ ਕੀਤੇ ਜਿਨਖ਼ਾਂ ਦੀ ਬਦੌਲਤ ਉਹਨਾਂ ਦਾ ਨਾਂ ਇਤਿਹਾਸ ਦੇ ਪੰਨਿਆਂ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਗਿਆ ਹੈ। ਉਨਖ਼ਾਂ ਨੇ ਆਪਣੀਆਂ ਕਈ ਰਚਨਾਵਾਂ ਰਾਹੀਂ ਭਾਰਤ ਦੇ ਸਨਮਾਨ ਵਿੱਚ ਚਾਰ ਚੰਦ ਲਗਾ ਦਿੱਤੇ ਸਨ। ਇਹਨਾਂ ਕਾਰਨਾਂ ਕਰਕੇ ਉਹਨਾਂ ਦੇ ਜਨਮ ਦਿਨ ਨੂੰ ਭਾਰਤ ਸਰਕਾਰ ਵੱਲੋਂ ਰਾਸ਼ਟਰੀ ਗਣਿਤ ਦਿਵਸ ਵਜੋਂ ਘੋਸ਼ਿਤ ਕੀਤਾ ਗਿਆ ਸੀ ਤਾਂ ਜੋ ਸਮੁੱਚਾ ਭਾਰਤ ਇਸ ਦੇ ਗੌਰਵਮਈ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਇਸੇ ਤਰਖ਼ਾਂ ਵਿਕਾਸ ਦੇ ਰਾਹ ਤੇ ਚੱਲਦਾ ਰਹੇ।ਭਾਰਤ ਵਿੱਚ ਰਾਸ਼ਟਰੀ ਗਣਿਤ ਦਿਵਸ ਪਹਿਲੀ ਵਾਰ 2012 ਵਿੱਚ ਮਨਾਇਆ ਗਿਆ ਸੀ। ਉਸ ਵੇਲੇ ਭਾਰਤ ਦੇ ਪ੍ਰਧਾਨ ਮੰਤਰੀ ਉੱਘੇ ਅਰਥਸ਼ਾਸ਼ਤਰੀ ਡਾਕਟਰ ਮਨਮੋਹਨ ਸਿੰਘ ਨੇ 26 ਫਰਵਰੀ 2012 ਨੂੰ ਇਸ ਦਿਨ ਨੂੰ ਰਾਸ਼ਟਰੀ ਗਣਿਤ ਦਿਵਸ ਵਜੋĐ ਘੋਸ਼ਿਤ ਕੀਤਾ ਸੀ, ਜਦੋਂ ਉਹ ਰਾਮਾਨੁਜਨ ਦੀਆਂ ਪ੍ਰਾਪਤੀਆਂ ਨੂੰ ਸ਼ਰਧਾਂਜਲੀ ਦੇਣ ਲਈ ਮਦਰਾਸ ਯੂਨੀਵਰਸਿਟੀ ਦਾ ਦੌਰਾ ਕਰ ਰਹੇ ਸਨ ਅਤੇ ਉਹਨਾਂ ਦੀ 125ਵੀਂ ਜਯੰਤੀ ਮਨਾਈ ਗਈ ਸੀ। ਭਾਰਤ ਸਰਕਾਰ ਨੇ ਇਸ ਮੌਕੇ ਇੱਕ ਡਾਕ ਟਿਕਟਵੀ ਜਾਰੀ ਕੀਤੀ।




ਉਸਤੋਂ ਬਾਦ ਹਰ ਸਾਲ 22 ਦਸੰਬਰ ਨੂੰ ਗਣਿਤ ਦੇ ਖੇਤਰ ਵਿੱਚ ਰਾਮਾਨੁਜਨ ਦੇ ਕੰਮ ਨੂੰ ਯਾਦ ਅਤੇ ਸਨਮਾਨਿਤ ਕਰਨ ਲਈ ਮਨਾਇਆ ਜਾਂਦਾ ਹੈ। ਇਸ ਦਿਨ ਵੱਖ ਵੱਖ ਕੈਂਪਾਂ ਰਾਹੀਂ ਗਣਿਤ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਿਖਲਾਈ ਵੀ ਦਿੱਤੀ ਜਾਂਦੀ ਹੈ ਅਤੇ ਗਣਿਤ ਅਤੇ ਸਬੰਧਤ ਖੇਤਰਾਂ ਵਿੱਚ ਖੋਜ ਲਈ ਅਧਿਆਪਨ ਸਿਖਲਾਈ ਸਮੱਗਰੀ ਦੇ ਵਿਕਾਸ, ਉਤਪਾਦਨ ਅਤੇ ਪ੍ਰਸਾਰ ਨੂੰ ਵੀ ਉਜਾਗਰ ਕੀਤਾ ਜਾਂਦਾ ਹੈ। ਰਾਸ਼ਟਰੀ ਗਣਿਤ ਦਿਵਸ ਭਾਰਤ ਵਿੱਚ ਵੱਖ-ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਵਿਦਿਅਕ ਸੰਸਥਾਵਾਂ ਵਿੱਚ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਵਿਦਿਅਕ, ਵਿਗਿਆਨਕ ਅਤੇ ਸੱਭਿਆਚਾਰਕ ਸੰਗਠਨ ਅਤੇ ਭਾਰਤ ਨੇ ਵੀ ਗਣਿਤ ਦੀ ਸਿੱਖਿਆ ਅਤੇ ਸਮਝ ਨੂੰ ਫੈਲਾਉਣ ਲਈ ਮਿਲਕੇ ਕੰਮ ਕਰਨ ਲਈ ਸਹਿਮਤੀ ਦਿੱਤੀ ਹੈ। ਵਿਦਿਆਰਥੀਆਂਨੂੰ ਗਣਿਤ ਵਿੱਚ ਸਿੱਖਿਅਤ ਕਰਨ ਅਤੇ ਵਿਸ਼ਵ ਭਰ ਦੇ ਵਿਦਿਆਰਥੀਆਂ ਅਤੇ ਸਿਖਿਆਰਥੀਆਂ ਤੱਕ ਗਿਆਨ ਫੈਲਾਉਣ ਲਈ ਵੱਖ-ਵੱਖ ਕਦਮ ਚੁੱਕੇ ਗਏ ਹਨ। ਨੈਸ਼ਨਲ ਅਕੈਡਮੀ ਆਫ਼ ਸਾਇੰਸ ਇੰਡੀਆ ਇਲਾਹਾਬਾਦ ਸਭ ਤੋਂ ਪੁਰਾਣੀ ਵਿਗਿਆਨ ਅਕੈਡਮੀ ਹੈ ਜੋਕਿ ਰਾਸ਼ਟਰੀ ਗਣਿਤ ਦਿਵਸ ਮਨਾਉਣ ਲਈ ਗਣਿਤ ਅਤੇ ਸ਼੍ਰੀਨਿਵਾਸ ਰਾਮਾਨੁਜਨ ਦੀਆਂ ਐਪਲੀਕੇਸ਼ਨਾਂ ਵਿੱਚ ਇੱਕ ਵਰਕਸ਼ਾਪ ਦਾ ਆਯੋਜਨ ਕਰਦਾ ਹੈ ਜਿਸ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਤੋਂ ਗਣਿਤ ਦੇ ਖੇਤਰ ਵਿੱਚ ਪ੍ਰਸਿੱਧ ਲੈਕਚਰਾਰਾਂ ਅਤੇ ਮਾਹਿਰ ਭਾਗ ਲੈਂਦੇ ਹਨ ਅਤੇ ਇਸ ਵਿੱਚ ਦੇਸ਼ ਅਤੇ ਵਿਸ਼ਵ ਪੱਧਰ ਤੇ ਬੁਲਾਰੇ ਗਣਿਤ ਵਿੱਚ ਸ਼੍ਰੀਨਿਵਾਸ ਰਾਮਾਨੁਜਨ ਦੇ ਯੋਗਦਾਨ ਦੀ ਚਰਚਾ ਕਰਦੇ ਹਨ। 2015 ਵਿੱਚ, ਮੈਥਿਊ ਬ੍ਰਾਊਨ ਨੇ ਰਾਮਾਨੁਜਨ ਦੇ ਜੀਵਨ ਤੇ ਆਧਾਰਿਤ ਇੱਕ ਫ਼ਿਲਮਦਾ ਨਿਰਦੇਸ਼ਨ ਕੀਤਾ ਜਿਸਦਾ ਨਾਮ "ਆਦਮੀ ਜੋ ਅਨੰਤ ਨੂੰ ਜਾਣਦਾ ਸੀ'' ਜਿਸ ਵਿੱਚ ਦੇਵ ਪਟੇਲ ਅਤੇ ਜੇਰੇਮੀ ਆਇਰਨਜ਼ ਸਨ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਅਲਗੱਪਾ ਯੂਨੀਵਰਸਿਟੀ ਵਿਖੇ ਰਾਮਾਨੁਜਨ ਦੇ ਨਾਮ ਤੇ ਬਣੇ ਉੱਚ ਗਣਿਤ ਦੇ ਕੇਂਦਰ ਦਾ ਉਦਘਾਟਨ ਕੀਤਾ ਸੀ।ਪ੍ਰਯਾਗਰਾਜ ਵਿੱਚ30-31 ਦਸੰਬਰ, 2019 ਦੌਰਾਨ 16ਵੀਂ ਸਦੀ ਤੋਂ ਪਹਿਲਾਂ ਭਾਰਤੀ ਗਣਿਤ ਦਾ ਇਤਿਹਾਸ ਵਿਸ਼ੇ ਤੇ ਦੋ ਦਿਨਾਂ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਗਣਿਤ ਦਿਵਸ ਗਣਿਤ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਲੋਕ ਇਸ ਦਿਨ ਨੂੰ ਇਹ ਸਮਝਣ ਲਈ ਮਨਾਉਂਦੇ ਹਨ ਕਿ ਜ਼ਮੀਨੀ ਪੱਧਰ ਤੋਂ ਮਨੁੱਖਤਾ ਦੇ ਵਿਕਾਸ ਲਈ ਗਣਿਤ ਕਿਵੇਂ ਮਹੱਤਵਪੂਰਨ ਹੈ। ਇਸ ਦਿਨ ਸਰਕਾਰ ਜਨਤਾ ਅਤੇ ਦੇਸ਼ ਦੇ ਨੌਜਵਾਨਾਂ ਨੂੰ ਗਣਿਤ ਪ੍ਰਤੀ ਸਕਾਰਾਤਮਕ ਰਵੱਈਆ ਵਿਕਸਿਤ ਕਰਨ ਲਈ ਉਤਸ਼ਾਹਿਤ ਕਰਨ, ਸਿਖਾਉਣ ਅਤੇ ਪ੍ਰੇਰਿਤ ਕਰਨ ਲਈ ਕਈ ਪਹਿਲਕਦਮੀਆਂ ਕਰਦੀ ਹੈ। ਕੈਂਪਾਂ ਰਾਹੀਂ ਵੱਖ-ਵੱਖ ਵਿਦਿਆਰਥੀਆਂ ਅਤੇ ਗਣਿਤ ਦੇ ਅਧਿਆਪਕਾਂ ਨੂੰ ਮੁਫ਼ਤ ਸਿਖਲਾਈ ਦਿੱਤੀ ਜਾਂਦੀ ਹੈ। ਇਹ ਗਣਿਤ ਦੀ ਸਿੱਖਿਆ-ਸਿਖਲਾਈ ਸਮੱਗਰੀ ਦੇ ਉਤਪਾਦਨ, ਪ੍ਰਸਾਰ ਅਤੇ ਵਿਕਾਸ ਨੂੰ ਉਜਾਗਰ ਕਰਦਾ ਹੈ। ਰਾਸ਼ਟਰੀ ਗਣਿਤ ਦਿਵਸ 2022 ਲਈ ਕੋਈ ਵਿਸ਼ੇਸ਼ ਥੀਮ ਨਹੀਂ ਹੈ। ਇਸ ਦਿਨ ਦਾ ਉਦੇਸ਼ "ਲੋਕਾਂ ਨੂੰ ਗਣਿਤ ਦੇ ਵਿਕਾਸ ਅਤੇ ਮਨੁੱਖਤਾ ਦੇ ਵਿਕਾਸ ਵਿੱਚ ਇਸਦੀ ਮਹੱਤਤਾ ਬਾਰੇ ਜਾ-ਗਰੂਕ ਕਰਨਾ ਹੈ।''

ਭਾਰਤ ਵਿੱਚ ਸਾਰੇ ਰਾਜ ਰਾਸ਼ਟਰੀ ਗਣਿਤ ਦਿਵਸ ਨੂੰ ਕਈ ਵੱਖ-ਵੱਖ ਤਰੀਕਿਆਂ ਨਾਲ ਮਨਾਉਂਦੇ ਹਨ। ਗਣਿਤ ਦੇ ਸੰਸਥਾਪਕਾਂ ਦੁਆਰਾ ਸ਼ੁਰੂ ਕੀਤੀ ਗਈ ਵਿਕਾਸ ਦੀ ਵਿਰਾਸਤ ਨੂੰ ਜਾਰੀ ਰੱਖਣ ਲਈ ਖੋਜ ਅਤੇ ਵਿਕਾਸ ਲਈ ਇੱਕ ਪਲੇਟਫਾਰਮ ਬਣਾਉਣ ਲਈ, ਗਣਿਤ ਦੇ ਖੇਤਰ ਵਿੱਚ ਵਿਦਿਆਰਥੀਆਂ ਦੀ ਰੁਚੀ ਨੂੰ ਵਧਾਉਣ ਦੇ ਇਰਾਦੇ ਨਾਲ ਕਈ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵੱਖ-ਵੱਖ ਕੁਇਜ਼ਾਂ ਅਤੇ ਪ੍ਰਤੀਯੋਗਤਾਵਾਂ ਦਾ ਆਯੋਜਨ ਕਰਦੀਆਂ ਹਨ। ਹਰ ਕਿਸੇ ਨੂੰ ਬ੍ਰਹਮਗੁਪਤਾ, ਆਰੀਆਭੱਟ ਅਤੇ ਸ਼੍ਰੀਨਿਵਾਸ ਰਾਮਾਨੁਜਨ ਵਰਗੇ ਮਹਾਨ ਗਣਿਤ ਵਿਗਿਆਨੀਆਂ ਦੁਆਰਾ ਦਿੱਤੇ ਯੋਗਦਾਨ ਨੂੰ ਪਛਾਣਨਾ ਚਾਹੀਦਾ ਹੈ, ਜਿਹਨਾਂ ਨੇ ਨਾ ਸਿਰਫ ਭਾਰਤੀ ਗਣਿਤ ਨੂੰ ਆਕਾਰ ਦਿੱਤਾ ਬਲਕਿ ਵਿਸ਼ਵ ਭਰ ਵਿੱਚ ਬਹੁਤ ਪ੍ਰਸਿੱਧੀ ਵੀ ਪ੍ਰਾਪਤ ਕੀਤੀ।

ਰਾਸ਼ਟਰੀ ਗਣਿਤ ਦਿਵਸ ਮਨਾਕੇ ਅਸੀਂ ਭਾਰਤ ਦੇ ਗਣਿਤ ਸੱਭਿਆਚਾਰ ਨੂੰ ਕਾਇਮ ਰੱਖਣ ਲਈ ਗਣਿਤ ਦੀ ਮਹਾਨ ਪ੍ਰਤਿਭਾ ਨੂੰ ਸ਼ਰਧਾਂਜਲੀ ਭੇਟ ਕਰਾਂਗੇ।ਵੱਖ ਵੱਖ ਰਾਜ ਸਰਕਾਰਾਂ ਵਾਂਗ ਪੰਜਾਬ ਵਿੱਚ ਨੋਡਲ ਏਜੰਸੀ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ ਵਲੋਂ ਭਾਰਤ ਸਰਕਾਰ ਦੇ ਸਹਿਯੋਗ ਨਾਲ 22 ਦਸੰਬਰ ਨੂੰ ਰਾਸ਼ਟਰੀ ਗਣਿਤ ਦਿਵਸ ਮਨਾ ਰਹੀ ਹੈ ਅਤੇ ਵਿਦਿਅਕ ਸੰਸਥਾਵਾਂ, ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਅਤੇ ਸਵੈ-ਸੇਵੀ ਸੰਸਥਾਵਾਂ ਦੁਆਰਾ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਵਿੱਚ ਗਣਿਤ ਨੂੰ ਹਰਮਨ ਪਿਆਰਾ ਬਣਾਉਣਾ ਇਸਦਾ ਮੁੱਖ ਉਦੇਸ਼ ਹੈ।



ਕੁਲਦੀਪ ਚੰਦ
91-9417563054

## ਸਰਕਾਰੀ ਮਿਡਲ ਸਕੂਲ ਮਾਣਕ ਵਿਖੇ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਸਮਾਗਮ ਵਿੱਚ ਕਵੀ ਸੁਖਦੇਵ ਸਿੰਘ ਗੰਢਵਾਂ ਦਾ ਰੂ-ਬ-ਰੂ

**ਚੰਡੀਗੜ (ਪ੍ਰੀਤਮ ਲੁਧਿਆਣਵੀ):** ਸਰਕਾਰੀ ਮਿਡਲ ਸਕੂਲ ਮਾਣਕ ਵਿਖੇ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਸਮਾਗਮ ਵਿੱਚ, ਕਵੀ, ਗਾਇਕ, ਅਦਾਕਾਰ ਤੇ ਸਾਬਕਾ ਅਧਿਆਪਕ ਸ੍ਰ. ਸੁਖਦੇਵ ਸਿੰਘ ਗੰਢਵਾਂ ਦਾ ਰੂ-ਬ-ਰੂ ਕਰਵਾਇਆ ਗਿਆ। ਇਸ ਮੌਕੇ ਸੁਖਦੇਵ ਸਿੰਘ ਗੰਢਵਾਂ ਵੱਲੋਂ 'ਧੀਆਂ ਦੀ ਸਿੱਖਿਆ', 'ਨਸ਼ੇ', 'ਵਾਤਾਵਰਣ' ਅਤੇ 'ਦੇਸ਼ ਭਗਤੀ' ਨਾਲ ਸਬੰਧਿਤ ਰਚਨਾਵਾਂ ਸੁਣਾ ਕੇ ਵਿਦਿਆਰਥੀਆਂ ਨੂੰ ਸੁਹਣਾ ਪ੍ਰਭਾਵਿਤ ਕੀਤਾ। ਇਹ ਰਚਨਾਵਾਂਵਿਦਿਆਰਥੀਆਂ ਲਈ ਬਹੁਤ ਹੀ ਸਿੱਖਿਆ ਦਾਇਕ ਸਿੱਧ ਹੋਣਗੀਆਂ ਅਤੇ ਸਮਾਜਿਕ ਬੁਰਾਈਆਂ ਦੂਰ ਕਰਨ ਅਤੇ ਉਨਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਅਤੇ ਸਿੱਖਿਆ ਪ੍ਰਤੀ ਉਤਸ਼ਾਹਿਤ ਕਰਨਗੀਆ। ਇਸ ਮੌਕੇ 'ਤੇ ਸਕੂਲ ਇੰਚਾਰਜ ਸ੍ਰੀ ਸਤਿੰਦਰ ਕੁਮਾਰ ਅਤੇ ਬਾਕੀ ਅਧਿਆਪਕ ਸ੍ਰੀ ਹਰਜਿੰਦਰ ਸਿੰਘ ਅਤੇ ਸ੍ਰੀਮਤੀ ਅਮਨਦੀਪ ਕੌਰ ਵੀ ਹਾਜਰ ਸਨ। ਸਭਨਾਂ ਵੱਲੋਂ ਸ੍ਰ. ਸੁਖਦੇਵ ਸਿੰਘ ਗੰਢਵਾਂ ਦੇ ਸਾਹਿਤ, ਸੱਭਿਆਚਾਰ ਅਤੇ ਵਿੱਦਿਅਕ ਖੇਤਰ ਵਿਚ ਨਿਭਾਈਆਂ ਗਈਆਂ ਜਾਨਦਾਰ, ਸ਼ਾਨਦਾਰ ਤੇ ਮਾਣ-ਮੱਤੀਆਂ ਸੇਵਾਵਾਂ ਦੀ ਖੂਬ ਸਲਾਹਨਾ ਕਰਦੇ ਹੋਏ ਉਨਾਂ ਦੀ ਤੰਦਰੁਸਤੀ ਭਰੀ ਲੰਬੀ ਉਮਰ ਅਤੇ ਸਾਹਿਤ ਤੇ ਸੱਭਿਆਚਾਰਕ ਸੇਵਾਵਾਂ ਨਿਰੰਤਰ ਚੱਲਦੇ ਰਹਿਣ ਦੀਆਂ ਦੁਆਵਾਂ ਤੇ ਸ਼ੁਭ ਕਾਮਨਾਵਾਂ ਕੀਤੀਆਂ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)


Vinod Kumar Chumber (Chairman) 510-953-9800


Ram Lubhaya (President) 408-449-1105


Naresh Kumar (Secretary) 510-857-4551


Sohan Singh Dhanda (Treasurer) 510-200-6649


















# ਵੱਡੇ ਸਾਕੇ ਵਰਤਾਉਣ ਵਾਲੀਆਂ ਬਹਾਦਰ ਜਿੰਦਾਂ ਲਈ ਸੱਚੀ-ਸ਼ਰਧਾ ਦੇ ਫੁੱਲ!

ਗੁਰਮਤਿ ਵਿੱਚ ਗਿਆਨਮਈ ਸ਼ਰਧਾ ਪ੍ਰਵਾਨ ਨਾ ਕਿ ਅੰਨ੍ਹੀ ਸ਼ਰਧਾ ਤੇ ਮਿੱਥ। ਸਾਹਿਬਜ਼ਾਦਿਆਂ ਨਾਲ ਵਾਪਰਿਆ ਸਾਕਾ ਯਥਾਰਥ ਤੇ ਇਤਿਹਾਸਕ ਹੈ। ਸਾਕਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਸ਼ਕ-ਸੰਮਤ ਅਤੇ ਸਾਕੇ ਬਹੁ ਵਚਨ ਸ਼ਬਦ ਹੈ। ਸਾਕਾ ਤੋਂ ਭਾਵ ਹੈ ਕਿ ਕੋਈ ਐਸਾ ਕਰਮ ਜੋ ਇਤਿਹਾਸ ਵਿੱਚ ਪ੍ਰਸਿੱਧ ਰਹਿਣ ਲਾਇਕ ਹੋਵੇ। ਸਿੱਖਾਂ ਤੋਂ ਪਹਿਲੇ ਵੀ ਸਾਕੇ ਵਰਤੇ, ਹਰੇਕ ਸੱਚ ਦੇ ਪੁਜਾਰੀ ਨਾਲ ਕੋਈ ਨਾਂ ਕੋਈ ਸਾਕਾ ਵਰਤਿਆ ਹੀ ਹੈ ਜਿਵੇਂ ਮਨਸੂਰ, ਸਰਮਦ ਅਤੇ ਗੇਲੀਲੀਓ ਵਰਗੇ ਉੱਚਕੋਟੀ ਦੇ ਸੂਫੀ ਅਤੇ ਵਿਗਿਆਨੀ ਇਸ ਦੀ ਢੁੱਕਵੀਂ ਮਿਸਾਲ ਹਨ। ਪਰ ਜੋ ਛੋਟੀ ਜਿਹੀ ਸਿੱਖ ਕੌਮ ਨੇ ਲਾਸਾਨੀ ਸਾਕੇ ਵਰਤਾਏ ਅਤੇ ਹੰਡਾਏ ਉਹ ਬੇਹੱਦ ਲਾਮਿਸਾਲ ਹਨ। ਸਿੱਖ ਧਰਮ ਦੇ ਬਾਨੀ ਗੁਰੂ ਬਾਬਾ ਨਾਨਕ ਜੀ ਨੇ ਪੁਜਾਰੀਵਾਦ, ਬ੍ਰਾਹਮਣੀ ਕਰਮਕਾਂਡ, ਅਖੌਤੀ ਰੀਤਾਂ ਰਸਮਾਂ, ਸਰਕਾਰੀ ਜ਼ੁਲਮ ਅਤੇ ਅਨਿਆਇ ਵਿਰੁੱਧ ਉੱਠ ਖੜੇ ਹੋਣ ਅਤੇ ਤਰਕਸ਼ੀਲ ਯਥਾਰਥ ਗਿਆਨ ਦਾ ਸਾਕਾ ਵਰਤਾਇਆ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਸ਼ਬਦ-ਗੁਰੂ ਦੀ ਸ਼ਾਨ ਅਤੇ "ਸਭੇ ਸਾਂਝੀਵਾਲ ਸਦਾਇਨ" ਦੇ ਸਿਧਾਂਤ ਲਈ ਸ਼ਹੀਦੀ ਸਾਕਾ ਵਰਤਾਇਆ। ਗੁਰੂ ਤੇਗ ਬਹਾਦਰ ਜੀ ਨੇ ਮਜ਼ਲੂਮਾਂ ਦਾ ਧਰਮ ਬਚਾਉਣ ਲਈ ਆਪਾ ਵਾਰਿਆ, ਸਿੱਖ ਦੇਗਾਂ ਵਿੱਚ ਉਬਲੇ ਅਤੇ ਆਰਿਆਂ ਨਾਲ ਚੀਰੇ ਗਏ, ਇਉਂ ਸਾਕਿਆਂ ਦੀ ਲੜੀ ਚੱਲ ਪਈ। ਇਸੇ ਸਾਕਾ ਲੜੀ ਦੇ ਅਨਮੋਲ ਹੀਰੇ, ਗੁਰਮਤਿ ਗਾਨੇ ਦੇ ਸੱਚੇ-ਸੁੱਚੇ ਮੋਤੀ, ਗੁਰੂ ਗੋਬਿੰਦ ਸਿੰਘ ਜੀ ਦੇ ਲਖ਼ਤੇ ਜ਼ਿਗਰ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਚਾਰੇ ਸਾਹਿਬਜ਼ਾਦਿਆਂ ਨੇ ਕ੍ਰਮਵਾਰ ਚਮਕੌਰ ਸਾਹਿਬ ਅਤੇ ਸਰਹਿੰਦ ਵਿਖੇ ਲਾਮਿਸਾਲ ਸਾਕੇ ਵਰਤਾ, ਵਿਲੱਖਣ ਇਤਿਹਾਸ ਸਿਰਜ ਦਿੱਤਾ। ਸਾਹਿਬਜ਼ਾਦਾ ਫਾਰਸੀ ਦਾ ਸ਼ਬਦ ਜਿਸ ਦੀ ਸੰਗਿਆ ਹੈ- ਬਾਦਸ਼ਾਹਜਾਦਹ, ਰਾਜਕੁਮਾਰ, ਸੁਆਮੀ ਦਾ ਬੇਟਾ ਅਤੇ ਸਿੱਖਾਂ ਵਿੱਚ ਗੁਰੂ ਸਪੁੱਤ੍ਰ ਹੈ। ਸਹਿਬਜ਼ਾਦੇ ਪੁੱਤ੍ਰਾਂ ਨੂੰ ਵੀ ਕਿਹਾ ਜਾਂਦੈ, ਕਈ ਵਾਰ ਸਿਆਣੇ ਲੋਕ ਇੱਕ ਦੂਜੇ ਦਾ ਹਾਲ-ਚਾਲ ਪੁੱਛਦੇ ਸਮੇ ਕਹਿੰਦੇ ਨੇ ਤੁਹਾਡੇ ਸਾਹਿਬਜ਼ਾਦਿਆਂ ਦਾ ਕੀ ਹਾਲ ਹੈ? ਸੁੱਖ ਨਾਲ ਆਪ ਜੀ ਦੇ ਕਿੰਨ੍ਹੇ ਸਾਹਿਬਜ਼ਾਦੇ ਹਨ? ਪਰ ਆਂਮ ਤੌਰਤੇ ਸਾਹਿਬਜ਼ਾਦੇ ਲਕਬ ਗੁਰੂ-ਸਪੁੱਤ੍ਰਾਂ ਲਈ ਹੀ ਢੁਕਵਾਂ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਦੇ ਦਸਵੇਂ ਜਾਂਨਸ਼ੀਨ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਪੁੱਤ੍ਰ ਸਨ ਜਿਨ੍ਹਾਂ ਨੂੰ ਸਿੱਖ ਸੰਗਤਾਂ ਸਤਿਕਾਰ ਨਾਲ ਸਾਹਿਬਜ਼ਾਦੇ ਅਤੇ ਬਾਬਾ ਸ਼ਬਦਾਂ ਨਾਲ ਸੰਬੋਧਨ ਕਰਦੀਆਂ ਹਨ। ਚਾਰੇ ਸਾਹਿਜ਼ਾਦਿਆਂ ਦੀ ਮਾਂ ਮਾਤਾ ਜੀਤ ਕੌਰ ਹੀ ਹੈ ਜਿਨ੍ਹਾਂ ਨੂੰ ਸੁੰਦਰ ਸ਼ਕਲ ਹੋਣ ਕਰਕੇ ਮਾਤਾ ਸੁੰ-ਦਰੀ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ। ਪੁਰਾਣੇ ਸਮੇਂ ਜਦ ਲੜਕੀ ਵਿਆਹ ਕੇ ਸਹੁਰੇ ਘਰ ਜਾਂਦੀ ਸੀ ਤਾਂ ਸਹੁਰੇ ਉਸ ਦਾ ਨਵਾਂ ਨਾਂ ਰੱਖਦੇ ਸਨ। ਇਸ ਕਰਕੇ ਇਤਿਹਾਸਕਾਰਾਂ ਨੂੰ ਦੋ ਮਾਤਾਵਾਂ ਹੋਣ ਦਾ ਟਪਲਾ ਲੱਗਾ ਹੈ। ਵੈਸੇ ਵੀ ਗੁਰੂ ਘਰ ਵਿੱਚ ਇੱਕ ਨਾਰੀ ਨੂੰ ਹੀ ਮਾਨਤਾ ਹੈ- ਏਕਾ ਨਾਰੀ ਸਦਾ ਜਤੀ ਪਰ ਨਾਰੀ ਧੀ ਭੈਣ ਵਖਾਣੈ॥ (ਭਾ.ਗੁ) ਬਹੁ ਪਤਨੀ ਵਿਆਹ ਇਸਲਾਮ 'ਚ ਪਰ ਸਿੱਖ ਧਰਮ ਵਿੱਚ ਨਹੀਂ ਹਨ। ਗੁਰੂ ਸਾਹਿਬ ਕੋਈ ਕਾਮੀ ਪੁਰਖ ਨਹੀਂ ਸਨ ਜੋ ਬਹੁ ਪਤਨੀ ਵਿਆਹ ਕਰਦੇ। ਕਈ ਕਹਿੰਦੇ ਨੇ ਕਿ ਗੁਰੂ ਸਾਹਿਬ ਰਾਜ-ਯੋਗੀ ਸਨ ਇਸ ਦਾ ਮਤਲਵ ਇਹ ਨਹੀਂ ਕਿ ਉਹ ਦੁਨਿਆਵੀ ਰਾਜਿਆਂ ਵਰਗੇ ਅਜਾਸ਼ ਸਨ? ਜੇ ਐਸਾ ਗੁਰਮਤਿ ਵਿੱਚ ਪ੍ਰਵਾਨ ਹੁੰਦਾ ਤਾਂ ਸਿੱਖਾਂ ਦੀਆਂ ਵੀ ਕਈ-ਕਈ ਪਤਨੀਆਂ ਹੁੰਦੀਆਂ। ਇਹ ਗਲਤੀ ਮਹਾਂਰਾਜਾ ਰਣਜੀਤ ਸਿੰਘ ਨੇ ਕੀਤੀਐ ਜਾਂ ਨਹੀਂ ਇਤਿਹਾਸ ਵਿੱਚ ਰਲਾ ਹੈ। ਸਿੱਖ ਰਹਿਤ ਮਰਯਾਦਾ ਵਿੱਚ ਵੀ ਲਿਖਿਐ ਕਿ ਆਮ ਹਾਲਤਾਂ ਵਿੱਚ ਸਿੱਖ ਇੱਕ ਹੀ ਪਤਨੀ ਨਾਲ ਵਿਆਹ ਕਰੇ, ਹਾਂ ਜੇ ਕਿਸੇ ਖਾਸ ਹਾਲਤ ਵਿੱਚ ਪਹਿਲੀ ਪਤਨੀ ਚੜ੍ਹਾਈ ਕਰ ਜਾਵੇ ਜਾਂ ਸੰਤਾਨ ਨਾਂ ਹੋਵੇ ਤਾਂ ਕੁਲ ਜਾਰੀ ਰੱਖਣ ਵਾਸਤੇ ਦੂਜਾ ਵਿਆਹ ਕੀਤਾ ਜਾ ਸਕਦੈ ਨਾਂ ਕਿ ਐਸ਼ੋ-ਇਸ਼ਰਤ ਲਈ। ਗੁਰੂ ਸਾਹਿਬ ਜੋ ਉਪਦੇਸ਼ ਸਿੱਖਾਂ ਨੂੰ ਦਿੰਦੇ, ਉਸਦੇ ਉਹ ਆਪ ਧਾਰਨੀ ਸਨ। ਆਪਾਂ ਗੁਰਬਾਣੀ ਸਿਧਾਂਤ ਨੂੰ ਮੁੱਖ ਰੱਖਣੈ ਨਾਂ ਕਿ ਸਾਖੀਆਂ ਜਾਂ ਸੁਣੀਆਂ ਸੁਣਾਈਆਂ ਗੱਲਾਂ ਨੂੰ। ਰੱਬੀ ਭਗਤਾਂ ਅਤੇ ਸਿੱਖ ਗੁਰੂ ਸਹਿਬਾਨਾਂ ਦਾ ਜੀਵਨ ਗੁਰਬਾਣੀ ਚੋਂ ਹੀ ਪ੍ਰਗਟ ਹੁੰਦਾ ਹੈ। ਸਿੱਖ ਧਰਮ ਨਾਰੀ ਤੇ ਪੁਰਸ਼ ਨੂੰ ਬਰਾਬਰ ਮਾਨਤਾ ਦਿੰਦਾ ਹੈ। ਜੇ ਪੁਰਸ਼ ਵੱਧ ਵਿਆਹ ਕਰਵਾ ਸਕਦੈ ਤਾਂ ਫਿਰ ਨਾਰੀ ਕਿਉਂ ਨਹੀਂ? ਇਤਿਹਾਸ ਪੜ੍ਹਦੇ ਤੇ ਵਾਚਦੇ ਸਮੇਂ ਗੁਰ-ਮਤਿ ਸਿਧਾਂਤਾਂ ਦੀ ਪਰਖ ਜਰੂਰੀ ਹੈ। ਜਿਵੇਂ ਸੁਨਿਆਰਾ ਸੋਨੇ ਦੀ ਪਰਖ ਕਰਕੇ ਖੋਟ ਪ੍ਰਵਾਨ ਨਹੀਂ ਕਰਦਾ, ਇਵੇਂ ਹੀ ਸਿੱਖ ਇਤਿਹਾਸ ਰੂਪੀ ਸੋਨੇ ਵਿੱਚ ਪੈ ਚੁੱਕੀ ਖੋਟ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਣ ਦੀ ਅਤਿਅੰਤ ਲੋੜ ਹੈ। ਸਾਹਿਬਜ਼ਾਦਿਆਂ ਦੀ ਪਾਲਣਾ ਪੋਸ਼ਣਾ ਅਤੇ ਪੜ੍ਹਾਈ ਮਾਤਾ ਗੁਜਰੀ ਜੀ ਅਤੇ ਮਾਮਾ ਕ੍ਰਿਪਾਲ ਚੰਦ ਦੀ ਦੇਖ-ਰੇਖ ਵਿੱਚ ਹੋਈ। ਸਾਹਿਬਜ਼ਾਦਿਆਂ ਦਾ ਪਿਛੋਕੜ ਅਤੇ ਵਰਤਮਾਨ ਗੁਰੂ ਘਰ ਵਿੱਚ ਹੀ ਹੋਇਆ। ਜਿੱਥੇ ਬਾਕੀ ਗੁਰੂ ਸਹਿਬਾਨਾਂ ਦੇ ਕੁਝ ਸਾਹਿਬਜ਼ਾਦੇ ਗੁਰੂ ਘਰ ਤੋਂ ਬਾਗੀ ਵੀ ਰਹੇ ਓਥੇ ਗੁਰੂ ਗੋਬਿੰਦ ਸਿੰਘ ਜੀ ਦੇ ਹੋਣਹਾਰ ਸਪੁੱਤ੍ਰ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਹੀ ਅੱਣਖ ਦੀ ਜ਼ਿੰਦਗੀ ਜੀਏ ਅਤੇ ਜ਼ਾਲਮਾਂ ਨਾਲ ਲੋਹਾ ਲੈਂਦੇ ਹੋਏ ਸ਼ਹੀਦ ਹੋਏ। ਸਾਹਿਬਜ਼ਾਦਿਆਂ ਦੀ ਸਾਰੀ ਜਿੰਦਗੀ ਹੀ ਜੰਗਾਂ ਯੁੱਧਾਂ ਵਿੱਚ ਲੰਘੀ। ਉਹ ਆਮ ਬੱਚਿਆਂ ਵਾਂਗ ਸੁੱਖਾਂ ਤੇ ਲਾਡਾਂ ਭਰਿਆ ਬਚਪਨ ਨਹੀਂ ਮਾਨ ਸਕੇ। ਉਸ ਵੇਲੇ ਜ਼ਾਲਮ ਮੁਗਲਾਂ ਅਤੇ ਉਨ੍ਹਾਂ ਦੇ ਝੋਲੀ ਚੁੱਕ ਹਿੰਦੂ ਪਹਾੜੀ ਰਾਜਿਆਂ ਨਾਲ ਜੋ ਗੁਰੂ ਦੀ ਅਗਵਾਈ ਵਿੱਚ ਸਿੱਖਾਂ ਦੀਆਂ ਜੰਗਾਂ ਹੋਈਆਂ, ਉਹ ਉਨ੍ਹਾਂ ਨੇ ਆਪਣੀ ਅੱਖੀਂ ਦੇਖੀਆਂ ਤੇ ਹੰਡਾਈਆਂ। ਇਸ ਲਈ ਉਨ੍ਹਾਂ ਨੂੰ ਵਿਰਸੇ ਵਿੱਚ ਹੀ ਅਜਿਹੇ ਬੀਰ-ਰਸੀ ਕਾਰਨਾਮਿਆਂ ਦੀ ਗੁੜ੍ਹਤੀ ਮਿਲਦੀ ਰਹੀ। ਜਿਵੇਂ ਸ਼ੇਰ ਦੇ ਬੱਚੇ ਸ਼ੇਰ ਹੀ ਹੁੰਦੇ ਨੇ ਓਵੇਂ ਸ਼ੇਰ-ਮਰਦ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਵੀ ਸ਼ੇਰ-ਮਰਦ ਸਨ।

ਪਾਠਕ ਜਨੋ! ਦੇਖੋ ਭਰ ਜਵਾਨੀ ਅਤੇ ਬਚਪਨ ਵਿੱਚ ਗੁਰੂ ਕੇ ਲਾਲ ਧਰਮ, ਅਣਖ ਅਤੇ ਇਜ਼ਤ ਆਬਰੂ ਖਾਤਰ ਗੁਰੂ-ਪੰਥ ਦਾ ਕੌਮੀ ਮਹਿਲ ਉਸਾਰਨ ਲਈ ਹੱਸ-ਹੱਸ ਕੁਰਬਾਨ ਹੋ ਗਏ, ਜ਼ਾਲਮ ਮੁਗਲੀਆ ਸਰਕਾਰ ਦੀ ਈਂਨ ਨਹੀਂ ਮੰਨੀ ਪਰ ਅੱਜ ਦੇ ਨਕਲੀ ਬਾਬੇ, ਉਨ੍ਹਾਂ ਬੀਰ-ਬਹਾਦਰ ਬਾਬਿਆਂ ਦੀਆਂ ਅਸਲੀ ਯਾਦਗਾਰਾਂ ਉੱਤੇ ਬਦਨੀਤੀ ਦਾ ਕੁਹਾੜਾ ਚਲਾ ਕੇ ਅਸਲੀ ਨਾਮੋਂ-ਨਿਸ਼ਾਨ ਹੀ ਮਿਟਾਈ ਜਾ ਰਹੇ ਹਨ। ਸਿੱਖ-ਪੰਥ ਨੂੰ ਇਧਰ ਫੌਰੀ ਧਿਆਨ ਦੇਣਾ ਚਾਹੀਦੈ ਨਹੀਂ ਤਾਂ ਇਹ ਸਰਕ-ਾਰਾਂ ਦੇ ਵੋਟ ਬੈਂਕ ਲਈ ਪ੍ਰਮੋਟ ਕੀਤੇ ਹੋਏ ਨਕਲੀ ਬਾਬੇ ਸ਼ਹੀਦਾਂ ਦੀਆਂ ਅਸਲੀ ਯਾਦਾਂ ਦਾ ਪੁਰਜਾ-ਪੁਰਜਾ ਕੱਟ ਦੇਣਗੇ ਅਤੇ ਸਿੱਖ-ਸਿਧਾਂਤਾਂ ਨੂੰ ਬਦਨੀਤੀ ਦੀਆਂ ਨੀਹਾਂ ਵਿੱਚ ਚਿਣਦੇ ਹੋਏ ਉਨ੍ਹਾਂ ਉੱਪਰ ਬ੍ਰਾਹਮਣਵਾਦ, ਮਿਥਿਹਾਸ ਅਤੇ ਪਾਖੰਡਵਾਦ ਦਾ ਗਿਲਾਫ ਚੜ੍ਹਾ ਦੇਣਗੇ। ਜਰਾ ਸੋਚੋ! ਜੇ ਛੋਟੀ ਉੱਮਰ ਵਿੱਚ ਸਾਹਿਬਜ਼ਾਦੇ ਸੁਚੇਤ ਸਨ ਤਾਂ ਸਾਨੂੰ ਵੀ ਉਨ੍ਹਾਂ ਦੇ ਜੀਵਨ ਤੋਂ ਸਿਖਿਆ ਲੈ ਕੇ, ਅਜੋਕੇ ਸਿੱਖ ਬ੍ਰਾਹਮਣ ਅਤੇ ਸੰਤ-ਬਾਬਾਵਾਦ ਤੋਂ ਸੁਚੇਤ ਹੋਣਾ ਚਾਹੀਦਾ ਹੈ। ਇਹ ਹੀ ਸੱਚੀ ਸ਼ਰਧਾਂਜਲੀ ਹੋਵੇਗੀ ਉਨ੍ਹਾਂ ਬੀਰ-ਬਹਾਦਰ ਗੁਰੂ ਕੇ ਲਾਲਾਂ ਨੂੰ ਕਿ ਅਸੀਂ ਵੀ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਬੀਰ-ਗਾਥਾਵਾਂ ਪੜ੍ਹਾ-ਸੁਣਾ ਕੇ ਯੂਨੀਵਰ ਸਲ ਸਿੱਖ ਧਰਮ ਦੇ ਵਿਰਸੇ ਨਾਲ ਜੋੜੀਏ ਤਾਂ ਕਿ ਸਾਡੇ ਬੱਚੇ ਵੀ ਸਿੱਖੀ-ਸਿਧਾਂਤਾਂ ਦੇ ਧਾਰਨੀ, ਮਾਡਲ ਅਤੇ ਪ੍ਰਚਾਰਕ ਬਣ ਕੇ, ਸਿੱਖ-ਕੌਮ ਦਾ ਸਿਰ ਉੱਚਾ ਕਰ ਸਕਣ। ਐਸੀਆਂ ਬੀਰ-ਬਹਾਦਰ ਜਿੰਦਾਂ ਜਿਨ੍ਹਾਂ ਨੇ ਬਹੁਤ ਵੱਡੀ ਮੁਗਲੀਆ ਹਕੂਮਤ ਦੀ ਈਂਨ ਨਹੀਂ ਮੰਨੀ ਤੇ ਮੁਗਲਾਂ ਦੇ ਜ਼ਾਲਮ ਰਾਜ ਦੀਆਂ ਜੜਾਂ ਪੰਜਾਬ ਤੇ ਭਾਰਤ ਚੋਂ ਪੁੱਟਦੇ ਹੋਏ, ਬੀਰ-ਰਸੀ ਅੰਦਾਜ਼ ਵਿੱਚ ਸ਼ਹਾਦਤਾਂ ਦੇ ਜਾਮ ਪੀਤੇ ਅਜਿਹੇ ਹੋਣਹਾਰ ਪ੍ਰਵਾਨਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕੋਟਿ ਕੋਟਿ ਪ੍ਰਨਾਮ!



ਅਵਤਾਰ ਸਿੰਘ
ਮਿਸ਼ਨਰੀ
510-432-5827

# ਲਾਮਿਸਾਲ ਸਾਕੇ ਵਰਤਾਏ ਬੀਰ-ਬਹਾਦਰ ਜਿੰਦਾਂ ਨੇ

(ਸਫਾ 6 ਦੀ ਬਾਕੀ)

ਮਹਾਂਬਲੀ ਗੁਰੂ ਜੀ ਨੇ ਇਸ ਦਾ ਜਵਾਬ ਤੀਰਾਂ ਦੀ ਬੁਛਾੜ ਵਿੱਚ ਦਿੱਤਾ। ਚੌਹੋਂ ਤਰਫੋਂ ਹੀ ਦੁਸ਼ਮਣਾਂ ਨੇ ਹਮਲੇ ਅਰੰਭ ਦਿੱਤੇ ਪਰ ਉਨ੍ਹਾਂ ਦੀ ਗੜ੍ਹੀ ਦੇ ਨੇੜੇ ਢੁੱਕਣ ਦੀ ਜ਼ੁਰਅਤ ਹੀ ਨਹੀਂ ਸੀ ਪੈਂਦੀ। ਜਦ ਜਰਨੈਲ ਨਾਹਰ ਖਾਂ ਪੌੜੀ ਦੁਆਰਾ ਛੁਪ ਕੇ ਗੜੀ ਦੀ ਕੰਧ ਤੇ ਚੱੜ੍ਹੇ ਨੇ, ਅਜੇ ਦੁਵਾਰ ਤੋਂ ਥੋੜਾ ਕੁ ਸਿਰ ਉੱਪਰ ਚੁੱਕਿਆ ਹੀ ਸੀ, ਉਹ ਸਤਿਗੁਰਾਂ ਦੇ ਤੀਰ ਦਾ ਨਿਸ਼ਾਨਾਂ ਬਣ ਗਿਆ। ਗਨੀ ਖਾਂ ਨੂੰ ਗੁਰੂ ਜੀ ਨੇ ਗੁਰਜ ਦੇ ਇੱਕ ਵਾਰ ਨਾਲ ਹੀ ਭੰਨਿਆਂ ਅਤੇ ਖਵਾਜਾ-ਮਰਦੂਦ ਕੰਧ ਓਲ੍ਹੇ ਛੁਪ ਕੇ ਬਚਿਆ। ਇਸ ਬਾਰੇ ਗੁਰੂ ਜੀ ਨੇ ਲਿਖਿਆ ਕਿ ਅਫਸੋਸ! ਜੇਕਰ ਉਹ ਸਾਹਮਣੇ ਆ ਜਾਂਦਾ ਤਾਂ ਮੈਂ ਇੱਕ ਤੀਰ ਉਸ ਨੂੰ ਵੀ ਬਖਸ਼ ਦਿੰਦਾ-

ਕਿ ਆਂ ਖਵਾਜਾ ਮਰਦੂਦ ਸਾਯਹ ਦਿਵਾਰ॥ ਬ-ਮੈਦਾਂ ਨਿਆਮਦ ਬ-ਮਰਦਾਨਹ ਵਾਰ॥੩੪॥
ਦਰੇਗਾ! ਅਗਰ ਰੂਏ ਓ ਦੀਦਮੇ॥ ਬਯਕ ਤੀਰ ਲਾਚਾਰ ਬਖਸ਼ੀਦਮੇ॥੩੫॥

ਜਿੱਥੇ ਗੁਰੂ ਜੀ ਉੱਚੀ ਅਟਾਰੀ ਵਿੱਚੋਂ ਜ਼ਾਲਮ ਤੁਰਕਾਂ ਦੇ ਚੋਣਵੇਂ ਜਰਨੈਲਾਂ ਨੂੰ ਫੁੰਡ ਰਹੇ ਸਨ ਓਥੇ ੫-੫ ਸਿੰਘ ਜਥਿਆਂ ਦੇ ਰੂਪ ਵਿੱਚ ਕੱਚੀ ਗੜ੍ਹੀ ਤੋਂ ਬਾਹਰ ਆ ਕੇ ਵੈਰੀ ਨੂੰ ਚਣੇ ਚਬਾਉਂਦੇ ਸ਼ਹੀਦ ਹੋ ਰਹੇ ਸਨ। ਐਸਾ ਵੇਖਦਿਆਂ ਜਦੋਂ ਬੀਰ ਬਹਾਦਰ ਗੁਰੂ ਜੀ ਦੇ ਬੀਰ ਸਪੁੱਤਰਾਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਗੁਰਸਿੱਖ ਵੀਰਾਂ ਵਾਂਗ ਜੰਗ ਵਿੱਚ ਜੂਝਣ ਦੀ ਆਗਿਆ ਮੰਗੀ ਤਾਂ ਗੁਰਦੇਵ ਪਿਤਾ ਜੀ ਨੇ ਪ੍ਰਸੰਨ ਹੋ ਕਿਹਾ ਪੁਤਰੋ! ਇਸ ਵੇਲੇ ਪੰਥਕ ਬੇੜੇ ਦੇ ਮਲਾਹ ਤੁਸੀਂ ਹੀ ਦਿਸ ਰਹੇ ਹੋ। ਜਾਓ! ਆਪਣੇ ਖੂਨ ਦੀ ਨਦੀ ਵਹਾ ਦਿਓ ਤਾਂ ਕਿ ਜ਼ੁਲਮ ਦੇ ਬਰੇਟੇ ਵਿੱਚ ਅਟਕਿਆ ਸਿੱਖੀ ਦਾ ਬੇੜਾ ਕਿਨਾਰੇ ਲੱਗ ਜਾਵੇ। ਇਸ ਵਾਕਿਆ ਬਾਰੇ ਵੀ ਮੁਸਲਮ ਕਵੀ ਅਲ੍ਹਾਯਾਰ ਖਾਂ ਨੇ ਲਿਖਿਆ ਹੈ-

ਬੇਟਾ ਹੋ ਤੁਮ੍ਹੀ ਪੰਥ ਕੇ ਖਿਵੱਯਾ। ਸਰ ਭੇਟ ਕਰੋ ਤਾਂ ਕਿ ਚਲੇ ਧਰਮ ਦੀ ਨਯਾ।
ਖਾਹਸ਼ ਹੈ ਤੁਮ੍ਹੇ ਤੇਗ ਚਲਾਤੇ ਹੂਏ ਦੇਖੇਂ। ਹਮ ਆਂਖ ਸੇ ਬਰਛੀ ਤੁਮੇ ਖਾਤੇ ਹੂਏ ਦੇਖੇਂ।

ਕਿਹਾ ਜਾਂਦਾ ਹੈ ਸਿੰਘਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਆਪ ਸਾਹਿਬਜ਼ਾਦਿਆਂ ਨੂੰ ਲੈ ਕੇ ਗੜ੍ਹੀ ਚੋਂ ਨਿਕਲ ਜਾਓ ਤਾਂ ਕਿ ਪੰਥ ਦੀ ਸਫਲ ਅਗਵਾਈ ਹੋ ਸਕੇ ਤਾਂ ਉੱਤਰ ਵਿੱਚ ਗੁਰੂ ਜੀ ਬੋਲੇ ਸਿੰਘੋ! ਮੈਂ ਤੁਹਾਡੇ ਤੋਂ ਲੱਖ ਵਾਰ ਬਲਿਹਾਰ ਹਾਂ, ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ? ਆਪ ਸਾਰੇ ਹੀ ਮੇਰੇ ਲਈ ਸਾਹਿਬਜ਼ਾਦੇ ਹੋ। ਖਾਲਸਾ ਜੀ! ਮੇਰਾ ਸਭ ਕੁਝ ਤੁਹਾਡੀ ਬਦੌਲਤ ਹੀ ਹੈ। ਕਮਾਲ ਦੀ ਗੱਲ ਜੋ ਗੁਰੂ ਪਾਤਸ਼ਾਹ ਨੂੰ ਸੰਸਾਰ ਭਰ ਦੇ ਰਹਿਬਰਾਂ ਚੋਂ ਸਿਰਮੌਰ ਕਰਦੀ ਹੈ, ਉਹ ਇਹ ਹੈ ਕਿ ਆਪਣੇ ਬਿੰਦੀ ਸਪੁੱਤਰ ਅੱਖਾਂ ਸਾਹਮਣੇ ਪੁਰਜਾ-ਪੁਰਜਾ ਕੱਟ ਕੇ ਸ਼ਹੀਦ ਹੁੰਦੇ ਹਨ ਅਤੇ ਪਿਤਾ ਗੁਰੂ ਜੀ ਖੁਸ਼ੀ ਵਿੱਚ ਜੈਕਾਰੇ ਛੱਡਦੇ ਹੋਏ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹਨ। ਇਸ ਸੀਨ ਨੂੰ ਕਵੀ ਨੇ ਬੜਾ ਸਮੁੰਦਰ ਲਿਖਿਆ ਹੈ-

ਕਰੀ ਅਰਦਾਸ ਸਤਿਗੁਰੂ ਨੇ ਅਮਾਨਤ ਪੁਜਾਈ ਤੇਰੀ। ਕਰਜ਼ਾ ਅਦਾ ਹੂਆ ਹੈ ਕੁਛ ਰਹਿਮਤ ਹੂਈ ਤੇਰੀ।
ਦੋ ਰਹੇ ਗਏ ਹੈ ਬਾਕੀ ਦੋ ਭੀ ਫਿਦਾ ਕਰੂੰਗਾ। ਰਹਿਮਤ ਤੇਰੀ ਕਾ ਮਾਲਿਕ ਤਬ ਸ਼ੁਕਰ ਅਦਾ ਕਰੂੰਗਾ।

ਆਖਰ ਜਦ ਲੱਖਾਂ ਵੈਰੀਆਂ ਅਤੇ ਉਨ੍ਹਾਂ ਦੇ ਸਿਰਕੱਢ ਜਰਨੈਲਾਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਪੰਜਾਂ ਪਿਆਰਿਆਂ ਚੋਂ ਗੁਰੂ ਦੇ ਤਿੰਨ ਪਿਆਰੇ, ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਿੰਘ ਸਮੇਤ ੪੦ ਸਿੰਘ ਸ਼ਹੀਦ ਹੋ ਗਏ। ਬਾਕੀ ਬਚੇ ਸਿੰਘਾਂ ਨੇ ਗੁਰੂ ਖਾਲਸੇ ਦੇ ਰੂਪ ਵਿੱਚ ਗੁਰੂ ਜੀ ਨੂੰ ਪੰਥ ਦੇ ਭਲੇ ਲਈ ਔਖੇ ਵੇਲੇ ਗੜ੍ਹੀ ਛੱਡਣ ਦਾ ਹੁਕਮ ਕੀਤਾ ਤਾਂ ਗੁਰੂ-ਖਾਲਸੇ ਦਾ ਹੁਕਮ ਸਿਰ ਮੱਥੇ ਤੇ ਮੰਨ ਕੇ ਗੁਰੂ ਜੀ ਯੁੱਧ ਨੀਤੀ ਵਰਤਦੇ ਹੋਏ, ਵੈਰੀ ਨੂੰ ਭੁਲੇਖਾ ਪੌਣ ਲਈ, ਆਪਣੀ ਥਾਂ ਭਾਈ ਸੰਗਤ ਸਿੰਘ ਦੇ ਸਿਰ ਕਲਗੀ ਤੋੜਾ ਸਜਾ ਗਏ, ਜਿਸ ਦੀ ਸ਼ਕਲ ਵੀ ਗੁਰੂ ਜੀ ਨਾਲ ਮਿਲਦੀ ਸੀ। ਗੁਰੂ ਜੀ ਅਤੇ ਨਾਲ ਜਾਣ ਵਾਲੇ ਸਿੱਖ ਰਾਤ ਵੇਲੇ, ਜਦ ਵੈਰੀ ਨਸ਼ੇ ਅਤੇ ਥਕਾਵਟ ਦੀ ਨੀਂਦ ਵਿੱਚ ਸਨ, ਇੱਕੋ ਸਮੇਂ ਚਾਰ ਤਰਫੋਂ ਤਾੜੀਆਂ ਮਾਰਦੇ ਹਰਨ ਹੋ ਗਏ। ਵੈਰੀ ਦਲ ਵਿੱਚ ਹਲਚਲ ਮੱਚ ਗਈ ਅਤੇ ਉਹ ਉਭੜਵਾਹੇ ਆਪਣਿਆਂ ਨੂੰ ਹੀ ਵੱਢੀ ਗਏ। ਆਖਰ ਗੜ੍ਹੀ ਵਿੱਚ ਬਚੇ ਸਿੰਘ ਭਾ. ਸੰਗਤ ਸਿੰਘ ਨਾਲ ਮੈਦਾਨੇ ਜੰਗ ਵਿੱਚ ਕੁੱਦ ਕੇ, ਅਨੇਕਾਂ ਵੈਰੀਆਂ ਦੇ ਸਿਰ ਖਰਬੂਜੇ ਵਾਂਗ ਕੱਟਦੇ ਹੋਏ ਸ਼ਹੀਦ ਹੋ ਗਏ। ਜਦੋਂ ਭਾ. ਸੰਗਤ ਸਿੰਘ ਦਾ ਸੀਸ ਵੈਰੀਆਂ ਨੂੰ ਜੰਗੇ ਮੈਦਾਨ ਚੋਂ ਮਿਲਿਆ ਤਾਂ ਉਹ ਖੁਸ਼ੀਆਂ ਵਿੱਚ ਭੰਗੜੇ ਪੌਣ ਲੱਗੇ ਕਿ ਅੱਜ ਅਸੀਂ ਸਿੱਖਾਂ ਦੇ ਗੁਰੂ ਗੋਬਿੰਦ ਸਿੰਘ ਨੂੰ ਮਾਰ ਮੁਕਾਇਆ ਹੈ ਪਰ ਜਦ ਛਾਣਬੀਣ ਕੀਤੀ ਗਈ ਤਾਂ ਉਹ ਹੱਥ ਮਲਦੇ ਹੀ ਰਹਿ ਗਏ। ਏਨੇ ਨੂੰ ਗੁਰੂ ਸਾਹਿਬ ਮਾਛੀਵਾੜੇ ਜੰਗਲ ਵਿੱਚ ਪਹੁੰਚ ਕੇ, ਥੱਕੇ ਹੋਣ ਕਰਕੇ ਟਿੰਡ ਦਾ ਸਰਹਾਣਾ ਲਾ ਸੌਂ ਗਏ। ਓਧਰ ਤਾਰਿਆਂ ਦੀ ਸੇਧ ਉੱਤੇ ਭਾ. ਦਯਾ ਸਿੰਘ, ਭਾ. ਧਰਮ ਸਿੰਘ ਅਤੇ ਭਾ. ਮਾਨ ਸਿੰਘ ਵੀ ਜਗਲੋ-ਜੰਗਲੀ ਗੁਰੂ ਦੀ ਭਾਲ ਕਰਦੇ ਹੋਏ ਗੁਰੂ ਜੀ ਨੂੰ ਜਾ ਮਿਲੇ। ਇੱਥੇ ਹੀ ਸੇਵਾ ਦਾ ਮੌਕਾ ਜਾਣ ਗੁਰੂ ਜੀ ਦੇ ਸੇਵਕ ਭਾਈ ਪੰਜਾਬਾ ਤੇ ਗੁਲਾਬਾ ਜਾਨ ਤਲੀ ਤੇ ਰੱਖ ਕੇ ਗੁਰੂ ਜੀ ਨੂੰ ਆਪਣੇ ਘਰ ਲੈ ਗਏ।

ਓਧਰ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਗੁਰੂ ਘਰ ਦੇ ਲੰਬੇ ਸਮੇਂ ਦੇ ਰਸੋਈਏ ਗੰਗੂ ਦੇ ਘਰ ਪਹੁੰਚ ਗਏ ਸਨ। ਜਦ ਗੰਗੂ ਦੇ ਘਰ ਰਾਤ ਵੇਲੇ ਥਕਾਵਟ ਕਾਰਨ ਮਾਤਾ ਜੀ ਅਤੇ ਛੋਟੇ ਬੱਚੇ ਗੂੜੀ ਨੀਂਦ ਸੌਂ ਗਏ ਤਾਂ ਪਾਪੀ ਗੰਗੂ ਦਾ ਮਨ ਬੇਈਮਾਨ ਹੋ ਗਿਆ ਅਤੇ ਮਾਤਾ ਜੀ ਦੇ ਸਿਰਹਾਣਿਓਂ ਕੀਮਤੀ ਮੋਹਰਾਂ ਵਾਲੀ ਥੈਲੀ ਖਿਸਕਾ ਲਈ। ਜਦ ਸਵੇਰੇ ਮਾਤਾ ਗੁਜਰੀ ਜੀ ਨੇ ਪੁੱਛਿਆ ਵੇ ਗੰਗਿਆ ਥੈਲੀ ਕਿੱਥੇ ਹੈ? ਤਾਂ ਇਸ ਨੇ ਉੱਲਟਾ ਮਾਤਾ ਜੀ ਨੂੰ ਹੀ ਬੁਰਾ ਭਲਾ ਬੋਲਣਾ ਸ਼ੁਰੂ ਕਰ ਦਿੱਤਾ ਕਿ ਤੁਸੀਂ ਮੈਨੂੰ ਚੋਰ ਸਮਝਦੇ ਹੋ? ਇਉਂ ਗੁੱਸੇ ਵਿੱਚ ਆਏ ਨੀਚ ਬ੍ਰਾਹਮਣ ਨੇ, ਲਾਲਚ ਵਿੱਚ ਆ ਕੇ ਕਿ ਜੇ ਮੈਂ ਹਕੂਮਤ ਨੂੰ ਗੁਰੂ ਦੇ ਬੱਚੇ ਫੜਾ ਦਿਆਂ ਤਾਂ ਵੱਡਾ ਇਨਾਮ ਪਾਵਾਂਗਾ, ਇਸ ਬਦਨੀਤ ਨਾਲ ਲਾਗਲੇ ਥਾਣੇ ਮੋਰਿੰਡੇ ਵਿਖੇ ਜਾ ਇਤਲਾਹ ਦਿੱਤੀ। ਗੰਗੂ ਬ੍ਰਾਹਮਣ ਨਮਕ ਹਰਾਮੀ ਨਿਕਲਿਆ, ਗੁਰੂ ਦੇ ਬੱਚਿਆਂ ਅਤੇ ਮਾਤਾ ਜੀ ਨੂੰ ਮੋਰਿੰਡੇ ਥਾਣੇ ਫੜਾ ਦਿੱਤਾ। ਮੋਰਿੰਡੇ ਦੇ ਕੋਤਵਾਲ ਨੇ ਆਪਣੇ ਸਿਪਾਹੀਆਂ ਸਮੇਤ ਗੰਗੂ ਦੀ ਸੂਹ ਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਸੂਬਾ ਸਰਹੰਦ ਦੀ ਕਚਹਿਰੀ ਵਿੱਚ ਪੇਸ਼ ਕੀਤਾ। ਸੂਬਾ ਵਜ਼ੀਰ ਖਾਂ ਫੁੱਲਿਆ ਨਹੀਂ ਸੀ ਸਮਾ ਰਿਹਾ ਕਿ ਹੁਣ *ਗੁਰੂ* ਦੇ ਬੱਚੇ ਮੇਰੇ ਕਬਜ਼ੇ ਵਿੱਚ ਆ ਜਾਣ ਕਰਕੇ ਮੈਂ ਔਰੰਗਜ਼ੇਬ ਨੂੰ ਮੂੰਹ ਦਿਖਾਉਣ ਯੋਗਾ ਹੋ ਗਿਆ ਹਾਂ। ਮਾਤਾ ਗੁਜ਼ਰੀ ਅਤੇ ਬੱਚਿਆਂ ਨੂੰ ਠੰਡੇ ਬੁਰਜ਼ ਵਿੱਚ ਕੈਦ ਕਰ ਦਿਤਾ ਗਿਆ। ਓਧਰ ਗੁਰੂ ਦੇ ਪ੍ਰੇਮੀ ਭਾਈ ਮੋਤੀ ਮਹਿਰੇ ਨੇ ਜਾਨ ਹੂਲ ਕੇ ਮਾਤਾ ਜੀ ਅਤੇ ਦੋਵਾਂ ਸਾਹਿਬਜ਼ਾਦਿਆਂ ਨੂੰ ਦੁੱਧ ਪਿਆਉਣ ਦੀ ਸੇਵਾ ਕੀਤੀ। ਮਾਤਾ ਗੁਜ਼ਰੀ ਜਿਨ੍ਹਾਂ ਉੱਤੇ ਅਨੇਕ ਮਸੀਬਤਾਂ ਗੁਜ਼ਰੀਆਂ ਸਨ ਐਸੇ ਭਿਆਨਕ ਸਮੇਂ ਵੀ ਘਬਰਾਏ ਨਹੀਂ ਸਗੋਂ ਅਕਾਲ ਦੇ ਭਾਣੇ ਵਿੱਚ ਰਹਿੰਦਿਆਂ, ਪੋਤਿਆਂ ਨੂੰ ਉਨ੍ਹਾਂ ਦੇ ਪੜਦਾਦਾ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਅਤੇ ਦਾਦਾ ਗੁਰੂ ਤੇਗ਼ਬਹਾਦਰ ਵੱਲੋਂ ਵਰਤਾਏ ਸਾਕੇ ਅਤੇ ਕੁਰਬਾਨੀ ਦੀਆਂ ਸਾਖੀਆਂ ਸੁਣਾਂਦੇ ਰਹੇ ਕਿ ਬੱਚਿਓ! ਡੋਲਣਾਂ ਨਹੀਂ ਤੁਹਾਡਾ ਵਿਰਸਾ ਬੜਾ ਮਹਾਂਨ ਹੈ। ਗੁਰੂ ਪੁੱਤਰਾਂ ਨੇ ਕਿਹਾ ਮਾਤਾ ਜੀ ਤੁਸੀਂ ਫਿਕਰ ਨਾਂ ਕਰੋ ਧਰਮ ਹੇਤ ਸਾਡੀ ਜਾਨ ਵੀ ਚਲੀ ਜਾਵੇ ਡੋਲਾਂਗੇ ਨਹੀਂ-

ਧੰਨ ਭਾਗ ਹਮਰੇ ਹੈ ਮਾਈ। ਧਰਮ ਹੇਤ ਤਨ ਜੇ ਕਰ ਜਾਈ।(ਗੁਰ ਸ਼ੋਭਾ ਕਵੀ ਸੈਨਾਪਤੀ)

ਮਾਤਾ ਜੀ ਪੋਤਿਆਂ ਦੇ ਅਜਿਹੇ ਬੋਲ ਸੁਣ ਕੇ ਬੜੇ ਪ੍ਰਸੰਨ ਹੋਏ ਅਤੇ ਅਸ਼ੀਰਵਾਦ ਦਿੱਤੀ।

ਅਗਲੇ ਦਿਨ ਬੱਚਿਆਂ ਨੂੰ ਸੂਬਾ ਸਰਹਿੰਦ ਨਵਾਬ ਵਜ਼ੀਰ ਖਾਂ ਕੋਲ ਪੇਸ਼ ਕਰਨ ਲਈ ਸੂਬੇ ਦੇ ਸਿਪਾਹੀ ਲੈ ਗਏ। ਬੱਚਿਆਂ ਕੀ ਦੇਖਿਆ ਕਚਹਿਰੀ ਦਾ ਵੱਡਾ ਦਰਵਾਜਾ ਬੰਦ ਕਰ ਦਿੱਤਾ ਗਿਆ ਹੈ ਤੇ ਨਿੱਕੀ ਜਿਹੀ ਬਾਰੀ ਖੁੱਲ੍ਹੀ ਹੈ, ਦੇ ਅੰਦਰ ਜਾਣ ਸਮੇਂ ਝੁਕਣਾ ਪੈਣਾ ਹੈ। ਹੋਣਹਾਰ ਬੱਚੇ ਜ਼ਾਲਮਾਂ ਦੀ ਚਾਲ ਸਮਝ ਗਏ ਅਤੇ ਬਿਨਾ ਸੀਸ ਝੁਕਾਏ ਪਹਿਲਾਂ ਪੈਰ ਅੰਦਰ ਕਰ, ਸੂਬੇ ਦੀ ਕਚਹਿਰੀ ਵਿੱਚ ਦਾਖਲ ਹੋਏ ਅਤੇ ਪਹੁੰਚਦਿਆਂ ਹੀ ਗੱਜ ਵੱਜ ਕੇ ਫਤਿਹ ਬੁਲਾਈ-ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਿਹ॥ ਸਾਰੀ ਕਚਹਿਰੀ ਗੂੰਜ ਉੱਠੀ ਇਹ ਦੇਖ ਸੂਬੇ ਸਮੇਤ ਸਾਰੇ ਦਰਬਾਰੀ ਅਤੇ ਲੋਕ ਹੱਕੇ ਬੱਕੇ ਰਹਿ ਗਏ! ਸੂਬਾ ਵਜ਼ੀਰ ਖਾਂ ਬਹਾਦਰ ਬੱਚਿਆਂ ਨੂੰ ਪੁਚਕਾਰ ਕੇ ਕਹਿਣ ਲੱਗਾ ਅਜੇ ਤੁਸੀਂ ਜਵਾਨੀ ਦੇ ਸੁਖ ਭੋਗਣੇ ਹਨ ਇਸ ਲਈ ਇਸਲਾਮ ਕਬੂਲ ਲਓ, ਤੁਹਾਡੀ ਜਾਨ ਬਚ ਜਾਵੇਗੀ, ਤੁਹਾਡੇ ਵਿਆਹ ਚੰਗੇ ਘਰਾਂ ਵਿੱਚ ਕਰ, ਰਾਜ ਭਾਗ ਦਿੱਤੇ ਜਾਣਗੇ। ਸਾਹਿਬਜ਼ਾਦੇ ਬੋਲੇ ਲਾਲਚ ਤੇ ਮੌਤ ਦੇ ਡਰਾਵੇ ਨਾਲ ਧਰਮ ਨਹੀਂ ਬਦਲੀਦਾ, ਇਹ ਧੱਕੇਸ਼ਾਹੀ ਹੈ। ਅਸੀਂ ਗੁਰੂ ਨਾਨਕ ਸਾਹਿਬ ਜੀ ਵੱਲੋਂ ਦਿੱਤਾ ਸਰਬਸਾਂਝਾ ਧਰਮ ਨਹੀਂ ਬਦਲਾਂਗੇ ਸਾਨੂੰ ਕੋਈ ਲਾਲਚ ਜਾਂ ਡਰਾਵਾ ਧਰਮ ਤੋਂ ਡੁਲਾ ਨਹੀਂ ਸਕਦਾ। ਅਸੀਂ ਉਸ ਗੁਰੂ ਦੇ ਬੱਚੇ ਹਾਂ ਜੋ ਦੂਜਿਆਂ ਦਾ ਵੀ ਧਰਮ ਬਚਾਉਂਦਾ ਹੈ। ਸੂਬੇ ਨੇ ਕਾਜ਼ੀ ਨੂੰ ਕਿਹਾ, ਸੁਣ ਲਿਆ ਜੇ ਇਨ੍ਹਾਂ ਦਾ ਗੁਸਤਾਖੀ ਭਰਿਆ ਜਵਾਬ! ਇਨ੍ਹਾਂ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ ਤਾਂ ਕਾਜ਼ੀ ਨੇ ਜਵਾਬ ਦਿੱਤਾ ਸ਼ਰ੍ਹਾ ਮਸੂਮਾਂ ਅਤੇ ਬੇਗੁਨਾਹਾਂ ਨੂੰ ਸਜਾ ਦੀ ਇਜ਼ਾਜਤ ਨਹੀਂ ਦਿੰਦੀ, ਇਸ ਲਈ ਬਾਪ ਦੇ ਜ਼ੁਰਮ ਦੀ ਸਜਾ ਬੱਚਿਆਂ ਨੂੰ ਨਹੀਂ ਦਿੱਤੀ ਜਾ ਸਕਦੀ। ਕਾਜ਼ੀ ਤੋਂ ਇਹ ਸੁਣ ਕੇ ਵਜ਼ੀਰ ਖਾਂ ਬੜਾ ਹੈਰਾਨ ਹੋਇਆ ਕਿ ਹੈਂ ਆਪਣੇ ਧਰਮ ਉੱਤੇ ਇਨ੍ਹਾਂ ਨੂੰ ਕਿਨ੍ਹਾ ਫਕਰ ਹੈ!

ਕਹਿੰਦੇ ਹਨ ਕਿ ਨਵਾਬ ਬੱਚਿਆਂ ਨੂੰ ਛੱਡਣ ਲਈ ਸੋਚ ਹੀ ਰਿਹਾ ਸੀ ਕਿ ਏਨੇ ਨੂੰ ਸਰਕਾਰ ਦਾ ਝੋਲੀ ਚੁੱਕ ਦੀਵਾਨ ਸੁੱਚਾ (ਝੂਠਾ) ਨੰਦ ਬੋਲ ਉੱਠਿਆ ਬੱਚਿਓ! ਜੇ ਤੁਹਾਨੂੰ ਛੱਡ ਦਿੱਤਾ ਜਾਏ ਤਾਂ ਕਿੱਥੇ ਜਾਓਗੇ ਅਤੇ ਕੀ ਕਰੋਗੇ? ਸਾਹਿਬਜ਼ਾਦੇ ਬੋਲੇ ਜੰਗਲਾਂ ਵਿੱਚ ਜਾ ਕੇ ਸਿੱਖ ਸੂਰਮਿਆਂ ਨੂੰ ਇਕੱਠੇ ਕਰਾਂਗੇ ਅਤੇ ਜ਼ਾਲਮ ਸਰਕਾਰ ਨਾਲ ਜੰਗ ਕਰਾਂਗੇ। ਝੂਠਾ ਨੰਦ ਕਹਿਣ ਲੱਗਾ ਤੁਹਾਡਾ ਬਾਪ ਮਾਰਿਆ ਗਿਆ ਹੈ ਜਿਦ ਛੱਡੋ ਅਤੇ ਨਵਾਬ ਦਾ ਕਹਿਣਾ ਮੰਨ ਲਓ ਤਾਂ ਦੋਵੇ ਸਾਹਿਬਜ਼ਾਦੇ ਗਰਜ ਕੇ ਬੋਲੇ ਝੂਠ ਨਾਂ ਬੋਲੋ! ਸਾਨੂੰ ਤੁਹਾਡੀ ਨਸੀਹਤ ਦੀ ਲੋੜ ਨਹੀਂ, ਜਦ ਤੱਕ ਜ਼ਾਲਮ ਰਾਜ ਖਤਮ ਨਹੀਂ ਹੋ ਜਾਂਦਾ ਅਸੀਂ ਜ਼ੁਲਮ ਖਿਲਾਫ ਲੜਾਈ ਜਾਰੀ ਰੱਖਾਂਗੇ। ਇਹ ਦਲੇਰੀ ਭਰੇ ਬਚਨ ਸੁਣ ਕੇ ਬੁੜ ਬੁੜ ਕਰਦਾ ਦੀਵਾਨ ਝੂਠਾ ਨੰਦ ਸੂਬੇ ਕੋਲ ਆ ਬੋਲਿਆ ਕਿ ਨਵਾਬ ਸਾਹਿਬ ਸੱਪ ਨੂੰ ਮਾਰਨਾ ਅਤੇ ਉਸ ਦੇ ਬੱਚਿਆਂ ਨੂੰ ਪਾਲਣਾ ਕਿਧਰ ਦਾ ਚੰਗਾ ਹੈ?

ਨੀਕੇ ਬਾਲਕ ਮਤ ਤੁਮ ਜਾਣੋ। ਨਾਗੋਂ ਕੇ ਇਹ ਪੂਤ ਪਛਾਣੋ।ਤੁਮਰੇ ਹਾਥ ਆਜ ਯਹ ਆਏ। ਕਰੋ ਖਤਮ ਆਪੇ ਮਨ ਭਾਏ।

ਸੂਬੇ ਨੇ ਬੜੇ ਧਿਆਨ ਨਾਲ ਸੁਣਿਆਂ। ਜਦ ਸੂਬੇ, ਕਾਜ਼ੀ ਅਤੇ ਬੇਈਮਾਨ ਦੀਵਾਨ ਦੀ ਗੱਲ ਚੱਲ ਰਹੀ ਸੀ ਤਾਂ ਦੋਵੇਂ ਬਹਾਦਰ ਬੱਚੇ ਬੜੀ ਬੇਪ੍ਰਵਾਹੀ ਨਾਲ ਨਿਡਰ ਹੋ, ਆਪਸ ਵਿੱਚ ਗੱਲਾਂ ਬਾਤਾਂ ਕਰਦੇ, ਇਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਤੇ ਹੱਸ ਰਹੇ ਸਨ। ਦਰਬਾਰੀ ਅਤੇ ਹੋਰ ਲੋਕ ਹੈਰਾਨ ਹੋ ਰਹੇ ਸਨ ਕਿ ਬੱਚੇ ਬੜੇ ਅਣਖੀ ਹਨ ਇਨ੍ਹਾਂ ਨੂੰ ਮੌਤ ਦਾ ਭੋਰਾ ਵੀ ਡਰ ਨਹੀਂ। ਨਵਾਬ ਨੇ ਵੀ *ਝੂਠਾ ਨੰਦ* ਦੀ ਗੱਲ ਤੇ ਅਸਰ ਕਰਕੇ ਕਾਜ਼ੀ ਨੂੰ ਕਿਹਾ ਇਨ੍ਹਾਂ ਨੂੰ ਛੱਡਣਾ ਠੀਕ ਨਹੀਂ, ਇਹ ਆਪਣੇ ਬਾਪ ਵਾਂਗ ਬਗਾਵਤ ਦਾ ਝੰਡਾ ਖੜ੍ਹਾ ਕਰਨਗੇ। ਆਖਰ ਕਾਜ਼ੀ ਵੀ ਧਰਮ ਤੋਂ ਡੋਲਿਆ ਅਤੇ ਬਾਗੀ ਬੱਚਿਆਂ ਨੂੰ ਜਿੰਦੇ ਨੀਹਾਂ ਵਿੱਚ ਚਿਣਨ ਦਾ ਫਤਵਾ ਦੇ, ਨਵਾਬ ਵਜ਼ੀਰ ਖਾਂ ਨੂੰ ਇਹ ਸਲਾਹ ਦਿੱਤੀ ਕਿ ਇਨ੍ਹਾਂ ਨੂੰ ਨਵਾਬ ਮਲੇਰਕੋਟਲੇ ਦੇ ਹਵਾਲੇ ਕਰ ਦਿਓ ਕਿਉਂਕਿ ਇਨ੍ਹਾਂ ਦੇ ਗੁਰੂ ਪਿਤਾ ਨੇ ਨਵਾਬ ਮਲੇਰਕੋਟਲਾ ਦੇ ਭਰਾ ਨੂੰ ਲੜਾਈ ਵਿੱਚ ਮਾਰ ਦਿੱਤਾ ਸੀ।

ਮਲੇਰਕੋਟਲੇ ਨਵਾਬ ਨੂੰ ਹੋਰ ਭੜਕਾਇਆ ਕਿ ਤੁਹਾਡੇ ਭਰਾ ਨੂੰ ਗੁਰੂ ਨੇ ਮਾਰ ਦਿੱਤਾ ਸੀ ਹੁਣ ਮੌਕਾ ਹੈ ਤੁਸੀਂ ਬਦਲਾ ਲੈ ਲਓ। ਇਹ ਸੁਣ ਕੇ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਂ ਹੌਕਾ ਭਰ ਕੇ ਕਹਿਣ ਲੱਗਾ ਕਿ ਇਹ ਭਾਰੀ ਜ਼ਲਮ ਹੈ। ਮੇਰਾ ਭਰਾ ਤਾਂ ਲੜਾਈ ਵਿੱਚ ਲੜਦਾ ਮਾਰਿਆ ਗਿਆ ਸੀ ਪਰ ਇਨ੍ਹਾਂ ਮਸੂਮਾਂ ਦਾ ਕੀ ਕਸੂਰ ਹੈ? ਇਉਂ *ਆਹ ਦਾ ਨਾਹਰਾ* ਮਾਰਦਾ ਹੋਇਆ ਨਵਾਬ ਮਲੇਰਕੋਟਲਾ ਸੂਬੇ ਦੀ ਕਚਹਿਰੀ ਚੋਂ ਬਾਹਰ ਨਿਕਲ ਗਿਆ। ਇਧਰ ਨਵਾਬ ਵਜ਼ੀਰ ਖਾਂ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਦੋਹਾਂ ਗੁਸਤਾਖ ਬੱਚਿਆਂ ਨੂੰ ਠੰਡੇ ਬੁਰਜ ਵਿੱਚ ਘੱਲ ਕੇ, ਫੌਰਨ ਜ਼ਲਾਦਾਂ ਦਾ ਬੰਦੋਬਸਤ ਕੀਤਾ ਜਾਵੇ। ਸਾਹਿਬਜ਼ਾਦੇ ਦਾਦੀ ਮਾਤਾ ਕੋਲ ਪਹੁੰਚੇ ਅਤੇ ਸਾਰੀ ਗਲਬਾਤ ਸੁਣਾਈ ਤਾਂ ਮਾਤਾ ਜੀ ਨੇ ਬੱਚਿਆਂ ਨੂੰ ਘੁੱਟ ਗਲੇ ਲਗਾ ਕੇ ਕਿਹਾ ਬੱਚਿਓ ਤੁਸੀਂ ਮਹਾਨ ਹੋ! ਧਰਮ ਨਹੀ ਹਾਰਿਆ ਗੁਰੂ ਘਰ ਦੀ ਇਜ਼ਤ ਰੱਖ ਵਿਖਾਈ ਹੈ।

ਦੂਜੇ ਦਿਨ ਬੱਚਿਆਂ ਨੂੰ ਮੁੜ ਸੂਬੇ ਦੀ ਕਚਹਿਰੀ ਪੇਸ਼ ਕੀਤਾ ਗਿਆ। ਸੂਬੇ ਨੇ ਪੁੱਛਿਆ ਕਿ ਤੁਹਾਡਾ ਕੀ ਇਰਾਦਾ ਹੈ? ਦੀਨ ਕਬੂਲ ਹੈ ਜਾਂ ਮੌਤ। ਦੋਵੇਂ ਸ਼ੇਰ ਬੱਚੇ ਨਿਧੜਕ ਬੋਲੇ ਮਰਦਾਵੀਂ ਮੌਤ! ਓਧਰ ਜਦ ਕੋਈ ਜਲਾਦ ਇਹ ਪਾਪ ਕਰਨ ਲਈ ਤਿਆਰ ਨਾਂ ਹੋਇਆ ਤਾਂ ਦਿੱਲੀ ਤੋਂ ਸੂਬੇ ਸਰਹੰਦ ਦੀ ਕਚਹਿਰੀ ਵਿੱਚ ਪੇਸ਼ੀ ਭੁਗਤਾਉਣ ਲਈ ਲਿਆਂਦੇ ਜ਼ਲਾਦ ਸ਼ਾਸ਼ਲ ਅਤੇ ਬਾਸ਼ਲ ਬੇਗ ਇਸ ਸ਼ਰਤ ਉੱਪਰ ਇਹ ਕਾਰਾ ਕਰਨ ਨੂੰ ਤਿਆਰ ਹੋ ਗਏ ਕਿ ਉਨ੍ਹਾਂ ਨੂੰ ਮੁਕੱਦਮੇ ਚੋਂ ਬਰੀ ਕੀਤਾ ਜਾਵੇ, ਐਸਾ ਹੀ ਕੀਤਾ ਗਿਆ। ਜਦ ਜਲਾਦ ਆ ਗਏ ਤੇ ਕੰਬਦੇ ਹੱਥਾਂ ਨਾਲ ਦੀਵਾਰ ਦੀਆਂ ਇੱਟਾਂ ਇਧਰ-ਓਧਰ ਰੱਖਣ ਲੱਗੇ ਤਾਂ ਨਿੱਕੀਆਂ ਜਿੰਦਾਂ ਵੱਡੇ ਸਾਕੇ ਵਰਤਾਉਣ ਵਾਲੇ ਭੁਝੰਗੀ ਬੋਲੇ ਓ ਜ਼ਲਾਦੋ! ਜਲਦੀ ਕਰੋ ਮੁਗਲ ਰਾਜ ਦਾ ਖਾਤਮਾਂ ਕਰਦੇ ਹੋਏ ਪਾਪਾਂ ਦੀ ਦੀਵਾਰ ਹੋਰ ਉੱਚੀ ਕਰੋ। ਇਹ ਕਹਿ ਦੋਨੋਂ ਰੱਬੀ ਰਜ਼ਾ ਵਿੱਚ ਮਗਨ ਹੋ ਗਏ। ਅੱਲ੍ਹਾ ਯਾਰ ਖਾਂ ਲਿਖਦਾ ਹੈ ਕਿ ਨੀਹਾਂ ਵਿੱਚ ਚਿਣੇ ਜਾ ਰਹੇ ਗੁਰੂ ਦੇ ਬੀਰ ਸਪੁੱਤਰ ਬੜੀ ਖੁਸ਼ੀ ਵਿੱਚ ਕਹੇ ਰਹੇ ਸਨ-

ਹਮ ਜਾਨ ਦੇਕੇ ਔਰੋਂ ਕੀ ਜਾਨ ਬਚਾ ਚਲੇ। ਸਿੱਖੀ ਕੀ ਨੀਂਵ ਕੋ ਸਰੋਂ ਪਰ ਉਠਾ ਚਲੇ।
ਗੱਦੀ ਸੇ ਤਾਜ਼ੋ-ਤਖਤ ਬਸ ਕੌਮ ਪਾਏਗੀ। ਦੁਨੀਆਂ ਮੇਂ ਜ਼ਾਲਮੋਂ ਕਾ ਨਿਸ਼ਾਂ ਤੱਕ ਮਿਟਾਏਗੀ।

ਆਖਰ ੨੭ ਦਸੰਬਰ ੧੭੦੪ ਈ. ਨੂੰ ਬੜੀ ਬੇਦਰਦੀ ਨਾਲ ਮਸੂਮ ਬੱਚੇ ਕਤਲ ਕੀਤੇ ਗਏ ਅਤੇ ਮਾਤਾ ਜੀ ਨੂੰ ਵੀ ਠੰਡੇ ਬੁਰਜ ਵਿੱਚ ਸ਼ਹੀਦ ਕੀਤਾ ਗਿਆ। ਇਹ ਵਹਿਸ਼ੀਆਨਾਂ ਜੁਲਮ ਦੇਖ ਕੇ ਲੋਗ ਕਹਿ ਰਹੇ ਸਨ ਕਿ ਹੁਣ ਜ਼ਾਲਮ ਮੁਗਲ ਰਾਜ ਦੀਆਂ ਜੜਾਂ ਪੁੱਟੀਆਂ ਜਾਣਗੀਆਂ। ਦਿਨ ੨੯ ਦਸੰਬਰ ਨੂੰ ਗੁਰੂ ਘਰ ਦੇ ਸ਼ਰਧਾਲੂ ਦੀਵਾਨ ਟੋਡਰ ਮੱਲ ਖੱਤਰੀ ਨੇ ਮਹਿੰਗੀ ਜ਼ਮੀਨ ਖਰੀਦ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਸਸਕਾਰ ਕੀਤੇ ਜਿੱਥੇ ਗੁਰਦੁਆਰਾ ਜੋਤੀ ਸਰੂਪ ਸਥਿਤ ਹੈ। ਹਿੰਦੀ ਦੇ ਮਹਾਂਨ ਕਵੀ ਮੈਥਲੀ ਸ਼ਰਨ ਗੁਪਤਾ ਨੇ ਆਪਣੇ ਮਹਾਂਕਾਵਿ *ਭਾਰਤ-ਭਾਰਤੀ* ਵਿੱਚ ਇਸ ਘਟਨਾਂ ਨੂੰ ਇਉਂ ਬਿਆਨ ਕੀਤਾ ਹੈ-

ਜਿਸ ਕੁਲ ਕੌਮ ਜਾਤ ਕੇ ਬੱਚੇ ਦੇ ਸਕਤੇ ਹੈਂ ਯੂੰ ਬਲੀਦਾਨ। ਵਰਤਮਾਨ ਕੁਛ ਭੀ ਹੋ ਭਵਿਸ਼ ਹੈ ਉਸ ਕਾ ਬੜਾ ਮਹਾਨ।

ਪਾਠਕ ਜਨੋ! ਏਨੀ ਛੋਟੀ ਉੱਮਰ ਦੇ ਸ਼ਹੀਦਾਂ ਦੀ ਮਿਸਾਲ ਦੁਨੀਆਂ ਵਿੱਚ ਨਹੀਂ ਮਿਲਦੀ। ਛੋਟੇ ਬੱਚਿਆਂ ਨੇ ਵੱਡੇ ਬਜ਼ੁਰਗਾਂ ਵਾਲੇ ਕਾਰਨਾਮੇ ਕਰ ਦਿਖਾਏ। ਇਸ ਲਈ ਅਸੀਂ ਉਨ੍ਹਾਂ ਨੂੰ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਕਹਿ ਕੇ ਯਾਦ ਕਰਦੇ ਹਾਂ। ਗੁਰੂ ਜੀ ਦੇ ਧਰਮ ਯੁੱਧ ਦੇ ਚਾਅ ਨੂੰ ਦੇਖ ਕੇ ਪੰਜਾਬ ਦੇ ਲੋਕਾਂ ਵਿੱਚ ਏਨੀ ਜ਼ੁਰਅਤ ਭਰ ਗਈ ਕਿ ਉਹ ਗੁਰੂ ਪੰਥ ਤੋਂ ਆਪਾ ਨਿਛਾਵਰ ਕਰਨ ਲਈ ਤਿਆਰ ਹੋ ਗਏ।

ਇਹ ਸੀ ਲਾਮਿਸਾਲ ਸਾਕੇ ਬੀਰ ਬਹਾਦਰ ਜਿੰਦਾਂ ਦੇ, ਜਿਨ੍ਹਾਂ ਬਾਰੇ ਇਸ ਲੇਖ ਵਿੱਚ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਪਾਠਕ ਜਨੋ! ਦੇਖੋ ਭਰ ਜਵਾਨੀ ਅਤੇ ਬਚਪਨ ਵਿੱਚ ਗੁਰੂ ਕੇ ਲਾਲ ਧਰਮ, ਅਣਖ ਅਤੇ ਇਜ਼ਤ ਆਬਰੂ ਖਾਤਰ ਗੁਰੂ ਪੰਥ ਦਾ ਕੌਮੀ ਮਹਿਲ ਉਸਾਰਨ ਲਈ ਹੱਸ-ਹੱਸ ਕੁਰਬਾਨ ਹੋ ਗਏ, ਜ਼ਾਲਮ ਮੁਗਲੀਆ ਸਰਕਾਰ ਦੀ ਈਂਨ ਨਹੀਂ ਮੰਨੀ ਪਰ ਅੱਜ ਦੇ ਨਕਲੀ ਬਾਬੇ ਉਨ੍ਹਾਂ ਬੀਰ ਬਹਾਦਰ ਬਾਬਿਆਂ ਦੀਆਂ ਅਸਲੀ ਯਾਦਗਾਰਾਂ ਉੱਤੇ ਬਦਨੀਤੀ ਦਾ ਕੁਹਾੜਾ ਚਲਾ ਕੇ ਅਸਲੀ ਨਾਮੋਂ-ਨਿਸ਼ਾਨ ਹੀ ਮਿਟਾਈ ਜਾ ਰਹੇ ਹਨ।

ਸਿੱਖ ਪੰਥ ਨੂੰ ਫੌਰੀ ਇਧਰ ਧਿਆਨ ਦੇਣਾ ਚਾਹੀਦਾ ਹੈ ਨਹੀਂ ਤਾਂ ਇਹ ਸਰਕਾਰਾਂ ਦੇ ਵੋਟ ਬੈਂਕ ਲਈ ਪ੍ਰਮੋਟ ਕੀਤੇ ਹੋਏ ਨਕਲੀ ਬਾਬੇ ਸ਼ਹੀਦਾਂ ਦੀਆਂ ਅਸਲੀ ਯਾਦਾਂ ਦਾ ਪੁਰਜਾ-ਪੁਰਜਾ ਕੱਟ ਦੇਣਗੇ ਅਤੇ ਸਿੱਖ ਸਿਧਾਂਤਾਂ ਨੂੰ ਬਦਨੀਤੀ ਦੀਆਂ ਨੀਹਾਂ ਵਿੱਚ ਚਿਣਦੇ ਹੋਏ ਉਨ੍ਹਾਂ ਉੱਪਰ ਬ੍ਰਾਹਮਣਵਾਦ, ਮਿਥਿਹਾਸ ਅਤੇ ਪਾਖੰਡਵਾਦ ਦਾ ਗਿਲਾਫ ਚੜ੍ਹਾ ਦੇਣਗੇ। ਜਰਾ ਸੋਚੋ!

ਜੇ ਛੋਟੀ ਉੱਮਰ ਵਿੱਚ ਸਾਹਿਬਜ਼ਾਦੇ ਸੁਚੇਤ ਸਨ ਤਾਂ ਸਾਨੂੰ ਵੀ ਉਨ੍ਹਾਂ ਦੇ ਜੀਵਨ ਤੋਂ ਸਿਖਿਆ ਲੈ ਕੇ ਅਜੋਕੇ ਬ੍ਰਾਹਮਣ ਅਤੇ ਸੰਤ-ਬਾਬਾਵਾਦ ਤੋਂ ਸੁਚੇਤ ਹੋਣਾ ਚਾਹੀਦਾ ਹੈ। ਇਹ ਹੀ ਸੱਚੀ ਸ਼ਰਧਾਂਜਲੀ ਹੋਵੇਗੀ ਉਨ੍ਹਾਂ ਬੀਰ ਬਹਾਦਰ ਗੁਰੂ ਕੇ ਲਾਲਾਂ ਨੂੰ ਕਿ ਅਸੀਂ ਵੀ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਬੀਰ ਗਾਥਾਵਾਂ ਪੜ੍ਹਾ-ਸੁਣਾ ਕੇ ਯੂਨੀਵਰਸਲ ਸਿੱਖ ਧਰਮ ਦੇ ਵਿਰਸੇ ਨਾਲ ਜੋੜੀਏ ਤਾਂ ਕਿ ਸਾਡੇ ਬੱਚੇ ਵੀ ਸਿੱਖੀ ਸਿਧਾਂਤਾਂ ਦੇ ਧਾਰਨੀ, ਮਾਡਲ ਅਤੇ ਪ੍ਰਚਾਰਕ ਬਣ ਕੇ, ਸਿੱਖ ਕੌਮ ਦਾ ਸਿਰ ਉੱਚਾ ਕਰ ਸਕਣ। ਐਸੀਆਂ ਬੀਰ ਬਹਾਦਰ ਜਿੰਦਾਂ ਨੂੰ ਕੋਟਿ ਕੋਟਿ ਪ੍ਰਨਾਮ!

## 01 ਜਨਵਰੀ 2023 ਲਈ ਭੀਮਾ ਕੋਰੇਗਾਓਂ ਦੀ ਗੌਰਵਮਈ ਇਤਿਹਾਸਕ ਲੜਾਈ ਸਬੰਧੀ

# ਦਲਿਤ ਇਸ ਜਿੱਤ ਨੂੰ ਦੱਬੇ-ਕੁਚਲੇ ਭਾਈਚਾਰਿਆਂ ਦੇ ਸਵੈ-ਮਾਣ ਦੀ ਮੁੜ ਪ੍ਰਾਪਤੀ ਦੀ ਸ਼ੁਰੂਆਤ ਵਜੋਂ ਮਨਾਉਂਦੇ ਹਨ



ਕੁਲਦੀਪ ਚੰਦ
91-9417563054

ਭੀਮਾ ਕੋਰੇਗਾਓਂ ਦੀ ਲੜ੍ਹਾਈ 1 ਜਨਵਰੀ 1818 ਨੂੰ ਕੋਰੇਗਾਓਂ ਭੀਮਾ ਵਿਖੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਅਤੇ ਪੇਸ਼ਵਾ ਸੈਨਾ ਵਿਚਕਾਰ ਲੜੀ ਗਈ ਸੀ। ਹਰ ਸਾਲ 1 ਜਨਵਰੀ ਨੂੰ ਸਮੂਹ ਦਲਿਤ ਭਾਈਚਾਰੇ ਵਲੋਂ ਇਸ ਗੌਰਵਮਈ ਲੜ੍ਹਾਈ ਦੀ ਵਰ੍ਹੇਗੰਢ ਮਨਾਈ ਜਾਂਦੀ ਹੈ ਜਿਸ ਵਿੱਚ ਦਲਿਤ ਸਿਪਾਹੀਆਂ ਨੇ ਪੇਸ਼ਵਾ ਦੀ ਫ਼ੌਜ ਨੂੰ ਹਰਾਇਆ ਸੀ। ਇਸ ਮੌਕੇ ਇੱਥੇ ਯਾਦਗਾਰੀ ਪ੍ਰੋਗਰਾਮ ਕਰਵਾਏ ਜਾਂਦੇ ਹਨ। ਦਲਿਤ ਇਸ ਜਿੱਤ ਨੂੰ ਦੱਬੇ-ਕੁਚਲੇ ਭਾਈਚਾਰਿਆਂ ਦੇ ਸਵੈ-ਮਾਣ ਦੀ ਮੁੜ ਪ੍ਰਾਪਤੀ ਦੀ ਸ਼ੁਰੂਆਤ ਵਜੋਂ ਮਨਾਉਂਦੇ ਹਨ। ਇਸ ਲੜਾਈ ਦੀ ਖਾਸ ਗੱਲ ਇਹ ਸੀ ਕਿ ਈਸਟ ਇੰਡੀਆ ਕੰਪਨੀ ਦੇ ਝੰਡੇ ਹੇਠ ਮਹਾਰ ਸਿਪਾਹੀਆਂ ਨੇ ਪੇਸ਼ਵਾ ਬਾਜੀਰਾਓ ਦੇ ਸਿਪਾਹੀਆਂ ਨਾਲ ਯੁੱਧ ਕੀਤਾ ਸੀ। ਉਸ ਸਮੇਂ ਮਹਾਰ ਜਾਤੀ ਨੂੰ ਅਛੂਤ ਜਾਤ ਮੰਨਿਆ ਜਾਂਦਾ ਸੀ ਅਤੇ ਮਹਾਰਾਂ ਨੇ ਪੇਸ਼ਵਾ ਨੂੰ ਬੇਨਤੀ ਕੀਤੀ ਸੀ ਕਿ ਉਹ ਉਨ੍ਹਾਂ ਦੀ ਤਰਫੋਂ ਲੜਨਾ ਚਾਹੁੰਦੇ ਹਨ ਪਰ ਪੇਸ਼ਵਾ ਨੇ ਇਸ ਦੀ ਆਗਿਆ ਨਹੀਂ ਦਿਤੀ ਅਤੇ ਬਾਅਦ ਵਿਚ ਅੰਗਰੇਜ਼ਾਂ ਨੇ ਮਹਾਰਾਂ ਦੀ ਇਸ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਜਿਸ ਤੋਂ ਬਾਅਦ ਅੰਗਰੇਜ਼ਾਂ ਅਤੇ ਮਹਾਰਾਂ ਨੇ ਮਿਲ ਕੇ ਪੇਸ਼ਵਾ ਨੂੰ ਹਰਾਇਆ ਸੀ। ਪੇਸ਼ਵਾ ਬਾਜੀ ਰਾਓ ਦੀ ਅਗਵਾਈ ਵਿੱਚ ਲੱਗਭੱਗ 28000 ਵਿਅਕਤੀਆਂ ਵਾਲੀ ਮਜ਼ਬੂਤ ??ਫੋਰਸ ਜਦੋਂ ਕੰਪਨੀ ਦੇ ਕਬਜ਼ੇ ਵਾਲੇ ਪੁਣੇ ਉੱਤੇ ਹਮਲਾ ਕਰਨ ਦੇ ਰਸਤੇ ਵਿੱਚ ਸੀ ਤਾਂ ਅਚਾਨਕ ਇੱਕ 800 ਵਿਅਕਤੀਆਂ ਵਾਲੀ ਸੁਰੱਖਿਆ ?ਫੋਰਸ ਦੁਆਰਾ ਮੁਲਾਕਾਤ ਕੀਤੀ ਗਈ ਜੋ ਪੁਣੇ ਵਿੱਚ ਅੰਗਰੇਜ ਸੈਨਿਕਾਂ ਦੀ ਮੱਦਦ ਲਈ ਜਾ ਰਹੀ ਸੀ। ਪੇਸ਼ਵਾ ਨੇ ਲਗਭਗ 2000 ਸਿਪਾਹੀ ਉਸ ਸੁਰੱਖਿਆ ਫੋਰਸ ਤੇ ਹਮਲਾ ਕਰਨ ਲਈ ਭੇਜੇ ਜੋ ਕੋਰੇਗਾਓਂ ਵਿਚ ਸ਼ਾਮਲ ਹੋਣ ਦੀ ਮੰਗ ਕਰ ਰਹੇ ਸਨ। ਕੈਪਟਨ ਫਰਾਂਸਿਸ ਸਟੌਨਟਨ ਦੀ ਅਗਵਾਈ ਵਿੱਚ ਕੰਪਨੀ ਦੀਆਂ ਫੌਜਾਂ ਨੇ ਲਗਭਗ 12 ਘੰਟਿਆਂ ਤੱਕ ਆਪਣਾ ਬਚਾਅ ਕੀਤਾ। ਇਹ ਲੜਾਈ ਤੀਸਰੇ ਐਂਗਲੋ ਮਰਾਠਾ ਯੁੱਧ ਦਾ ਹੀ ਹਿੱਸਾ ਸੀ। 1800 ਦੇ ਦਹਾਕੇ ਤੱਕ ਮਰਾਠਿਆਂ ਨੂੰ ਇੱਕ ਕਮਜੋਰ ਸੰਘ ਵਿੱਚ ਸੰਗਠਿਤ ਕਰ ਦਿੱਤਾ ਗਿਆ ਸੀ ਜਿਸ ਦੇ ਮੁੱਖ ਹਿੱਸੇ ਪੁਣੇ ਦੇ ਪੇਸ਼ਵਾ, ਗਵਾਲੀਅਰ ਦੇ ਸਿੰਧੀਆ, ਇੰਦੌਰ ਦੇ ਹੋਲਕਰ, ਬੜੌਦਾ ਦੇ ਗਾਇਕਵਾੜ ਅਤੇ ਨਾਗਪੁਰ ਦੇ ਭੋਂਸਲੇ ਸਨ। ਅੰਗਰੇਜ਼ਾਂ ਨੇ ਇਨ੍ਹਾਂ ਵੱਖ ਵੱਖ ਧੜਿਆਂ ਨੂੰ ਅਪਣੇ ਅਧੀਨ ਕਰ ਲਿਆ ਸੀ ਅਤੇ ਉਨ੍ਹਾਂ ਨਾਲ ਸ਼ਾਂਤੀ ਸੰਧੀਆਂ ਤੇ ਦਸਤਖਤ ਕੀਤੇ ਸਨ ਅਤੇ ਆਪਣੀਆਂ ਰਾਜਧਾਨੀਆਂ ਤੇ ਰਿਹਾਇਸ਼ਾਂ ਦੀ ਸਥਾਪਨਾ ਕੀਤੀ ਸੀ। ਅੰਗਰੇਜ਼ਾਂ ਨੇ ਪੇਸ਼ਵਾ ਅਤੇ ਗਾਇਕਵਾੜ ਵਿਚਕਾਰ ਮਾਲੀਆ ਵੰਡ ਵਿਵਾਦ ਵਿੱਚ ਦਖਲ ਦਿੱਤਾ ਅਤੇ 13 ਜੂਨ 1817 ਨੂੰ ਕੰਪਨੀ ਨੇ ਪੇਸ਼ਵਾ ਬਾਜੀ ਰਾਓ ਨੂੰ ਗਾਇਕਵਾੜ ਦੇ ਮਾਲੀਏ ਤੇ ਦਾਅਵਿਆਂ ਦਾ ਤਿਆਗ ਕਰਨ ਅਤੇ ਅੰਗਰੇਜ਼ਾਂ ਦੇ ਵੱਡੇ ਹਿੱਸੇ ਦੇ ਖੇਤਰ ਨੂੰ ਸੌਂਪਣ ਲਈ ਇੱਕ ਸਮਝੌਤੇ ਤੇ ਦਸਤਖਤ ਕਰਨ ਲਈ ਮਜਬੂਰ ਕੀਤਾ। ਪੁਣੇ ਦੀ ਇਸ ਸੰਧੀ ਨੇ ਰਸਮੀ ਤੌਰ ਤੇ ਦੂਜੇ ਮਰਾਠਾ ਮੁਖੀਆਂ ਤੇ ਪੇਸ਼ਵਾ ਦੀ ਸਰਦਾਰੀ ਨੂੰ ਖਤਮ ਕਰ ਦਿੱਤਾ ਸੀ। ਇਸ ਤੋਂ ਬਾਦ ਪੇਸ਼ਵਾ ਨੇ ਪੁਣੇ ਵਿਖੇ ਬ੍ਰਿਟਿਸ਼ ਰੈਜ਼ੀਡੈਂਸੀ ਨੂੰ ਸਾੜ ਦਿੱਤਾ ਪਰ 5 ਨਵੰਬਰ 1817 ਨੂੰ ਪੁਣੇ ਨੇੜੇ ਖੜਕੀ ਦੀ ਲੜਾਈ ਵਿੱਚ ਹਾਰ ਗਿਆ। ਪੇਸ਼ਵਾ ਫਿਰ ਸਤਾਰਾ ਵੱਲ ਭੱਜ ਗਿਆ ਅਤੇ ਕੰਪਨੀ ਦੀਆਂ ਫ਼ੌਜਾਂ ਨੇ ਪੁਣੇ ਤੇ ਪੂਰਾ ਕਬਜ਼ਾ ਕਰ ਲਿਆ। ਪੁਣੇ ਨੂੰ ਕਰਨਲ ਚਾਰਲਸ ਬਾਰਟਨ ਬੂਰ ਦੇ ਅਧੀਨ ਰੱਖਿਆ ਗਿਆ ਸੀ ਜਦੋਂ ਕਿ ਜਨਰਲ ਸਮਿਥ ਦੀ ਅਗਵਾਈ ਵਾਲੀ ਬ੍ਰਿਟਿਸ਼ ਫੋਰਸ ਨੇ ਪੇਸ਼ਵਾ ਦਾ ਪਿੱਛਾ ਕੀਤਾ। ਸਮਿਥ ਨੂੰ ਡਰ ਸੀ ਕਿ ਪੇਸ਼ਵਾ ਕੋਂਕਣ ਵੱਲ ਭੱਜ ਸਕਦਾ ਹੈ ਅਤੇ ਉੱਥੇ ਛੋਟੀ ਬ੍ਰਿਟਿਸ਼ ਟੁਕੜੀ ਨੂੰ ਹਾਵੀ ਕਰ ਸਕਦਾ ਹੈ। ਇਸਲਈ ਉਸਨੇ ਕਰਨਲ ਬੂਰ ਨੂੰ ਕੋਂਕਣ ਵਿੱਚ ਫੌਜ ਭੇਜਣ ਲਈ ਕਿਹਾ ਅਤੇ ਬਦਲੇ ਵਿੱਚ ਜੇ ਲੋੜ ਪਈ ਤਾਂ ਸ਼ਿਰੂਰ ਤੋਂ ਬਲ ਮੰਗਵਾਉਣ ਲਈ ਕਿਹਾ। ਇਸ ਦੌਰਾਨ ਪੇਸ਼ਵਾ ਸਮਿਥ ਤੋਂ ਦੂਰ ਭੱਜਣ ਵਿੱਚ ਕਾਮਯਾਬ ਹੋ ਗਿਆ ਪਰ ਜਨਰਲ ਥੀਓਫਿਲਸ ਪ੍ਰਿਟਜ਼ਲਰ ਦੀ ਅਗਵਾਈ ਵਿੱਚ ਇੱਕ ਕੰਪਨੀ ਫੋਰਸ ਦੇ ਅੱਗੇ ਵਧਣ ਕਾਰਨ ਉਸਨੂੰ ਦੱਖਣ ਵੱਲ ਵੱਧਣ ਤੋਂ ਰੋਕਿਆ ਗਿਆ। ਫਿਰ ਉਸਨੇ ਆਪਣਾ ਰਸਤਾ ਬਦਲਕੇ ਉੱਤਰ-ਪੱਛਮ ਨਾਸਿਕ ਵੱਲ ਮੁੜਨ ਤੋਂ ਪਹਿਲਾਂ ਪੂਰਬ ਵੱਲ ਮਾਰਚ ਕੀਤਾ। ਇਹ ਮਹਿਸੂਸ ਕਰਦੇ ਹੋਏ ਕਿ ਜਨਰਲ ਸਮਿਥ ਉਸਨੂੰ ਰੋਕਣ ਦੀ ਸਥਿਤੀ ਵਿੱਚ ਸੀ ਉਸਨੇ ਅਚਾਨਕ ਪੁਣੇ ਵੱਲ ਦੱਖਣ ਵੱਲ ਨੂੰ ਜਾਣਾ ਸ਼ੁਰੂ ਕਰ ਦਿਤਾ। ਦਸੰਬਰ ਦੇ ਅੰਤ ਵਿੱਚ, ਰਨਲ ਬੂਰ ਨੂੰ ਖਬਰ ਮਿਲੀ ਕਿ ਪੇਸ਼ਵਾ ਪੁਣੇ ਉੱਤੇ ਹਮਲਾ ਕਰਨ ਦਾ ਇਰਾਦਾ ਰੱਖਦਾ ਹੈ ਅਤੇ ਸ਼ਿਰੁਰ ਵਿਖੇ ਤਾਇਨਾਤ ਕੰਪਨੀ ਫੌਜਾਂ ਨੂੰ ਮੱਦਦ ਲਈ ਕਿਹਾ। ਸ਼ਿਰੂਰ ਤੋਂ ਭੇਜੀਆਂ ਗਈਆਂ ਫ਼ੌਜਾਂ ਪੇਸ਼ਵਾ ਦੀਆਂ ਫ਼ੌਜਾਂ ਨਾਲ ਭਿੜ ਗਈਆਂ ਨਤੀਜੇ ਵਜੋਂ ਕੋਰੇਗਾਓਂ ਦੀ ਲੜਾਈ ਹੋਈ। ਪੇਸ਼ਵਾ ਦੀ ਫੌਜ ਵਿੱਚ ਲੱਗਭੱਗ 20000 ਘੋੜਸਵਾਰ ਅਤੇ 8000 ਪੈਦਲ ਸਿਪਾਹੀ ਸ਼ਾਮਿਲ ਸਨ। ਇਹਨਾਂ ਵਿੱਚੋਂ ਲੱਗਭਗ 2000 ਆਦਮੀਆਂ ਨੂੰ ਤਾਇਨਾਤ ਕੀਤਾ ਗਿਆ ਸੀ ਜੋ ਲੜਾਈ ਦੌਰਾਨ ਲਗਾਤਾਰ ਮਜ਼ਬੂਤ ??ਹੁੰਦੇ ਰਹੇ ਸਨ। ਕੰਪਨੀ ਦੀਆਂ ਫੌਜਾਂ ਤੇ ਹਮਲਾ ਕਰਨ ਵਾਲੀ ਫੋਰਸ ਵਿਚ 600 ਸਿਪਾਹੀਆਂ ਦੇ ਤਿੰਨ ਪੈਦਲ ਦਲ ਸ਼ਾਮਲ ਸਨ। ਇਹਨਾਂ ਸਿਪਾਹੀਆਂ ਵਿੱਚ ਅਰਬੀ, ਗੋਸਾਈਂ ਅਤੇ ਮਰਾਠੇ ਸ਼ਾਮਲ ਸਨ। ਜ਼ਿਆਦਾਤਰ ਹਮਲਾਵਰ ਅਰਬ ਸਨ ਜੋ ਪੇਸ਼ਵਾ ਦੇ ਸਿਪਾਹੀਆਂ ਵਿੱਚ ਸਭ ਤੋਂ ਉੱਤਮ ਮੰਨੇ ਜਾਂਦੇ ਸਨ। ਹਮਲੇ ਦਾ ਨਿਰਦੇਸ਼ਨ ਬਾਪੂ ਗੋਖਲੇ, ਅੱਪਾ ਦੇਸਾਈ ਅਤੇ ਤ੍ਰਿੰਬਕਜੀ ਡੇਂਗਲੇ ਨੇ ਕੀਤਾ ਸੀ। ਹਮਲੇ ਦੌਰਾਨ ਇੱਕ ਵਾਰ ਕੋਰੇਗਾਓਂ ਪਿੰਡ ਵਿੱਚ ਦਾਖਲ ਹੋਣ ਵਾਲੇ ਇਨ੍ਹਾਂ ਵਿੱਚੋਂ ਤ੍ਰਿੰਬਕਜੀ ਹੀ ਸਨ। ਪੇਸ਼ਵਾ ਅਤੇ ਹੋਰ ਫੌਜ ਮੁੱਖੀ ਕੋਰੇਗਾਓਂ ਨੇੜੇ ਫੂਲਸ਼ਹਿਰ ਮੋਜੂਦਾ ਫੂਲਗਾਓਂ ਵਿਖੇ ਠਹਿਰੇ ਸਨ। ਮਰਾਠਾ ਛਤਰਪਤੀ ਸਤਾਰਾ ਦਾ ਪ੍ਰਤਾਪ ਸਿੰਘ ਵੀ ਪੇਸ਼ਵਾ ਦੇ ਨਾਲ ਸੀ। ਸ਼ਿਰੂਰ ਤੋਂ ਰਵਾਨਾ ਕੀਤੀ ਗਈ ਕੰਪਨੀ ਦੀਆਂ ਫ਼ੌਜਾਂ ਵਿੱਚ 834 ਆਦਮੀ ਸਨਜਿਨ੍ਹਾਂ ਵਿੱਚ ਬੰਬੇ ਨੇਟਿਵ ਇਨਫੈਂਟਰੀ ਦੀ ਪਹਿਲੀ ਰੈਜੀਮੈਂਟ ਦੀ ਦੂਜੀ ਬਟਾਲੀਅਨ ਦੇ ਲਗਭਗ 500 ਸਿਪਾਹੀ, ਕੈਪਟਨ ਫਰਾਂਸਿਸ ਸਟੌਨਟਨ ਦੀ ਅਗਵਾਈ ਵਿੱਚ ਲੈਫਟੀਨੈਂਟ ਅਤੇ ਐਡਜੂਟੈਂਟ ਪੈਟੀਸਨ, ਲੈਫਟੀਨੈਂਟ ਜੋਨਸ, ਸਹਾਇਕ ਸਰਜਨ ਵਿੰਗੇਟ, ਲੈਫਟੀਨੈਂਟ ਸਵੈਨਸਟਨ ਦੇ ਅਧੀਨ ਲੱਗਭਗ 300 ਸਹਾਇਕ ਘੋੜਸਵਾਰ ਅਤੇ ਹੋਰ ਅਧਿਕਾਰੀ ਸ਼ਾਮਲ ਹਨ। ਲੈਫਟੀਨੈਂਟ ਚਿਸ਼ੋਲਮ ਦੀ ਅਗਵਾਈ ਵਿੱਚ ਦੋ 6-ਪਾਊਂਡਰ ਤੋਪਾਂ ਵਾਲੇ 24 ਯੂਰਪੀਅਨ ਅਤੇ 4 ਮੂਲ ਮਦਰਾਸ ਦੇ ਤੋਪਖਾਨੇ। ਚਿਸ਼ੋਲਮ ਤੋਂ ਇਲਾਵਾ ਅਸਿਸਟੈਂਟਸਰਜਨ ਵਾਈਲੀ ਜਾਂ ਵਿਲਡੀ ਤੋਪਖਾਨੇ ਵਿਚ ਇਕਲੌਤਾ ਅਧਿਕਾਰੀ ਸੀ। ਭਾਰਤੀ ਮੂਲ ਦੇ ਕੰਪਨੀ ਫੌਜਾਂ ਵਿੱਚ ਮਹਾਰ, ਮਰਾਠੇ, ਰਾਜਪੂਤ, ਮੁਸਲਮਾਨ ਅਤੇ ਯਹੂਦੀ ਸ਼ਾਮਲ ਸਨ। ਇਹ ਜਿਆਦਾਤਰ ਉਹ ਫੌਜਾਂ ਸਨ ਜੋ ਕੈਪਟਨ ਸਟੌਨਟਨ ਨੇ ਤਿੰਨ ਮਹੀਨੇ ਪਹਿਲਾਂ ਪੂਨਾ ਦੀ ਰੱਖਿਆ ਨੂੰ ਮਜ਼ਬੂਤ ??ਕਰਨ ਦੇ ਉਦੇਸ਼ ਨਾਲ ਰੱਖੀਆਂ ਸਨ ਜੋ ਪਹਿਲਾਂ ਹੀ ਬ੍ਰਿਟਿਸ਼ ਸਰਕਾਰ ਦੇ ਅਧੀਨ ਸੀ। ਕੰਪਨੀ ਦੀਆਂ ਫੌਜਾਂ 31 ਦਸੰਬਰ 1817 ਨੂੰ ਰਾਤ ਲੱਗਭੱਗ 8 ਵਜੇ ਸ਼ਿਰੂਰ ਤੋਂ ਰਵਾਨਾ ਹੋਈਆਂ।



ਸਾਰੀ ਰਾਤ 25 ਮੀਲ ਦੀ ਦੂਰੀ ਤੈਅ ਕਰਨ ਤੋਂ ਬਾਅਦ ਉਹ ਤਾਲੇਗਾਂਵ ਧਮਧੇਰੇ ਦੇ ਪਿੱਛੇ ਉੱਚੇ ਮੈਦਾਨ ਤੇ ਪਹੁੰਚ ਗਏ। ਉੱਥੋਂ ਉਨ੍ਹਾਂ ਨੇ ਭੀਮਾ ਨਦੀ ਦੇ ਪਾਰ ਪੇਸ਼ਵਾ ਦੀ ਫੌਜ ਦੇਖੀ। ਕੈਪਟਨ ਸਟੌਨਟਨ ਨੇ ਕੋਰੇਗਾਓਂ ਭੀਮਾ ਪਿੰਡ ਤੱਕ ਮਾਰਚ ਕੀਤਾ ਜੋ ਕਿ ਨਦੀ ਦੇ ਕੰਢੇ ਸਥਿਤ ਸੀ। ਪਿੰਡ ਇੱਕ ਨੀਵੀਂ ਮਿੱਟੀ ਦੀ ਕੰਧ ਨਾਲ ਘਿਰਿਆ ਹੋਇਆ ਸੀ। ਕੈਪਟਨ ਸਟੌਨਟਨ ਨੇ ਭੀਮਾ ਨਦੀ ਨੂੰ ਪਾਰ ਕਰਨ ਦੀ ਯੋਜਨਾ ਬਣਾਈ। ਇੱਕ 5000 ਮਜ਼ਬੂਤ? ਪੈਦਲ ਫੌਜ ਜੋ ਕਿ ਪੇਸ਼ਵਾ ਦੇ ਅੱਡੇ ਤੋਂ ਥੋੜ੍ਹਾ ਅੱਗੇ ਸੀ ਬ੍ਰਿਟਿਸ਼ ਫੌਜਾਂ ਦੀ ਮੌਜੂਦਗੀ ਬਾਰੇ ਸੂਚਿਤ ਕਰਨ ਲਈ ਪਿੱਛੇ ਹਟ ਗਈ। ਇਸ ਦੌਰਾਨ ਸਟੌਨ ਟਨਨੇਨ ਦੀ ਪਾਰ ਕਰਨ ਦੀ ਬਜਾਏ ਕੋਰੇਗਾਓਂ ਵਿੱਚ ਆਪਣੀਆਂ ਫੌਜਾਂ ਤਾਇਨਾਤ ਕੀਤੀਆਂ। ਉਸਨੇ ਹਥਿਆਰਾਂ ਲਈ ਇੱਕ ਮਜ਼ਬੂਤ ਸੁਰੱਖਿਅਤ ਯੋਜਨਾਵੰਦੀ ਕੀਤੀ। ਉਹਨਾਂ ਵਿੱਚੋਂ ਇੱਕ ਨੂੰ ਭੀਮਾ ਨਦੀ ਜੋ ਕਿ ਲਗਭਗ ਸੁੱਕੀ ਹੀ ਸੀ ਅਤੇ ਸ਼ਿਰੁਰ ਤੋਂ ਸੜ੍ਹਕ ਦੀ ਰਾਖੀ ਲਈ ਸੁਰੱਖਿਆ ਫੌਰਸ ਨੂੰ ਤਾਇਨਾਤ ਕੀਤਾ ਗਿਆ ਸੀ। ਆਪਣੀ 5000 ਮਜ਼ਬੂਤ? ਪੈਦਲ ਫੌਜ ਦੀ ਵਾਪਸੀ ਤੋਂ ਬਾਅਦ ਪੇਸ਼ਵਾ ਨੇ ਅਰਬ, ਗੋਸਾਈਂ ਅਤੇ ਮਰਾਠਾ ਸਿਪਾਹੀਆਂ ਦੀਆਂ ਤਿੰਨ ਪੈਦਲ ਦਲਾਂ ਨੂੰ ਰਵਾਨਾ ਕੀਤਾ। ਹਰੇਕ ਦਲ ਵਿੱਚ ਲੱਗਭੱਗ 300 ਤੋਂ 600 ਸਿਪਾਹੀ ਸ਼ਾਮਲ ਸਨ। ਇਨ੍ਹਾਂ ਨੇ ਭੀਮਾ ਨਦੀ ਨੂੰ ਤਿੰਨ ਵੱਖ-ਵੱਖ ਥਾਵਾਂ ਤੇ ਪਾਰ ਕੀਤਾ। ਪੇਸ਼ਵਾ ਦੀਆਂ ਫ਼ੌਜਾਂ ਨੇ ਵੀ ਸ਼ਿਰੂਰ ਰੋਡ ਤੋਂ ਇੱਕ ਧੁੰਦਲਾ ਹਮਲਾ ਕੀਤਾ। ਦੁਪਹਿਰ ਤੱਕ ਅਰਬਾਂ ਨੇ ਪਿੰਡ ਦੇ ਬਾਹਰਵਾਰ ਕਬਜ਼ਾ ਕਰ ਲਿਆ। ਅਰਬਾਂ ਨੇ ਨਦੀ ਦੀ ਰਾਖੀ ਕਰਨ ਵਾਲੀ ਤੋਪ ਤੇ ਵੀ ਕਬਜ਼ਾ ਕਰ ਲਿਆ ਅਤੇ ਉਨ੍ਹਾਂ ਦੇ ਅਫਸਰ ਲੈਫਟੀਨੈਂਟ ਚਿਸ਼ੋਲਮ ਸਮੇਤ ਗਿਆਰਾਂ ਤੋਪਾਂ ਨੂੰ ਖਤਮ ਕਰ ਦਿੱਤਾ ਗਿਆ। ਪਿਆਸ ਅਤੇ ਭੁੱਖ ਦੇ ਕਾਰਨ ਕੰਪਨੀ ਦੇ ਕੁਝ ਸੁਰੱਖਿਆ ਕਰਮਚਾਰੀਆਂ ਨੇ ਸਮਰਪਣ ਲਈ ਗੱਲਬਾਤ ਕਰਨ ਦਾ ਸੁਝਾਅ ਦਿੱਤਾ। ਹਾਲਾਂਕਿ ਕੈਪਟਨ ਸਟੌਨਟਨ ਨੇ ਝੁਕਣ ਤੋਂ ਇਨਕਾਰ ਕਰ ਦਿੱਤਾ। ਲੈਫਟੀਨੈਂਟ ਪੈਟੀਸਨ ਦੀ ਅਗਵਾਈ ਵਿੱਚ ਇੱਕ ਸਮੂਹ ਨੇ ਤੋਪ ਨੂੰ ਵਾਪਸ ਲਿਆ ਅਤੇ ਲੈਫਟੀਨੈਂਟ ਚਿਸ਼ੋਲਮ ਦਾ ਸਿਰ ਕੱਟਿਆ ਹੋਇਆ ਸਰੀਰ ਮਿਲਿਆ। ਕੈਪਟਨ ਸਟੌਨਟਨ ਨੇ ਫੌਜਾਂ ਨੂੰ ਲੜਨ ਲਈ ਉਤਸ਼ਾਹਿਤ ਕੀਤਾ। ਕੰਪਨੀ ਦੀਆਂ ਫੌਜਾਂ ਨੇ ਸਫਲਤਾਪੂਰਵਕ ਪਿੰਡ ਦੀ ਰੱਖਿਆ ਕੀਤੀ।ਪੇਸ਼ਵਾ ਦੀਆਂ ਫ਼ੌਜਾਂ ਨੇ ਗੋਲੀਬਾਰੀ ਬੰਦ ਕਰ ਦਿੱਤੀ ਅਤੇ ਜਨਰਲ ਜੋਸਫ਼ ਸਮਿਥ ਦੇ ਅਧੀਨ ਬ੍ਰਿਟਿਸ਼ ਫ਼ੌਜ ਦੇ ਨੇੜੇ ਆਉਣ ਦੇ ਡਰ ਤੋਂ ਰਾਤ 9 ਵਜੇ ਤੱਕ ਪਿੰਡ ਛੱਡ ਦਿੱਤਾ। 02 ਜਨਵਰੀ ਦੀ ਰਾਤ ਨੂੰ ਸਟੌਨਟਨ ਨੇ ਪਹਿਲਾਂ ਪੁਣੇ ਦੀ ਦਿਸ਼ਾ ਵਿੱਚ ਜਾਣ ਦਾ ਦਿਖਾਵਾ ਕੀਤਾ ਪਰ ਫਿਰ ਆਪਣੇ ਜ਼ਿਆਦਾਤਰ ਜ਼ਖਮੀ ਸਿਪਾਹੀਆਂ ਨੂੰ ਲੈ ਕੇ ਸ਼ਿਰੂਰ ਵੱਲ ਵਾਪਸ ਕੂਚ ਕੀਤਾ। ਲੰਡਨ ਗਜ਼ਟ ਅਨੁਸਾਰਬੰਬੇ ਨੇਟਿਵ ਇਨਫੈਂਟਰੀ ਦੀ ਦੂਜੀ ਬਟਾਲੀਅਨ 1 ਰੈਜੀਮੈਂਟ ਦੀ ਕਮਾਂਡ ਕਰ ਰਹੇ ਕੈਪਟਨ ਸਟੌਨਟਨ ਖੁਸ਼ਕਿਸਮਤੀ ਨਾਲ ਸਫਲ ਹੋ ਗਏ ਸਨ। 125 ਜ਼ਖਮੀਆਂ ਦੇ ਨਾਲ ਕੁੱਝ ਨੂੰ ਉੱਥੇ ਛੱਡਕੇ ਸੇਰੂਰ ਵੱਲ ਵਾਪਸ ਮਾਰਚ ਸ਼ੁਰੂ ਕਰਨ ਲਈ ਪੇਸ਼ਵਾ ਜਨਰਲ ਸਮਿਥ ਦਾ ਪਿੱਛਾ ਕਰਦੇ ਹੋਏ ਦੱਖਣ ਵੱਲ ਵਧਿਆ ਸੀ। ਕੰਪਨੀ ਦੇ 834 ਸੈਨਿਕਾਂ ਵਿੱਚੋਂ 275 ਮਾਰੇ ਗਏ ਮਰਨ ਵਾਲਿਆਂ ਵਿੱਚ ਦੋ ਅਧਿਕਾਰੀ ਵੀ ਸ਼ਾਮਲ ਸਨ। ਪੈਦਲ ਸੈਨਿਕਾਂ ਵਿੱਚੋ 50 ਮਾਰੇ ਗਏ ਅਤੇ 105 ਜ਼ਖਮੀ ਹੋਏ। ਤੋਪਖਾਨੇ ਵਿੱਚੋਂ 12 ਮਾਰੇ ਗਏ ਅਤੇ 8 ਜ਼ਖਮੀ ਹੋ ਗਏ। ਭਾਰਤੀ ਮੂਲ ਦੇ ਮਰੇ ਹੋਏ ਕੰਪਨੀ ਸਿਪਾਹੀਆਂ ਵਿੱਚ 22 ਮਹਾਰ, 16 ਮਰਾਠੇ, 8 ਰਾਜਪੂਤ, 2 ਮੁਸਲਮਾਨ ਅਤੇ 1-2 ਯਹੂਦੀ ਸ਼ਾਮਲ ਸਨ। ਅੰਗਰੇਜ਼ਾਂ ਦੇ ਅਨੁਮਾਨਾਂ ਅਨੁਸਾਰ ਪੇਸ਼ਵਾ ਦੇ ਲਗਭਗ 500 ਤੋਂ 600 ਸਿਪਾਹੀ ਲੜਾਈ ਵਿੱਚ ਮਾਰੇ ਗਏ ਜਾਂ ਜ਼ਖਮੀ ਹੋਏ ਸਨ। ਮਾਊਂਟ ਸਟੂਅਰਟ ਐਲਫਿੰਸਟਨ ਜਿਸਨੇ ਦੋ ਦਿਨ ਬਾਅਦ 3 ਜਨਵਰੀ 1818 ਨੂੰ ਕੋਰੇਗਾਓਂ ਦਾ ਦੌਰਾ ਕੀਤਾ ਸੀ ਨੇ ਲਿਖਿਆ ਕਿ ਘਰ ਸਾੜ ਦਿੱਤੇ ਗਏ ਸਨ ਅਤੇ ਗਲੀਆਂ ਘੋੜਿਆਂ ਅਤੇ ਆਦਮੀਆਂ ਦੀਆਂ ਲਾਸ਼ਾਂ ਨਾਲ ਭਰੀਆਂ ਸਨ। ਪਿੰਡ ਵਿੱਚ 50 ਦੇ ਕਰੀਬ ਲਾਸ਼ਾਂ ਪਈਆਂ ਸਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੇਸ਼ਵਾ ਦੇ ਅਰਬ ਸੈਨਿਕਾਂ ਦੀਆਂ ਸਨ। ਪਿੰਡ ਦੇ ਬਾਹਰ ਛੇ ਲਾਸ਼ਾਂ ਪਈਆਂ ਸਨ। ਇਸ ਤੋਂ ਇਲਾਵਾ ਇੱਥੇ 50 ਮੂਲ ਸਿਪਾਹੀਆਂ 11 ਯੂਰਪੀਅਨ ਸਿਪਾਹੀਆਂ ਅਤੇ ਕੰਪਨੀ ਬਲਾਂ ਨਾਲ ਸਬੰਧਤ 2 ਮ੍ਰਿਤਕ ਅਫਸਰਾਂ ਦੀਆਂ ਕਬਰਾਂ ਸਨ। ਜਦੋਂ ਐਲਫਿੰਸਟਨ ਨੇ ਲੜਾਈ ਦੇ ਮੈਦਾਨ ਦਾ ਦੌਰਾ ਕੀਤਾ ਤਾਂ ਉਸਨੇ ਦੇਖਿਆ ਕਿ ਕੰਪਨੀ ਦੇ ਸਿਪਾਹੀ ਪੂਰੀ ਤਰ੍ਹਾਂ ਆਪਣਾ ਮਨੋਬਲ ਗੁਆ ਚੁੱਕੇ ਸਨ ਅਤੇ ਮਿਲ ਰਹੀ ਪ੍ਰਸੰਸਾ ਨੂੰ ਮੰਨਣ ਤੋਂ ਘਬਰਾ ਰਹੇ ਸਨ। ਜਨਰਲ ਸਮਿਥ 3 ਜਨਵਰੀ ਨੂੰ ਕੋਰੇਗਾਓਂ ਪਹੁੰਚਿਆ ਪਰ ਇਸ ਸਮੇਂ ਤੱਕ ਪੇਸ਼ਵਾ ਪਹਿਲਾਂ ਹੀ ਇਲਾਕਾ ਛੱਡ ਚੁੱਕਾ ਸੀ। ਜਨਰਲ ਪ੍ਰਿਟਜ਼ਲਰ ਦੀ ਅਗਵਾਈ ਵਾਲੀ ਇੱਕ ਕੰਪਨੀ ਫੋਰਸ ਨੇ ਪੇਸ਼ਵਾ ਦਾ ਪਿੱਛਾ ਕੀਤਾ ਜਿਸਨੇ ਮੈਸੂਰ ਵੱਲ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਜਨਰਲ ਸਮਿਥ ਨੇ ਰਾਜਧਾਨੀ ਸਤਾਰਾ ਉੱਤੇ ਕਬਜ਼ਾ ਕਰ ਲਿਆ। ਸਮਿਥ ਨੇ 19 ਫਰਵਰੀ 1818 ਨੂੰ ਇੱਕ ਲੜਾਈ ਵਿੱਚ ਪੇਸ਼ਵਾ ਨੂੰ ਰੋਕਿਆ ਅਤੇ ਇਸ ਕਾਰਵਾਈ ਵਿੱਚ ਬਾਪੂ ਜੀ ਗੋਖਲੇ ਮਾਰਿਆ ਗਿਆ। ਪੇਸ਼ਵਾ ਫਿਰ ਭੱਜ ਗਿਆ ਜਦੋਂ ਕਿ ਉਸਦੇ ਜਗੀਰਦਾਰਾਂ ਨੇ ਕੰਪਨੀ ਦੀ ਅਧੀਨਗੀ ਸਵੀਕਾਰ ਕਰ ਲਈ। ਕੋਰੇਗਾਓਂ ਦੀ ਲੜਾਈ ਵਿੱਚ ਉਨ੍ਹਾਂ ਦੀ ਬਹਾਦਰੀ ਦੇ ਇਨਾਮ ਵਜੋਂ ਬੰਬੇ ਨੇਟਿਵ ਇਨਫੈਂਟਰੀ ਦੀ ਪਹਿਲੀ ਰੈਜੀਮੈਂਟ ਦੀ ਦੂਜੀ ਬਟਾਲੀਅਨ ਨੂੰ ਗ੍ਰੇਨੇਡੀਅਰ ਬਣਾਇਆ ਗਿਆ ਸੀ। ਉਹਨਾਂ ਦੀ ਰੈਜੀਮੈਂਟ ਨੂੰ ਬੰਬੇ ਨੇਟਿਵ ਇਨਫੈਂਟਰੀ ਦੀ ਪਹਿਲੀ ਗ੍ਰੇਨੇਡੀਅਰ ਰੈਜੀਮੈਂਟ ਵਜੋਂ ਜਾਣਿਆ ਜਾਂਦਾ ਹੈ। ਪੂਨਾ ਵਿਖੇ ਬ੍ਰਿਟਿਸ਼ ਨਿਵਾਸੀਆਂ ਨੂੰ ਦਿੱਤੀ ਗਈ ਰਿਪੋਰਟ ਸਿਪਾਹੀਆਂ ਦੀ ਬਹਾਦਰੀ, ਸਹਿਣਸ਼ੀਲਤਾ, ਅਨੁਸ਼ਾਸਿਤ, ਨਿਡਰਤਾ ਅਤੇ ਉਹਨਾਂ ਦੇ ਕੰਮਾਂ ਦੀ ਸਮਰਪਣ ਦਲੇਰੀ ਅਤੇ ਪ੍ਰਸ਼ੰਸਾਯੋਗ ਨਿ-ਰੰਤਰਤਾ ਨੂੰ ਦੱਸਦੀ ਹੈ। ਕੈਪਟਨ ਸਟੌਨਟਨ ਨੂੰ ਭਾਰਤ ਦੇ ਗਵਰਨਰ ਜਨਰਲ ਦਾ ਆਨਰੇਰੀ ਸਹਾਇਕ-ਡੀ-ਕੈਂਪ ਨਿ-ਯੁਕਤ ਕੀਤਾ ਗਿਆ ਸੀ। ਕੋਰਟ ਆਫ਼ ਡਾਇਰੈਕਟਰਜ਼ ਨੇ ਉਸਨੂੰ ਇੱਕ ਤਲਵਾਰ ਅਤੇ 500 ਸੋਨੇ ਦੇ ਸਿੱਕੇ ਪੇਸ਼ ਕੀਤੇ। ਬਾਅਦ ਵਿੱਚ 1823 ਵਿੱਚ ਉਹ ਇੱਕ ਮੇਜਰ ਬਣ ਗਿਆ ਅਤੇ ਉਸਨੂੰ ਸਭ ਤੋਂ ਮਾਣਯੋਗ ਮਿਲਟਰੀ ਆਰਡਰ ਦਾ ਸਾਥੀ ਨਿ-ਯੁਕਤ ਕੀਤਾ ਗਿਆ। ਜਨਰਲ ਥਾਮਸ ਹਿਸਲੋਪ ਨੇ ਇਸ ਲੜਾਈ ਨੂੰ ਫੌਜ ਦੇ ਇਤਿਹਾਸ ਵਿੱਚ ਦਰਜ ਕੀਤੀ ਗਈ ਸਭ ਤੋਂ ਬਹਾਦਰੀ ਅਤੇ ਸ਼ਾਨਦਾਰ ਪ੍ਰਾਪਤੀਆਂ ਵਿੱਚੋਂ ਇੱਕ ਕਿਹਾ। ਐਮ.ਐਸ. ਨਰਵਾਣੇ ਅਨੁਸਾਰ ਇੱਕ ਭਾਰੀ ਮਰਾਠਾ ਫੋਰਸ ਦੇ ਵਿਰੁੱਧ ਕੰਪਨੀ ਦੀਆਂ ਥੋੜ੍ਹੀਆਂ ਜਿਹੀਆਂ ਫੌਜਾਂ ਦੁਆਰਾ ਬਹਾ-ਦਰੀ ਨਾਲ ਬਚਾਅ ਕਰਨਾ ਕੰਪਨੀ ਦੀਆਂ ਫੌਜਾਂ ਦੇ ਇਤਿਹਾਸ ਵਿੱਚ ਬਹਾਦਰੀ ਅਤੇ ਦ੍ਰਿੜਤਾ ਦੀਆਂ ਸਭ ਤੋਂ ਸ਼ਾਨਦਾਰ ਉਦਾਹਰਣਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।ਜਨਰਲ ਸਮਿਥ ਨੇ ਇਸ ਲੜਾਈ ਦੀ ਆਪਣੀ ਅਧਿਕਾਰਤ ਰਿਪੋਰਟ ਵਿੱਚ ਲਿਖਿਆ ਹੈਕਿ ਕੋਰੇਗਾਮ ਵਿਖੇ ਹੋਈ ਕਾਰਵਾਈ ਕਿਸੇ ਵੀ ਫੌਜ ਦੁਆਰਾ ਪ੍ਰਾਪਤ ਕੀਤੇ ਗਏ ਸਭ ਤੋਂ ਸ਼ਾਨਦਾਰ ਮਾਮਲਿਆਂ ਵਿੱਚੋਂ ਇੱਕ ਸੀ ਜਿਸ ਵਿੱਚ ਯੂਰਪੀਅਨ ਅਤੇ ਮੂਲ ਸੈਨਿਕਾਂ ਨੇ ਭੁੱਖ ਅਤੇ ਪਿਆਸ ਦੇ ਦਬਾਅ ਹੇਠ ਸਭ ਤੋਂ ਉੱਤਮ ਸ਼ਰਧਾ ਅਤੇ ਸਭ ਤੋਂ ਵੱਧ ਬਹਾਦਰੀ ਦਾ ਪ੍ਰਦਰਸ਼ਨ ਕੀਤਾ। ਲੜਾਈ ਵਿੱਚ ਕਿਸੇ ਵੀ ਪੱਖ ਨੇ ਨਿਰਣਾਇਕ ਜਿੱਤ ਪ੍ਰਾਪਤ ਨਹੀਂ ਕੀਤੀ।ਲੜਾਈ ਤੋਂ ਬਾਅਦ ਮਾਊਂਟਸਟੂਅਰਟ ਐਲਫਿਸਟਨ ਨੇ ਇਸ ਨੂੰ ਪੇਸ਼ਵਾ ਲਈ ਛੋਟੀ ਜਿੱਤ ਦੱਸਿਆ ਅਤੇ ਈਸਟ ਇੰਡੀਆ ਕੰਪਨੀ ਦੀ ਸਰਕਾਰ ਨੇ ਆਪਣੀਆਂ ਫੌਜਾਂ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ ਜੋ ਗਿਣਤੀ ਤੋਂ ਵੱਧ ਹੋਣ ਦੇ ਬਾਵਜੂਦ ਵੀ ਹਾਵੀ ਨਹੀਂ ਹੋ ਸਕੇ। ਇਹ ਲੜਾਈ ਤੀਜੀ ਐਂਗਲੋ-ਮਰਾਠਾ ਯੁੱਧ ਵਿੱਚ ਲੜੀਆਂ ਜਾਣ ਵਾਲੀਆਂ ਆਖਰੀ ਲੜਾਈਆਂ ਵਿੱਚੋਂ ਇੱਕ ਸੀ ਜਿਸਨੂੰ ਪੇਸ਼ਵਾ ਦੀ ਹਾਰ ਦੇ ਨਾਲ ਯੁੱਧ ਖਤਮ ਹੋਣ ਤੋਂ ਬਾਅਦ ਕੰਪਨੀ ਦੀ ਜਿੱਤ ਵਜੋਂ ਜਾਣਿਆ ਜਾਂਦਾ ਹੈ। ਆਪਣੇ ਸ਼ਹੀਦ ਹੋਏ ਸਿਪਾਹੀਆਂ ਦੀ ਯਾਦ ਵਿੱਚ ਈਸਟ ਇੰਡੀਆ ਕੰਪਨੀ ਨੇ ਕੋਰੇਗਾਓਂ ਵਿੱਚ ਇੱਕ ਜਿੱਤ ਦਾ ਥੰਮ ਬਣਾਇਆ। ਇਸ ਥੰਮ ਦਾ ਸ਼ਿਲਾਲੇਖ ਘੋਸ਼ਣਾ ਕਰਦਾ ਹੈ ਕਿ ਕੈਪਟਨ ਸਟੌਨਟਨ ਦੀ ਫੌਜ ਨੇ ਪੂਰਬ ਵਿੱਚ ਬ੍ਰਿਟਿਸ਼ ਫੌਜ ਦੀ ਸਭ ਤੋਂ ਸ਼ਾਨਦਾਰ ਜਿੱਤਾਂ ਵਿੱਚੋਂ ਇੱਕ ਨੂੰ ਪੂਰਾ ਕੀਤਾ। ਕੋਰੇਗਾਓਂ ਥੰਮ ਦੇ ਸ਼ਿਲਾਲੇਖ ਵਿੱਚ ਲੜਾਈ ਵਿੱਚ ਮਾਰੇ ਗਏ 49 ਕੰਪਨੀ ਸਿਪਾਹੀਆਂ ਦੇ ਨਾਮ ਦਰਜ ਹਨ। ਇਸ ਨੂੰ ਅੰ-ਗਰੇਜ਼ਾਂ ਨੇ ਆਪਣੀ ਸ਼ਕਤੀ ਅਤੇ ਜਿੱਤ ਦੇ ਪ੍ਰਤੀਕ ਵਜੋਂ ਬਣ-ਾਇਆ ਸੀ ਅਤੇ ਹੁਣ ਇਹ ਮਹਾਰਾਂ ਦੀ ਯਾਦਗਾਰ ਵਜੋਂ ਜਾਣਿਆ ਜਾਂਦਾ ਹੈ। ਜਾਤ ਆਧਾਰਿਤ ਸਮਾਜ ਵਿੱਚ ਮਹਾਰਾਂ ਨੂੰ ਅਛੂਤ ਮੰਨਿਆ ਜਾਂਦਾ ਸੀ। ਪੇਸ਼ਵਾ ਜੋ ਉੱਚ-ਜਾਤੀ ਨਾਲ ਸਬ-ੰਧਿਤ ਸਨ ਅਛੂਤਾਂ ਨਾਲ ਦੁਰਵਿਵਹਾਰ ਅਤੇ ਅੱਤਿਆਚਾਰ ਕਰਦੇ ਸਨ।ਇਸ ਕਰਕੇ ਦਲਿਤਾਂ ਨੇ ਆਜ਼ਾਦੀ ਤੋਂ ਬਾਅਦ ਕੋ-ਰੇਗਾਂਵ ਦੇ ਇਸ ਵਿਜੇ ਥੰਮ ਨੂੰ ਉੱਚ-ਜਾਤੀ ਦੇ ਜ਼ੁਲਮ ਉੱਤੇ ਆਪਣੀ ਜਿੱਤ ਦੇ ਪ੍ਰਤੀਕ ਵਜੋਂ ਦੇਖਿਆ ਹੈ। ਦਲਿਤ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਨੇ 1 ਜਨਵਰੀ 1927 ਨੂੰ ਇਸ ਜਗ੍ਹਾ ਦਾ ਦੌਰਾ ਕੀਤਾ ਸੀ। ਉਨ੍ਹਾਂ ਦੇ ਦੌਰੇ ਦੀ ਯਾਦ ਦਿਵਾਉਣ ਲਈ ਹੁਣ ਹਜ਼ਾਰਾਂ ਪੈਰੋਕਾਰ ਦੇ 1 ਜਨਵਰੀ ਨੂੰ ਇੱਥੇ ਆਂਦੇ ਹਨ। 01 ਜਨਵਰੀ 2018 ਨੂੰ ਨੂੰ ਕੋਰੇਗਾਓਂ ਦੀ ਲੜਾਈ ਦੀ 200 ਵੀਂ ਵਰ੍ਹੇਗੰਢ ਦੇ ਮੌਕੇ ਹੋਈ ਹਿੰਸਾ ਦੇ ਵਿਰੁੱਧ ਦਲਿਤਾਂ ਨੇ ਰੋਸ ਮੁਜ਼ਾਹਰੇ ਕੀਤੇ ਸਨ। ਘਟਨਾ ਦੌਰਾਨ ਹਿੰਸਾ ਭੜਕ ਗਈ ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 10 ਪੁਲਸ ਕਰਮਚਾਰੀਆਂ ਸਮੇਤ ਕਈ ਲੋਕ ਜ਼ਖਮੀ ਹੋ ਗਏ। ਇਸ ਹਿੰਸਾ ਤੋਂ ਬਾਅਦ ਸੂਬਾ ਬੰਦ ਦਾ ਐਲਾਨ ਕੀਤਾ ਗਿਆ ਸੀ ਜਿਸ ਦੌਰਾਨ ਪੁਲਸ ਨੇ 162 ਲੋਕਾਂ ਖਿਲਾਫ 58 ਮਾਮਲੇ ਦਰਜ ਕੀਤੇ ਸਨ। ਇਸ ਨਾਲ ਮੁੰਬਈ ਅਤੇ ਮਹਾਰਾਸ਼ਟਰ ਵਿੱਚ ਦੋ ਦਿਨਾਂ ਤੱਕ ਹਿੰਸਕ ਪ੍ਰਦਰਸ਼ਨ ਅਤੇ ਦੰਗੇ ਹੋਏ।ਹਿੰਸਾ ਦੇ ਕਾਰਨ ਇੱਕ ਮਰਾਠਾ ਨੌਜਵਾਨ ਰਾਹੁਲ ਫਤੰਗਾਲੇ ਹਿੰਸਾ ਵਿੱਚ ਮਾਰਿਆ ਗਿਆ ਸੀ। ਅੰਦੋਲਨਕਾਰੀਆਂ ਨੇ ਕਾਰਾਂ ਸਾਈਕਲਾਂ ਅਤੇ ਹੋਰ ਗੱਡੀਆਂ ਤਬਾਹ ਕਰ ਦਿੱਤੀਆਂ ਸਨ। ਬੱਚਿਆਂ ਨੂੰ ਜਖ਼ਮੀ ਕਰ ਦਿੱਤਾ ਗਿਆ ਸੀ। ਦਲਿਤ ਸਮੂਹਾਂ ਨੇ 03 ਜਨਵਰੀ 2018 ਨੂੰ ਮਹਾਰਾਸ਼ਟਰ ਬੰਦ ਦਾ ਸੱਦਾ ਦਿੱਤਾ ਸੀ। ਸਾਰੇ ਮਹਾਰਾਸ਼ਟਰ ਵਿੱਚ ਰੋਸ ਪ੍ਰਦਰਸ਼ਨ ਕੀਤੇ ਗਏ। ਮੁੰਬਈ ਵਿੱਚ ਸਥਾਨਕ ਰੇਲਗੱਡੀਆਂ ਪ੍ਰਭਾਵਿਤ ਹੋਈਆਂ ਸਨ ਜਿਸ ਕਾਰਨ ਢਾਬੇ ਵਾਲਿਆਂ ਨੇ ਆਪਣੀਆਂ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਸਨ। 16 ਸਾਲਾ ਲੜਕਾ ਯੋਗੇਸ਼ ਪ੍ਰਹਿਲਾਦ ਜਾਧਵ ਪੁਲਿਸ ਲਾਠੀਚਾਰਜ ਵਿੱਚ ਮਾਰਿਆ ਗਿਆ ਸੀ। ਦਲਿਤ ਵਿਦਵਾਨ ਆਨੰਦ ਤੇਲਤੁੰਬੜੇ ਨੇ ਦਲੀਲ ਦਿੱਤੀ ਕਿ ਭੀਮਾ ਕੋਰੇਗਾਓਂ ਦੀ ਲੜਾਈ ਨੂੰ ਪੇਸ਼ਵਾ ਸ਼ਾਸਨ ਵਿੱਚ ਉਨ੍ਹਾਂ ਦੇ ਜਾਤੀ ਦੇ ਜ਼ੁਲਮ ਵਿਰੁੱਧ ਮਹਾਰਾਂ ਦੀ ਲੜਾਈ ਦੇ ਰੂਪ ਵਿੱਚ ਦਰਸਾਉਣਾ ਗੁੰਮਰਾਹਕੁੰਨ ਹੈ। ਤੇਲਤੁੰਬੜੇ ਨੇ ਜ਼ਿਕਰ ਕੀਤਾ ਹੈ ਕਿ ਲੜਾਈ ਵਿੱਚ ਮਰਨ ਵਾਲਿਆਂ ਵਿੱਚੋਂ ਬਹੁਤੇ 49 ਵਿੱਚੋਂ 27 ਮਹਾਰ ਨਹੀਂ ਸਨ ਅਤੇ ਪੇਸ਼ਵਾ ਫ਼ੌਜ ਇੱਕ ਵੱਡੀ ਬ੍ਰਿਟਿਸ਼ ਫ਼ੌਜ ਦੇ ਆਉਣ ਦੇ ਡਰੋਂ ਪਿੱਛੇ ਹਟ ਗਈ ਸੀ। ਭੀਮਾ ਕੋਰੇਗਾਂਵ ਦੀ ਲੜਾਈ ਇੱਕ ਅਨਐਂਡਿੰਗ ਜਰਨੀ ਭਾਰਤੀ ਫਿਲਮ ਨਿਰਮਾਤਾ ਸੋਮਨਾਥ ਵਾਘਮਾਰੇ ਦੁਆਰਾ 2017 ਦੀ ਇੱਕ ਦਸਤਾਵੇਜ਼ੀ ਫਿਲਮ ਹੈ। ਇਸਨੇ ਪੇਸ਼ਵਾ ਰਾਜਵੰਸ਼ ਦੇ ਖਿਲਾਫ 1 ਜਨਵਰੀ 1818 ਨੂੰ ਕੋਰੇਗਾਓਂ ਦੀ ਲੜਾਈ ਵਿੱਚ 500 ਮਹਾਰ ਸਿਪਾਹੀਆਂ ਦੀ ਭੂਮਿਕਾ ਦੀ ਪੜਚੋਲ ਕੀਤੀ ਹੈ। ਭੀਮਾ ਕੋਰੇਗਾਓਂ ਦੀ ਲੜਾਈ ਇੱਕ ਆਗਾਮੀ ਭਾਰਤੀ ਹਿੰਦੀ-ਭਾਸ਼ਾ ਦੀ ਯੁੱਧ ਡਰਾਮਾ ਫਿਲਮ ਹੈ ਜੋ ਰਮੇਸ਼ ਥੀਟੇ ਦੁਆਰਾ ਨਿਰਦੇਸ਼ਿਤ ਅਤੇ ਉਸ ਦੇ ਬੈਨਰ ਰਮੇਸ਼ ਥੀਟੇ ਫਿਲਮਜ਼ ਦੇ ਅਧੀਨ ਬਣਾਈ ਗਈ ਹੈ ਜਿਸ ਵਿੱਚ ਅਰਜੁਨ ਰਾਮਪਾਲ ਇੱਕ ਮਹਾਰ ਯੋਧੇ ਅਤੇ ਦਿਗਾਂਗਨਾ ਸੂਰਿਆਵੰਸ਼ੀ ਦੇ ਕਿਰਦਾਰ ਵਿੱਚ ਹਨ। ਹਰ ਸਾਲ 01 ਜਨਵਰੀ ਨੂੰ ਦਲਿਤ ਭਾਈਚਾਰੇ 1818 ਦੀ ਲੜਾਈ ਦੀ ਵਰ੍ਹੇਗੰਢ ਮਨਾਉਂਦੇ ਹਨ ਜਿਸ ਵਿੱਚ ਈਸਟ ਇੰਡੀਆ ਕੰਪਨੀ ਦੀਆਂ ਫ਼ੌਜਾਂ ਨੇ ਦਲਿਤ ਸਿਪਾਹੀਆਂ ਨਾਲ ਮਿਲ ਕੇ ਪੁਣੇ ਦੇ ਪੇਸ਼ਵਾ ਦੀ ਫ਼ੌਜ ਨੂੰ ਹਰਾਇਆ ਸੀ। ਇਸ ਮੌਕੇ ਇੱਥੇ ਯਾਦਗਾਰੀ ਪ੍ਰੋਗਰਾਮ ਕਰਵਾਏ ਜਾਂਦੇ ਹਨ। ਦਲਿਤ ਇਸ ਜਿੱਤ ਨੂੰ ਦੱਬੇ-ਕੁਚਲੇ ਭਾਈਚਾਰਿਆਂ ਦੇ ਸਵੈ-ਮਾਣ ਦੀ ਮੁੜ ਪ੍ਰਾਪਤੀ ਦੀ ਸ਼ੁਰੂਆਤ ਵਜੋਂ ਮਨਾਉਂਦੇ ਹਨ। ਇਸ ਮੌਕੇ ਬਰਸੀ ਦੇ ਮੱਦੇਨਜ਼ਰ ਇਲਾਕੇ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਜਾਂਦੇ ਹਨ।

# ਘਰ ਵਿਚ ਕਿਤਾਬਾਂ ਦਾ ਮਹੱਤਵ .....



ਕੇਹਰ ਸ਼ਰੀਫ
+49 173 3546050

ਮਨੁੱਖੀ ਜ਼ਿੰਦਗੀ ਬਹੁਤ ਹੀ ਖੂਬਸੂਰਤ ਹੈ, ਇਸ ਦੀ ਖੂਬਸੂਰਤੀ ਦੇ ਵਾਧੇ ਵਿਚ ਕਿਤਾਬਾਂ ਬਹੁਤ ਵੱਡਾ ਯੋਗਦਾਨ ਪਾਉਂਦੀਆਂ ਹਨ। ਮਨੁੱਖ ਜੀਊਂਦਿਆਂ ਬਹੁਤ ਸਾਰੇ ਸੁਪਨੇ ਸਿਰਜਦਾ ਹੈ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਵਾਸਤੇ ਪੂਰੀ ਵਾਹ ਲਾਉਂਦਾ ਹੈ। ਕਿਤਾਬਾਂ ਪੜ੍ਹਦਿਆਂ ਸੋਚਣ ਦੇ ਨਵੇਂ ਢੰਗ-ਤਰੀਕੇ ਸਿੱਖਦਾ ਹੈ ਅਤੇ ਉਨ੍ਹਾਂ ਉੱਤੇ ਅਮਲ ਕਰਨ ਵਲ ਰੁਚਿਤ ਹੁੰਦਾ ਹੈ। ਜਦੋਂ ਸਮਾਜ ਦੀ ਵਰਤਮਾਨ ਅੰਦਰਲੀ ਦਸ਼ਾ ਬਾਰੇ ਸੋਝੀ ਹੁੰਦੀ ਹੈ ਤਾਂ ਨਵੇਂ ਰਾਹ ਭਾਲਦਾ ਅਤੇ ਉਨ੍ਹਾਂ 'ਤੇ ਤੁਰਨ ਦਾ ਜਤਨ ਕਰਦਾ ਹੈ। ਗਿਆਨ ਬੰਦੇ ਨੂੰ ਇਸ ਰਾਹੇ ਤੋਰਨ ਦਾ ਸਬੱਬ ਬਣਦਾ ਹੈ, ਜਿਸ ਦੇ ਆਸਰੇ ਮਨੁੱਖ ਜਗਿਆਸੂ ਬਿਰਤੀ ਨਾਲ ਆਪਣੀ ਮਿੱਥੀ ਹੋਈ ਮੰਜ਼ਿਲ ਵਲ ਸੌਖਿਆਂ ਵਧ ਸਕਦਾ ਹੈ।

ਹਰ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਖਾਣ-ਪੀਣ ਅਤੇ ਰਹਿਣ ਆਦਿ ਦੀਆਂ ਸਹੂਲਤਾਂ ਦੀਆਂ ਹੀ ਗੱਲਾਂ ਕੀਤੀਆਂ ਜਾਂਦੀਆਂ ਹਨ। ਪਰ ਜਿਨ੍ਹਾਂ ਲੋਕਾਂ ਨੇ ਬੌਧਿਕਤਾ ਵਲ ਤੁਰਨਾ ਹੁੰਦਾ ਹੈ ਉਨ੍ਹਾਂ ਨੂੰ ਕਿਤਾਬਾਂ ਦੀ ਉਂਗਲ ਫੜਨੀ ਹੀ ਪੈਂਦੀ ਹੈ ਤਾਂ ਜੋ ਗਿਆਨ/ਸੂਝ ਦੇ ਦਰ ਤੱਕ ਪਹੁੰਚ ਸਕਣ। ਅੱਜ ਉਹ ਵਕਤ ਹੈ ਜਦੋਂ ਕਿਤਾਬ ਬਹੁਤ ਸਾਰੇ ਲੋਕਾਂ ਦੇ ਵਸੋਂ ਬਾਹਰੀ 'ਸ਼ੈਅ' ਨਹੀਂ, ਲੋੜ ਤਾਂ ਇਸ ਪਾਸੇ ਰੁਖ ਕਰਕੇ ਤੁਰਨ ਦੀ ਹੈ। ਆਦਤ ਜਾਂ ਗੇਜ੍ਹ ਪਾਉਣ ਦੀ ਹੈ। ਇਸਦਾ ਸਬੰਧ ਮਨ ਦੀ ਜਗਿਆਸੂ ਬਿਰਤੀ ਨਾਲ ਹੈ। ਇਸ ਵਾਸਤੇ ਸੁੱਤੇ ਮਨ ਨੂੰ ਜਗਾਉਣਾ ਪੈਂਦਾ ਹੈ। ਉਂਜ ਵੀ ਅਕਲ ਦੇ ਵਿਹੜੇ ਪੈਰ ਰੱਖਣ ਤੋਂ ਝਿਜਕ/ਸ਼ਰਮ ਕਾਹਦੀ? ਹਰ ਜਗਿਆਸੂ ਮਨੁੱਖ ਕਿਤਾਬ ਨੂੰ ਆਪਣੀ ਲੋੜ ਸਮਝੇ ਤੇ ਇਸਦੇ ਸਿੱਟੇ ਵਜੋਂ ਸਮਾਜ ਜਾਂ ਸਮਾਜਾਂ ਅੰਦਰ ਨਿੱਤ ਪੈਦਾ ਹੁੰਦੇ ਬੇਲੋੜੇ ਤਣਾਵਾਂ/ਟਕਰਾਵਾਂ/ਝਗੜਿਆਂ ਤੋਂ ਸਹਿਜੇ ਹੀ ਬਚਿਆ ਜਾ ਸਕਦਾ ਹੈ। ਮੈਕਸਿਮ ਗੋਰਕੀ ਦੇ ਕਹਿਣ ਅਨੁਸਾਰ "ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿਚੋਂ ਹੋ ਕੇ ਜਾਂਦਾ ਹੈ।" ਅਜਿਹੇ ਮੁੱਲਵਾਨ ਕਥਨਾਂ ਨੂੰ ਪੱਲੇ ਬੰਨ੍ਹ ਲੈਣਾ ਚਹੀਦਾ ਹੈ।

ਹਰ ਮਨੁੱਖ ਹੀ ਆਪਣੇ ਘਰ ਦੀ ਖੂਬਸੂਰਤੀ ਵਾਸਤੇ ਲੋੜ ਦੀਆਂ ਚੀਜ਼ਾਂ ਆਪਣੇ ਵਸੋਂ ਬਾਹਰਾ ਹੋ ਕੇ ਖਰੀਦਦਾ ਹੈ, ਪਰ ਗਿਆਨ ਦਾ ਭਰਪੂਰ ਖਜ਼ਾਨਾ ਕਿਤਾਬਾਂ ਖਰੀਦਣ ਵੇਲੇ ਕੰਜੂਸੀ ਕਿਉਂ ਕਰਦਾ ਹੈ? ਆਪਣੇ ਆਪ ਨੂੰ ਪੜ੍ਹੇ ਲਿਖੇ ਕਹਾਉਂਦੇ ਲੋਕ ਘਰ ਦੇ ਖਰਚ ਨੂੰ ਸਾਵਾਂ ਰੱਖਣ ਵਾਸਤੇ (ਜਾਂ ਦੂਜਿਆਂ ਸਾਹਮਣੇ ਆਪਣੇ ਆਪ ਨੂੰ ਐਵੇਂ ਹੀ ਸਿਆਣਾ ਦੱਸਣ ਵਾਸਤੇ) ਘਰ ਦਾ ਬੱਜਟ ਬਣਾਉਂਦੇ ਹਨ। ਪਰ ਕਿੰਨੇ ਕੁ ਘਰ ਹੋਣਗੇ ਜਿੱਥੇ ਕਿਤਾਬਾਂ ਲਈ ਖਰਚਣ ਵਾਸਤੇ ਵੀ ਘਰੇਲੂ ਬੱਜਟ ਵਿਚ ਕੁੱਝ ਰੱਖਿਆ ਗਿਆ ਹੋਵੇ। ਪੰਜਾਬੀ ਲੇਖਕਾਂ ਵਿਚ ਇਹ ਰੁਚੀ ਬਹੁਤ ਹੀ ਘੱਟ ਦੇਖੀ ਗਈ ਹੈ ਕਿ ਉਹ ਖੁਦ ਖਰੀਦ ਕੇ ਕਿਤਾਬਾਂ ਪੜ੍ਹਦੇ ਹੋਣ। ਬਹੁਤੇ ਤਾਂ ਮੁਫਤ ਮਿਲਣ ਵਾਲੀਆਂ ਕਿਤਾਬਾਂ ਦੀ ਹੀ ਉਡੀਕ ਕਰੀ ਜਾਂਦੇ ਹਨ। ਇਸ ਕਰਕੇ ਹੀ ਜਦੋਂ ਕਿਸੇ ਪੁਸਤਕ ਉਤੇ ਹੋ ਰਹੀ ਗੋਸ਼ਟੀ/ਵਿਚਾਰ ਚਰਚਾ ਵਿਚ ਭਾਗ ਲੈਣ ਜਾਂਦੇ ਹਨ ਤਾਂ 'ਮੂੰਹ-ਜ਼ੁਬਾਨੀ' ਭਾਵ ਬਿਨਾ ਕਿਤਾਬ ਪੜ੍ਹਿਆਂ ਹੀ ਉਸ ਕਿਤਾਬ ਬਾਰੇ 'ਵਿਦਵਤਾ ਭਰਪੂਰ' ਲੈਕਚਰ ਝਾੜ ਦੇਣਗੇ। ਜੇ ਕੋਈ ਪੁੱਛ ਲਵੇ ਕਿ ਜਦੋਂ ਕਿਤਾਬ ਪੜ੍ਹੀ ਹੀ ਨਹੀਂ ਤਾਂ ਐਵੇਂ ਹੀ ਬਿਨਾਂ ਕਿਤਾਬ ਪੜ੍ਹਿਆਂ ਕਮਲ਼ ਘੋਟਣ ਦਾ ਕੀ ਫਾਇਦਾ? ਅੱਗਿਓਂ ਬੇਸ਼ਰਮੀ ਭਰਿਆ ਜਵਾਬ ਦੇਣਗੇ, 'ਸੱਦਾ ਭੇਜਣ ਵਾਲੇ ਪ੍ਰਬੰਧਕਾਂ ਦਾ ਮਾਣ ਵੀ ਤਾਂ ਰੱਖਣਾਂ ਹੋਇਆ'। ਜਿਨ੍ਹਾਂ ਸਮਾਜਾਂ ਨੇ ਤਰੱਕੀ/ਵਿਕਾਸ ਕਰਨਾ ਹੁੰਦਾ ਹੈ ਉਨ੍ਹਾਂ ਨੂੰ ਨਵੀਂ ਸੋਚ ਦੀ ਲੋੜ ਪੈਂਦੀ ਹੈ। ਫਲਸਫਿਆਂ ਨੂੰ ਜਨਮ ਦੇਣ ਵਾਲੇ, ਆਮ ਲੋਕਾਂ ਦੀ ਅਗਵਾਈ ਕਰਨ ਦੇ ਐਵੇਂ ਹੀ ਯੋਗ ਨਹੀਂ ਹੋ ਜਾਂਦੇ, ਉਨ੍ਹਾਂ ਦੀ ਨਵੀਂ ਦ੍ਰਿਸ਼ਟੀ/ਨਵੇਂ ਵਿਚਾਰ ਹੀ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਜਿਸ ਸਦਕਾ ਕੋਈ ਨਵੀਂ ਲੀਹ ਤੁਰਦੀ ਹੈ। ਜਦੋਂ ਧਾਰਮਿਕ ਬਿਰਤੀ ਵਾਲੇ ਕਹੇ ਜਾਂਦੇ ਮਹਾਂਪੁਰਸ਼ਾਂ ਨੇ ਲੋਕਾਂ ਨੂੰ 'ਰੱਬ ਦੇ ਘਰ' ਦਾ ਰਸਤਾ ਦੱਸਣ ਵਾਸਤੇ ਵੇਦ ਗ੍ਰੰਥ ਰਚੇ ਦੁਨੀਆਂ ਤੇ ਵੱਖੋ-ਵੱਖ ਸਮਾਜਾਂ ਅੰਦਰ ਸੰਚਾਰ ਦੇ ਬਹੁਤ ਘੱਟ ਸਾਧਨ ਮੌਜੂਦ ਸਨ। ਉਦੋਂ ਪੱਤਿਆਂ ਆਦਿ 'ਤੇ ਲਿਖਣ ਦੇ ਯੁੱਗ ਵਿਚ ਵੀ ਗ੍ਰੰਥ ਲਿਖੇ ਗਏ। ਲਗਨ ਮਨੁੱਖ ਨੂੰ ਅਣਦਿਸਦੇ ਰਾਹਾਂ ਉੱਤੇ ਤੁਰਨ ਵਾਲੀ ਸੋਝੀ ਬਖਸ਼ ਦਿੰਦੀ ਹੈ। ਜਦੋਂ ਲਗਨ ਜਨੂਨ ਬਣ ਜਾਵੇ ਤਾਂ ਬੰਦਾ ਕੁੱਝ ਵੀ ਕਰ ਸਕਦਾ ਹੈ। ਸੂਝਵਾਨਾਂ ਵਲੋਂ ਸੰਸਾਰ ਨੂੰ ਪਿਆਰ ਕਰਨ ਵਾਲੇ ਹਾਂ ਪੱਖੀ ਲਗਨ/ਜਨੂਨ ਨੇ ਦੁਨੀਆਂ ਨੂੰ ਬਹੁਤ ਬਦਲਿਆ ਹੈ। ਅੱਜ ਤੱਕ ਅਸੀਂ ਕਿਵੇਂ ਪਹੁੰਚੇ ਹਾਂ ਇਸ ਵਿਕਾਸ ਦੇ ਰਾਹ ਬਾਰੇ ਪੜ੍ਹਨ ਦੀ ਬਹੁਤ ਲੋੜ ਹੈ।



ਬ੍ਰਾਹਮਣਵਾਦੀ ਗਲਬੇ ਦੇ ਦੌਰ ਵਿਚ ਭਾਰਤੀ ਸਮਾਜ ਅੰਦਰ ਅਕਲ ਦੀਆਂ ਗੱਲਾਂ ਦੱਸਦੇ ਇਨ੍ਹਾਂ ਵੇਦ-ਗ੍ਰੰਥਾਂ ਨੂੰ ਵਰਤਣ/ਪਰਖਣ/ਸਮਝਣ ਉੱਤੇ ਵੀ ਮਨੁੱਖਾਂ ਨਾਲ ਮੱਤਭੇਦ ਕੀਤਾ ਗਿਆ ਜੋ ਅਜ ਤੱਕ ਵੀ ਭਾਰਤੀ ਨਸਲਵਾਦ ਕਰਕੇ ਹੀ ਜਾਣਿਆ ਜਾਂਦਾ ਹੈ। ਬਹੁਤ ਸਮਾਂ ਬਾਅਦ ਸਮਾਜ ਨੂੰ ਅਸਲੋਂ ਮਨੁੱਖ ਵਾਸਤੇ ਸੁਚੱਜਾ ਬਨਾਉਣ ਵਾਲਿਆਂ ਨੇ ਆਪਣਾ ਫ਼ਰਜ਼ ਨਿਭਾਉਣ ਵਿਚ ਕੋਤਾਹੀ ਨਹੀਂ ਕੀਤੀ। ਜੇ ਗੱਲ ਦਰਸ਼ਨ ਦੇ ਪੱਧਰ 'ਤੇ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਿਆਣੇ ਵਿਚਾਰਾਂ ਨਾਲ ਮਨੁੱਖ ਨੂੰ ਸਦਾ ਹੀ ਨਵੀਂ ਵਿਚਾਰਧਾਰਕ ਧਰਤ ਅਤੇ ਨਵੀਂ ਸੇਧ ਮਿਲੀ ਹੈ। ਜਦੋਂ ਨਿਰੀ "ਧਾਰਮਿਕਤਾ" ਦੀਆਂ ਝੂਠੀਆ ਬਾਤਾਂ ਪਾ ਕੇ ਲੋਕਾਂ ਨੂੰ ਇਸ ਧੁੰਦਵਾਦ ਨਾਲ ਹੀ ਪ੍ਰਚਾਇਆ ਜਾਂਦਾ ਹੋਵੇ ਤਾਂ ਸਮਾਜ ਦੀ ਸੱਚੀ ਨਿਰਖ-ਪਰਖ ਕਰਨ ਵਾਲੇ ਵੀ ਪਿੱਛੇ ਨਹੀਂ ਰਹਿੰਦੇ, ਉਹ ਵੀ ਆਪਣਾ ਯੋਗਦਾਨ ਪਾਉਂਦੇ ਹਨ। ਸਦੀਆਂ ਪਹਿਲਾਂ ਭਾਰਤ ਅੰਦਰ ਭਗਤੀ ਲਹਿਰ ਸਮੇਂ ਅਤੇ ਗੁਰੂ ਕਾਲ ਵੇਲੇ ਇਸੇ ਤਰ੍ਹਾਂ ਸੰਵਾਦ ਛੇੜਿਆ ਗਿਆ। ਬਾਬਾ ਨਾਨਕ ਵਲੋਂ ਗੋਸ਼ਟਿ ਦਾ ਸਿਧਾਂਤ ਸਾਡੇ ਸਭ ਦੇ ਸਾਹਮਣੇ ਹੈ। ਅੱਜ ਵੀ ਮਸਲੇ ਸੁਲਝਾਣ ਵੇਲੇ ਇਹ ਹੀ ਸਿਧਾਂਤ ਕੰਮ ਆਉਂਦਾ ਹੈ।

ਚਿਰ ਬਾਅਦ ਨਵੇਂ ਯੁੱਗ ਵਿਚ ਕਾਰਲ ਮਾਰਕਸ ਵਰਗੇ ਮਹਾਨ ਮਨੁੱਖ ਅਤੇ ਉਹਦੇ ਸਾਥੀ ਆਉਂਦੇ ਹਨ ਤੇ ਆਪਣੀਆਂ ਲਿਖਤਾਂ/ਕਿਤਾਬਾਂ ਰਾਹੀਂ ਨਵੇਂ ਵਿਚਾਰਾਂ ਨਾਲ ਮਨੁੱਖਾਂ/ ਸਮਾਜਾਂ ਨੂੰ ਹਲੂਣ ਕੇ ਨਵੇਂ 'ਰਾਹ' ਤੋਰਨ ਦਾ ਸਬੱਬ ਬਣ ਜਾਂਦੇ ਹਨ। (ਕਾਰਲ ਮਾਰਕਸ ਦੀਆਂ ਲਿਖਤਾਂ ਖਾਸ ਕਰਕੇ 'ਸਰਮਾਇਆ' ਲੁੱਟ ਰਹਿਤ ਦੁਨੀਆਂ ਦੇਖਣ ਚਾਹੁਣ ਵਾਲਿਆਂ ਦਾ ਪੱਥ ਪ੍ਰਦਰਸ਼ਕ ਬਣੀ ਅਤੇ ਜਦੋਂ ਤੱਕ ਲੁੱਟ ਰਹਿਤ ਸਮਾਜ ਨਹੀਂ ਬਣਦਾ, ਬਣੀ ਰਹੇਗੀ) ਨਵੀਆਂ ਲੀਹਾਂ ਦੇ ਸਿਰਜਣਹਾਰਿਆਂ ਨੇ ਆਪਣੇ ਆਪ ਨੂੰ ਸ਼ਬਦ ਨਾਲ ਜੋੜਿਆ ਅਤੇ ਆਪਣੇ ਸੰਗੀਆਂ-ਸਾਥੀਆਂ, ਸ਼ੁਭਚਿੰਤਕਾਂ ਅਤੇ ਪੈਰੋਕਾਰਾਂ ਨੂੰ ਵੀ ਇਸੇ ਰਾਹੇ ਤੁਰਨ ਵਾਸਤੇ ਪ੍ਰੇਰਿਤ ਕੀਤਾ। ਧਾਰਮਿਕ ਖੇਤਰ ਵਿਚ ਮੱਥੇ ਰਗੜਨ ਵਾਲੇ ਤਾਂ ਕਰੋੜਾਂ ਹੀ ਨਿੱਤ ਦੇਖੇ ਜਾ ਸਕਦੇ ਹਨ, ਇਨ੍ਹਾਂ ਵਿਚੋਂ ਸ਼ਬਦ ਨਾਲ ਕਿੰਨੇ ਕੁ ਜੁੜੇ ਹੋਏ ਹਨ? ਇੱਥੇ ਸਵਾਲੀਆ ਨਿਸ਼ਾਨ ਕਾਫੀ ਵੱਡਾ ਨਜ਼ਰ ਆਉਂਦਾ ਹੈ। ਸੰਸਾਰ ਵਿਚ ਹਰ ਧਾਰਮਕ ਜਾਂ ਗੈਰ-ਧਾਰਮਕ ਮਨੁੱਖ ਦਾ ਗੁਰੂ - ਸ਼ਬਦ / ਗਿਆਨ ਹੀ ਹੈ।

ਜਾਗਦੇ ਮਨੁੱਖ ਦੇ ਮਨ ਦੀ ਜਗਿਆਸਾ ਮਨੁੱਖ ਨੂੰ ਟਿਕ ਕੇ ਬਹਿਣ ਨਹੀਂ ਦਿੰਦੀ। ਇਹ ਟਿਕ ਕੇ ਨਾ ਬਹਿਣ ਦੀ ਬਿਰਤੀ ਹੀ ਮਨੁੱਖ ਨੂੰ ਕ੍ਰਿਆਸ਼ੀਲ ਰਖਦੀ ਹੈ। ਪੱਛਮੀ ਸਮਾਜਾਂ ਵਿਚ ਜਿੱਧਰ ਵੀ ਜਾਉ ਲੋਕਾਂ ਦੇ ਘਰਾਂ ਵਿਚ ਹੋਰ ਲੋੜ ਵਾਲੀਆਂ ਵਸਤਾਂ ਦੇ ਨਾਲ ਤੁਹਾਨੂੰ ਕਿਤਾਬਾਂ ਵੀ ਨਜ਼ਰੀਂ ਪੈਣਗੀਆਂ। ਬਹੁਤ ਸਾਰੇ ਲੋਕ ਵਿਹਲ ਦੇ ਸਮੇਂ ਨੂੰ ਪੜ੍ਹਨ ਲਈ ਵਰਤਦੇ ਹਨ। ਜਨਮ ਦਿਨਾਂ, ਵਿਆਹ-ਸ਼ਾਦੀਆਂ, ਵਰ੍ਹੇ-ਗੰਢਾਂ ਜਾਂ ਹੋਰ ਅਜਿਹੇ ਖੁਸ਼ੀ ਦੇ ਮੌਕਿਆਂ 'ਤੇ ਲੋਕ ਕਿਤਾਬਾਂ ਦੇ ਤੋਹਫੇ ਦਿੰਦੇ ਹਨ। ਸਾਡਾ ਸਮਾਜ ਅਜੇ ਵੀ ਝੱਗਿਆਂ/ਫਰਾਕਾਂ, ਲਹਿੰਗਿਆਂ ਆਦਿ ਵਿਚ ਹੀ ਕਿਉਂ ਫਸਿਆਂ ਬੈਠਾ ਹੈ? ਅਸੀਂ ਵੀ ਜੇ ਸੰਸਾਰ ਦੇ ਹਾਣ ਦਾ ਹੋਣਾ ਹੈ ਤਾਂ ਸਾਨੂੰ ਆਪਣੀ ਸੌੜੀ ਸੋਚ ਵਿਚੋਂ ਨਿਕਲ ਕੇ ਅੱਗੇ ਵਧਣ ਬਾਰੇ ਸੋਚਣਾ ਚਾਹੀਦਾ ਹੈ। ਲੋੜ ਹੈ ਅਗਿਆਨ ਦੀਆਂ ਆਪਣੀਆਂ ਹਨੇਰੀਆਂ ਖੁੱਡਾਂ ਵਿਚੋਂ ਨਿਕਲ ਕੇ ਦਿਨ ਦੇ ਚਾਨਣ ਨੂੰ ਫੜਨ ਦੀ। ਇਸ ਚਾਨਣ ਦੇ ਆਸਰੇ ਸੰਸਾਰ ਬਹੁਤ ਹੀ ਖੂਬਸੂਰਤ ਨਜ਼ਰ ਆਵੇਗਾ- ਸਾਨੂੰ ਨਵੇਂ ਨਜ਼ਰੀਏ / ਦ੍ਰਿਸ਼ਟੀਕੋਣ ਦੇ ਲੜ ਲੱਗ ਕੇ ਨਵੀਂ ਧਰਤ ਨੂੰ ਸਿਰਜਣ ਦੀ ਲੋੜ ਹੈ। ਕਿਤਾਬਾਂ ਸ਼ੀਸ਼ਾ ਬਣ ਕੇ ਸਾਡੇ ਸਾਹਮਣੇ ਹਨ ਉਨ੍ਹਾਂ ਵਿਚ ਆਪਣਾ ਆਪ ਦੇਖਣ ਦਾ ਜਤਨ ਤਾਂ ਕਰੀਏ। ਉਨ੍ਹਾਂ ਵਿਚ ਪੇਸ਼ ਕੀਤੇ ਵਿਚਾਰਾਂ ਤੋਂ ਸਿੱਖਣ ਦੇ ਰਾਹੇ ਤਾਂ ਪਈਏ। ਕਿਤਾਬਾਂ ਸਾਨੂੰ ਸਹਿਣਸ਼ੀਲ, ਦਇਆਵਾਨ ਤੇ ਚੰਗੇ ਇਨਸਾਨ ਬਣਾਉਂਦੀਆਂ ਹਨ। ਆਪਣੇ 'ਸਫਰਨਾਮਾ' ਮਾਰਕਾ ਲੇਖਕ ਜਦੋਂ ਵੀ ਬਾਹਰ ਜਾਂਦੇ ਹਨ ਤਾਂ ਖਾਧੇ ਹੋਏ ਪਕੌੜਿਆਂ-ਸਮੋਸਿਆਂ ਜਾਂ ਪੀਤੀਆਂ ਹੋਈਆਂ ਸ਼ਰਾਬਾਂ ਦਾ ਹੀ ਜ਼ਿਕਰ ਕਰੀ ਜਾਣਗੇ। ਬਾਹਰਲੇ ਸਮਾਜ, ਜਿਸ ਬਾਰੇ ਲਿਖਣ ਦਾ ਉਨ੍ਹਾਂ ਨੇ ਦਾਅਵਾ ਕੀਤਾ ਹੁੰਦਾ ਹੈ ਬਹੁਤਿਆਂ ਨੂੰ ਉਸਦੀ ਸਮਝ ਨਾ ਹੋਣ ਕਰਕੇ ਉਹਦਾ ਨਿਗੂਣਾ ਜਾਂ ਚਲਵਾਂ ਜਿਹਾ ਹੀ ਜ਼ਿਕਰ ਹੁੰਦਾ ਹੈ ਜਿਸ ਨਾਲ ਆਪਣੇ ਆਪ ਨੂੰ ਇਹ 'ਸਿਆਣੇ' ਕਹਾਉਣ ਵਾਲੇ ਭੰਬਲ਼ਭੂਸੇ ਭਰੀ ਧੁੰਦ ਖਿਲਾਰਨ ਤੋਂ ਵੱਧ ਕੁੱਝ ਵੀ ਨਹੀਂ ਕਰਦੇ। ਇਨ੍ਹਾਂ 'ਬੁੱਧੀਜੀਵੀਆਂ' ਨੂੰ ਬੌਧਿਕ ਗਰੀਬੀ ਢੋਣ ਵਾਲੇ ਗਰਜਾਂ ਬੱਧੇ ਦੋ-ਲੱਤੇ ਜੀਵ ਵੀ ਆਖਿਆ ਜਾ ਸਕਦਾ ਹੈ।

ਮਨੁੱਖ ਹਰ ਵੇਲੇ ਤਾਂ ਸਹਿਜ ਅਵਸਥਾ ਵਿਚ ਨਹੀਂ ਹੁੰਦਾ। ਕਦੇ ਮਨ ਵਿਚ ਕਿਸੇ ਗੱਲ ਦੀ ਕੁੜੱਤਣ, ਕਦੇ ਘਰੇਲੂ ਪ੍ਰੇਸ਼ਾਨੀਆਂ ਜਾਂ ਸਮਾਜ ਵਿਚ ਵਾਪਰ ਰਹੇ ਨਵੇਂ ਦਿਲ-ਢਾਹੂ ਵਰਤਾਰੇ ਸੰਵੇਦਨਸ਼ੀਲ ਮਨੁੱਖ ਨੂੰ ਦੁਖੀ ਕਰਦੇ ਹਨ। ਇਨ੍ਹਾਂ ਜਾਂ ਇਨ੍ਹਾਂ ਵਰਗੀਆਂ ਹੋ ਰਹੀਆਂ ਹੋਰ ਗੱਲਾਂ ਦੇ ਕਾਰਨਾਂ ਬਾਰੇ ਸੋਚਣ ਵਾਸਤੇ ਮਨ ਨੂੰ ਇਕਾਗਰ ਕਰਨਾ ਜ਼ਰੂਰੀ ਹੁੰਦਾ ਹੈ। ਅਜਿਹੇ ਮੌਕੇ ਮਨੁੱਖ ਵਾਸਤੇ ਕਿਤਾਬਾਂ ਤੋਂ ਵੱਡਾ ਹੋਰ ਕੌਣ ਸਹਾਈ ਹੋ ਸਕਦਾ ਹੈ? ਵਿਅਕਤੀ ਕੋਈ ਕਵਿਤਾ, ਕਹਾਣੀ, ਲੇਖ ਜਾਂ ਕੁੱਝ ਵੀ ਪੜ੍ਹੇ ਮਨ ਹੋਰ ਤਰ੍ਹਾਂ ਸੋਚਣ ਲਗਦਾ ਹੈ।

ਇਹ 'ਹੋਰ' ਸੋਚਣਾਂ ਮਨ ਅੰਦਰ ਨਵਾਂ ਵਿਚਾਰ ਪੈਦਾ ਕਰਨ ਦਾ ਵਸੀਲਾ ਬਣ ਜਾਂਦਾ ਹੈ। ਮਨ ਨੂੰ ਚੜ੍ਹਦੀ ਕਲਾ ਵਲ ਜਾਣ ਦਾ ਰਸਤਾ ਮਿਲ ਜਾਂਦਾ ਹੈ। ਪਰ, ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਸਾਧਨ ਵੀ ਹੋਵੇ। ਭਾਵ ਜੇ ਘਰ ਵਿਚ ਕਿਤਾਬਾਂ ਮੌਜੂਦ ਹੋਣਗੀਆਂ ਤਾਂ ਘਰੇਲੂ ਔਰਤਾਂ ਵੀ ਕੰਮਾਂ-ਕਾਰਾਂ ਤੋਂ ਵਿਹਲੀਆਂ ਹੋ ਕੇ ਜਾਂ ਘਰੇਲੂ ਕੰਮਾਂ ਵਿਚੋਂ ਵਿਹਲ ਕੱਢ ਕੇ ਪੜ੍ਹਨ ਵਲ ਰੁਚਿਤ ਹੋ ਸਕਦੀਆਂ ਹਨ। ਇਸ ਤਰ੍ਹਾਂ ਮਾਵਾਂ ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਹੀ ਪੜ੍ਹਨ ਦੀ ਆਦਤ ਵੀ ਪਾ ਸਕਦੀਆਂ ਹਨ। ਛੋਟੇ ਬੱਚਿਆਂ ਵਾਸਤੇ ਤਸਵੀਰਾਂ ਵਾਲੀਆਂ ਕਿਤਾਬਾਂ ਬੇਹੱਦ ਜਰੂਰੀ ਅਤੇ ਲਾਭਦਾਇਕ ਹਨ ਜੋ ਹਰ ਘਰ ਵਿਚ ਹੋਣੀਆਂ ਚਾਹੀਦੀਆਂ ਹਨ, ਤਸਵੀਰਾਂ ਦੇਖਦਿਆਂ ਬੱਚੇ ਸਹਿਜ ਨਾਲ ਹੀ ਨਾਲ ਲਿਖਿਆ ਹੋਇਆ ਪਾਠ ਵੀ ਪੜ੍ਹਨਾ ਸਿੱਖਣ ਦਾ ਜਤਨ ਵੀ ਕਰਨਗੇ, ਇਸਿ ਤਰ੍ਹਾਂ ਬੱਚਿਆਂ ਨੂੰ ਬਿਨਾਂ ਕਿਸੇ ਔਖ ਤੋਂ ਸ਼ਬਦ ਦੇ ਲੜ ਲਾਇਆ ਜਾ ਸਕਦਾ ਹੈ। ਬੱਚੇ ਨੂੰ ਬਚਪਨ ਵਿਚ ਕਿਤਾਬ ਦੇ ਕੇ ਉਸਨੂੰ ਸਾਰੀ ਉਮਰ ਵਾਸਤੇ ਕਿਤਾਬ ਨਾਲ ਜੋੜਿਆ ਜਾ ਸਕਦਾ ਹੈ।

ਆਉਣ ਵਾਲੇ ਕੱਲ੍ਹ ਨੂੰ ਖੁਸ਼ਗਵਾਰ ਬਨਾਉਣ ਵਾਸਤੇ ਇਹ ਬਹੁਤ ਜ਼ਰੂਰੀ ਹੈ। ਕਿਸੇ ਵੀ ਸਮਾਜ ਨੂੰ ਕਿਤਾਬਾਂ ਦੇ ਲੜ ਲਾ ਕੇ ਉਸ ਸਮਾਜ ਨੂੰ ਅਕਾਰਨ ਹੀ ਪੈਦਾ ਹੋਣ ਵਾਲੇ ਗੈਰ ਜਰੂਰੀ ਝਗੜਿਆਂ ਅਤੇ ਤਣਾਵਾਂ ਤੋਂ ਮੁਕਤ ਕੀਤਾ ਜਾ ਸਕਦਾ ਹੈ। ਕਿਤਾਬਾਂ ਦੇ ਆਸਰੇ ਊਚ-ਨੀਚ, ਵਖਰੇਵਿਆਂ, ਪਾੜਿਆਂ, ਜੰਗਾਂ ਅਤੇ ਨਫ਼ਰਤਾਂ ਤੋਂ ਰਹਿਤ, ਸੁਹਣਾ-ਸੁਚੱਜਾ ਅਤੇ ਭਰੱਪਣ ਭਰਿਆ, ਸ਼ਾਂਤਮਈ ਸਮਾਜ / ਸੰਸਾਰ ਵੀ ਸਿਰਜਿਆ ਜਾ ਸਕਦਾ ਹੈ।

# ਡੀ.ਐੱਲ.ਐੱਸ.ਏ. ਵਲੋਂ ਕਾਨੂੰਨੀ ਜਾਗਰੂਕਤਾ ਕੈਂਪ ਆਯੋਜਿਤ ਸਰਦੀਆਂ ਤੋਂ ਬਚਾਅ ਲਈ 60 ਮਜ਼ਦੂਰ ਔਰਤਾਂ ਨੂੰ ਗਰਮ ਕੋਟੀਆਂ ਵੰਡੀਆਂ





**ਸੜੋਆ (ਸਤਨਾਮ ਸਿੰਘ ਸਹੂੰਗੜਾ)** ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼.ਭ.ਸ.ਨਗਰ ਵਲੋਂ ਸਾਲ 2022 ਨੂੰ ਅਲਵਿਦਾ ਅਤੇ ਨਵੇਂ ਸਾਲ 2023 ਨੂੰ ਜੀ ਆਇਆਂ ਨੂੰ ਆਖਦਿਆਂ ਕਾਨੂੰਨੀ ਸਹਾਇਤਾ ਕੇਂਦਰ ਪਿੰਡ ਕੋਟ ਰਾਂਝਾ ਵਿਖੇ ਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ (ਐੱਨ.ਐੱਲ.ਓ.) ਇਕਾਈ ਪਿੰਡ ਕੋਟ ਰਾਂਝਾ ਦੇ ਸਹਿਯੋਗ ਨਾਲ ਵਿਸ਼ੇਸ਼ ਕਾਨੂੰਨੀ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਦੌਰਾਨ ਅਥਾਰਟੀ ਦੇ ਪੈਰਾ ਲੀਗਲ ਵਲੰਟੀਅਰ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ 'ਮਹਾਤਮਾ ਗਾਂਧੀ ਕੌਮੀ ਦਿਹਾਤੀ ਰੋਜ਼ਗਾਰ ਗ੍ਰੰਟੀ ਕਾਨੂੰਨ- 2005', 'ਉਸਾਰੀ ਮਜ਼ਦੂਰ ਭਲਾਈ ਕਾਨੂੰਨ - 1996', ਲੋਕ ਅਦਾਲਤਾਂ ਅਤੇ ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅਥਾਰਟੀ ਗੈਰ ਸੰਗਠਿਤ ਖੇਤਰ ਦੇ ਮਜ਼ਦੂਰਾਂ ਦੀ ਭਲਾਈ ਅਤੇ ਸਮਾਜਿਕ ਸੁਰੱਖਿਆ ਲਈ ਕਾਰਜਸ਼ੀਲ ਹੈ। ਇਸ ਕੈਂਪ ਦੌਰਾਨ



ਗਜ਼ਟਿਡ ਐਂਡ ਨਾਨ ਗਜ਼ਟਿਡ ਐੱਸ ਸੀ/ਬੀ ਸੀ ਇੰਪਲਾਈਜ਼ ਵੈੱਲਫੇਅਰ ਫੈਡਰੇਸ਼ਨ ਜਿਲ੍ਹਾ ਸ਼.ਭ.ਸ. ਨਗਰ, ਡਾ: ਅੰਬੇਡਕਰ ਮਿਸ਼ਨ ਕਲੱਬ ਪੰਜਾਬ ਅਤੇ ਐੱਸ ਸੀ ਬੀ ਸੀ ਪੈਨਸ਼ਨਰ ਐਸੋਸੀਏਸ਼ਨ ਪੰਜਾਬ ਵਲੋਂ 60 ਮਜ਼ਦੂਰ ਔਰਤਾਂ ਨੂੰ ਸਰਦੀ ਤੋਂ ਬਚਾਓ ਲਈ ਗਰਮ ਜਰਸੀਆਂ ਵੰਡੀਆਂ ਗਈਆਂ। ਇਸ ਤੋਂ ਇਲਾਵਾ ਛੋਟੇ ਵਿਦਿਆਰਥੀਆਂ ਨੂੰ ਵੀ ਉਨ੍ਹਾਂ ਦੀਆਂ ਪ੍ਰਾਪਤੀਆਂ ਬਦਲੇ ਸਨਮਾਨਿਤ ਕੀਤਾ ਗਿਆ।

ਇਸ ਕੈਂਪ ਦੌਰਾਨ ਅਮਰਜੀਤ ਖਟਕੜ ਜਿਲ੍ਹਾ ਪ੍ਰਧਾਨ ਗਜ਼ਟਿਡ ਐਂਡ ਨਾਨ ਗਜ਼ਟਿਡ ਐੱਸ ਸੀ ਬੀ ਸੀ ਇੰਪਲਾਈਜ਼ ਵੈੱਲਫੇਅਰ ਫੈਡਰੇਸ਼ਨ, ਪ੍ਰਿੰਸੀਪਲ ਲਖਵੀਰ ਸਿੰਘ ਪ੍ਰਧਾਨ ਡਾ ਅੰਬੇਡਕਰ ਮਿਸ਼ਨ ਕਲੱਬ ਪੰਜਾਬ, ਰਾਮ ਲੁਭਾਇਆ ਕਲਸੀ, ਰਿਟਾ: ਸਹਾਇਕ ਜਿਲ੍ਹਾ ਸਿੱਖਿਆ ਅਫਸਰ ਛੋਟੂ ਰਾਮ, ਐੱਨ.ਐੱਲ.ਓ. ਆਗੂ ਸਿਮਰਨਜੋਤ ਕੌਰ, ਅਸ਼ੋਕ ਕੁਮਾਰ ਰਿਟਾ: ਬੀ ਪੀ ਈ ਓ ਨੇ ਵੀ ਆਪਣੇ ਵਡਮੁੱਲੇ ਵਿਚਾਰ ਰੱਖੇ। ਉਨ੍ਹਾਂ ਇਕੱਤਰ ਲੋਕਾਂ ਨੂੰ ਸਮਾਜਿਕ ਚੁਣੌਤੀਆਂ ਕਬੂਲ ਕਰਦੇ ਹੋਏ ਨਸ਼ਿਆਂ, ਐਬਾਂ ਅਤੇ ਕੁਰੀਤੀਆਂ ਤੋਂ ਬਚ ਕੇ ਨਰੋਏ ਸਮਾਜ ਦੀ ਸਥਾਪਨਾ ਕਰਨ ਲਈ ਸੱਦਾ ਦਿੱਤਾ। ਇਸ ਮੌਕੇ ਤੇ ਨਵਜੋਤ ਕੌਰ ਭਾਰਤੀ ਮਿਊਸੀਪਲ ਕੌਂਸਲਰ ਰਾਹੋਂ, ਰਾਮ ਪ੍ਰਕਾਸ਼ ਨਿਗਾਹ ਨੰਬਰਦਾਰ, ਖੁਨਦਾਨੀ ਹਰਸ਼ਦੀਪ, ਅਮੀਂ ਚੰਦ, ਹੁਸਨ ਲਾਲ, ਰਾਮ ਪ੍ਰਤਾਪ, ਚਮਨ ਲਾਲ, ਜੁਗਿੰਦਰ ਪਾਲ, ਜਗਦੀਸ਼ ਲਾਲ, ਹਰਮੇਸ਼ ਲਾਲ, ਬਲਵੀਰ ਕੌਰ, ਜਸਵੀਰ ਕੌਰ, ਪਰਮਜੀਤ ਕੌਰ, ਦੀਸ਼ੋ, ਨੀਲਮ ਬਾਲਾ, ਸੁਰਿੰਦਰ ਕੌਰ, ਕਿਰਨਜੀਤ ਕੌਰ ਅਤੇ ਹਰਵਿੰਦਰ ਕੌਰ ਆਦਿ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

## ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ

# 'ਜਿਤਨੀ ਵੀ ਹੋ ਗੋਬਿੰਦ ਕੀ ਤਾਰੀਫ, ਵੋਹ ਕਮ ਹੈ'

ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ 1666 ਈਸਵੀ ਮੁਤਾਬਕ 7 ਪੋਹ, 1723 ਵਿਕਰਮੀ ਨੂੰ ਪਟਨਾ ਸਾਹਿਬ ਦੀ ਧਰਤੀ ਤੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਮਾਤਾ ਗੁਜਰੀ ਜੀ ਦੇ ਗ੍ਰਿਹਿ ਵਿਖੇ ਹੋਇਆ ਅਤੇ ਉਹ ਮਨੁੱਖਤਾ ਦੀ ਸੇਵਾ ਤੇ ਰੱਖਿਆ ਕਰਦਿਆਂ 7 ਅਕਤੂਬਰ 1708 ਈਸਵੀ ਮੁਤਾਬਕ 5 ਕੱਤਕ, 1765 ਵਿਕਰਮੀ ਨੂੰ ਕੋਈ 42 ਸਾਲ ਦੇ ਕਰੀਬ ਉਮਰ ਭੋਗ ਕੇ ਜੋਤੀ ਜੋਤ ਸਮਾ ਗਏ।

ਆਪ ਨੇ ਮਨੁੱਖਤਾ ਦੀ ਭਲਾਈ ਲਈ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣਾ ਸਭ ਕੁਝ ਲੇਖੇ ਲਾ ਦਿੱਤਾ ਤੇ ਇੰਨਾ ਕੁਝ ਕਰਕੇ ਵੀ ਆਪਣੇ ਆਪ ਨੂੰ ਪਰਮ-ਪੁਰਖ ਪ੍ਰਮਾਤਮਾ ਦਾ ਦਾਸ ਹੀ ਜਾਣਿਆ। ਸਦੀਆਂ ਤੋਂ ਜ਼ੁਲਮ ਦੀ ਮਾਰ ਝੱਲ ਰਹੇ ਦੱਬੇ-ਕੁਚਲੇ ਹਿੰਦੋਸਤਾਨੀ ਸਮਾਜ ਵਿਚ, ਨਵੀਂ ਰੂਹ ਫੂਕ ਕੇ, ਜ਼ਾਲਮਾਂ ਨੂੰ ਕਰਾਰੇ ਹੱਥ ਦਿਖਾ ਕੇ ਅਤੇ ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਜਬਰ ਦੇ ਡਰ ਨੂੰ ਦੂਰ ਕਰਕੇ ਅਜੋਕੀ ਦੁਨੀਆਂ ਦੇ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਸਿਰਤੋੜ ਯਤਨ ਕੀਤਾ। ਗੁਰੂ ਜੀ ਕਿੰਨੇ ਮਹਾਨ ਹਨ ਕਿ ਉਹਨਾਂ ਨੇ ਅੱਜ ਤੋਂ ਕੋਈ ਤਿੰਨ ਸੌ ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਇਹ ਐਲਾਨ ਕੀਤਾ ਕਿ ਸਮੁੱਚੀ ਮਾਨਵਤਾ ਵਿਚ, ਉਸ ਇਕੋ ਅਕਾਲ-ਪੁਰਖ ਦੀ ਜੋਤ ਕੰਮ ਕਰ ਰਹੀ ਹੈ ਤੇ ਸਭ ਮਨੁੱਖ ਸਮਾਨ ਹਨ। ਉਹਨਾਂ ਨੂੰ ਜਾਤ-ਪਾਤ, ਨਸਲ ਤੇ ਰੰਗ ਭੇਦ ਦੇ ਆਧਾਰ ਤੇ ਵੰਡਿਆ ਨਹੀਂ ਜਾ ਸਕਦਾ। ਇਸ ਲਈ ਸਾਰੀ ਮਾਨਵਤਾ ਨੂੰ ਇਕ ਇਕਾਈ ਮੰਨਦਿਆਂ, ਸਭ ਨੂੰ ਪ੍ਰਮਾਤਮਾ ਦਾ ਰੂਪ ਸਮਝਣ ਦਾ ਸੰਦੇਸ਼ ਦਿੱਤਾ:

ਕੋਈ ਭਇਓ ਮੁੰਡੀਆ ਸੰਨਿਆਸੀ<br>
ਕੋਈ ਜੋਗੀ ਭਇਓ,<br>
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।।<br>
ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ,<br>
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।<br>
ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ,<br>
ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ।।<br>
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,<br>
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ।।

ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਇਕ ਵਿਸ਼ਾਲ ਇਕੱਠ ਦੇ ਸਾਹਮਣੇ ਦੀਵਾਨ ਲਾ ਕੇ 'ਖਾਲਸਾ-ਪੰਥ' ਦੀ ਨੀਂਹ ਰੱਖੀ। 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾਅ ਕੇ 'ਸਿੰਘ' ਸਾਜਿਆ ਤੇ ਉਹਨਾਂ ਤੋਂ ਆਪ ਵੀ ਅੰਮ੍ਰਿਤ ਛਕਿਆ ਤੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਅਖਵਾਇਆ।


ਪ੍ਰੋ: ਐਚ.ਐਲ.ਕਪੂਰ

ਗੁਰੂ ਜੀ ਨੇ ਜੋ ਪੰਜ ਪਿਆਰਿਆਂ ਦੀ ਚੋਣ ਕੀਤੀ, ਉਹ ਵੱਖ-ਵੱਖ ਵਰਗਾਂ ਦੇ ਲੋਕ ਸਨ। ਉਹਨਾਂ ਵਿਚ ਖੱਤਰੀ, ਜਾਟ, ਝੀਵਰ, ਛੀਂਬਾ ਤੇ ਨਾਈ ਵਰਗ ਦੇ ਲੋਕ ਸਨ। (ਹਵਾਲਾ ਗੁਰੂ ਕੀਆਂ ਸਾਖੀਆਂ : ''ਪ੍ਰਿਥਮੈ ਦੈਆ ਰਾਮ ਸੋਪਤੀ ਖੱਤਰੀ ਬਾਸੀ ਲਾਹੌਰ ਖਲਾ ਹੂਆ।। ਪਾਛੈ ਮੁਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ, ਧਰਮ ਚੰਦ ਜਵੰਦਾ ਜਾਟ ਵਾਸੀ ਹਸਤਾਨਾਪੁਰ (ਦਿੱਲੀ), ਹਿੰਮਤ ਚੰਦ ਝੀਵਰ ਵਾਸੀ ਜਗਨਨਾਥ ਬਾਰੋ-ਬਾਰੀ ਖਲੇ ਹੂਏ।'') ਖੱਤਰੀ ਵਰਗ ਨੂੰ ਛੱਡ ਕੇ ਬਾਕੀ ਚਾਰੇ ਵਰਗਾਂ ਦੇ ਲੋਕ ਦਲਿਤ ਵਰਗ ਦੇ ਸਨ। ਖੱਤਰੀ ਵੀ ਕੋਈ ਆਰਥਿਕ ਪੱਖੋਂ ਤੇ ਸਮਾਜਿਕ ਰੁਤਬੇ ਦੇ ਪੱਖੋਂ, ਕੋਈ ਜ਼ਿਆਦਾ ਅਹਿਮ ਵਿਅਕਤੀ ਨਹੀਂ ਸੀ। ਇਸ ਤਰ੍ਹਾਂ 'ਪੰਜ ਪਿਆਰਿਆਂ' ਦੀ ਸਿਧਾਂਤਕ 'ਸੰਸਥਾ' ਤੇ ਨਾਂ ਤਾਂ ਕੋਈ ਉਚ-ਜਾਤੀ ਜਾਂ ਵਰਗ ਦਾ ਦਬਦਬਾ ਰਿਹਾ ਅਤੇ ਨਾ ਹੀ ਕਿਸੇ ਇਕ 'ਵਿਸ਼ੇਸ਼ ਵਰਗ' ਦਾ ਏਕਾ ਅਧਿਕਾਰ ਰਹਿ ਸਕਿਆ। ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੀ ਉਚੇਰੀ ਸੂਝ-ਬੂਝ ਨਾਲ ਜਾਤੀ ਪ੍ਰਥਾ ਤੇ ਵਿਸ਼ੇਸ਼ ਵਰਗ ਉੱਤੇ ਇਕ ਭਰਵੀਂ ਸੱਟ ਮਾਰੀ। ਉਹਨਾਂ ਨੇ ਸਮਾਜਿਕ ਤੇ ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਵ, ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਜਾਂ ਵਰਗ ਵਿਸ਼ੇਸ਼ ਦੀ ਲੋੜ ਨੂੰ ਨਕਾਰ ਦਿੱਤਾ ਤੇ ਮਾਨਵਵਾਦ ਨੂੰ ਪਹਿਲ ਦਿੱਤੀ। ਇਸ ਤਰ੍ਹਾਂ ਕਰਕੇ ਗੁਰੂ ਨਾਨਕ ਦੇਵ ਜੀ ਦੀ ਜਾਤ-ਪਾਤ ਤੇ ਵਰਗਵਾਦ ਦੇ ਵਿਰੁੱਧ ਵਿਚਾਰਧਾਰਾ ਨੂੰ ਵਿਸ਼ੇਸ਼ ਪ੍ਰਤੀਨਿਧਤਾ ਦਿੱਤੀ। ਗੁਰੂ ਨਾਨਕ ਦੇਵ ਜੀ ਜਾਤ-ਪਾਤ ਵਿਰੁੱਧ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ।।<br>
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।<br>
ਜਿਥੈ ਨੀਚ ਸਮਾਲੀਅਨਿ ਤਿਥੈ ਨਦਰ ਤੇਰੀ ਬਖਸ਼ੀਸ।।

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਉਦੇਸ਼ ਸੱਚੇ ਧਰਮ ਦੀ ਸਥਾਪਨਾ, ਗਰੀਬਾਂ, ਮਜ਼ਲੂਮਾਂ ਅਤੇ ਨਿਤਾਣਿਆਂ ਦੀ ਰੱਖਿਆ ਕਰਨਾ ਤੇ ਹਰ ਤਰ੍ਹਾਂ ਦੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨਾ ਸੀ। ਉਹਨਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਤੇ ਗਿਰਾਵਟ ਦਾ ਕਾਰਨ ਮਨੁੱਖ ਦੀ ਗੁਲਾਮ ਮਾਨਸਿਕਤਾ ਹੈ। ਉਹਨਾਂ ਦਾ ਧਰਮ ਯੁੱਧ ਕਰਨ ਦਾ ਕਾਰਨ ਲੋਕਾਂ ਤੇ ਹੋ ਰਹੇ ਜ਼ੁਲਮ-ਜਬਰ ਨੂੰ ਰੋਕਣਾ ਸੀ ਤੇ ਦੁਸ਼ਮਣ ਦਾ ਕਰਾਰੇ ਹੱਥਾਂ ਨਾਲ ਮੁਕਾਬਲਾ ਕਰਕੇ ਉਸ ਦੇ ਦੰਦ ਖੱਟੇ ਕਰਨਾ ਸੀ। ਉਹ ਆਪਣੇ ਜੀਵਨ ਦੇ ਮਨੋਰਥ ਨੂੰ ਬੜੀ ਸਪਸ਼ਟਤਾ ਨਾਲ 'ਬਚਿਤ੍ਰ ਨਾਟਕ' ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ।।<br>
ਧਰਮ ਹੇਤ ਗੁਰਦੇਵਿ ਪਠਾਏ।।<br>
ਜਹਾ ਤਹਾ ਤੁਮ ਧਰਮ ਬਿਥਾਰੋ।।<br>
ਦੁਸ਼ਟ ਦੋਖਯਨਿ ਪਕਰਿ ਪਛਾਰੋ।।<br>
ਧਰਮ ਚਲਾਵਨ ਸੰਤ ਉਬਾਰਨ।।<br>
ਦੁਸ਼ਟ ਸਭਨ ਕੋ ਮੂਲ ਉਪਾਰਿਨ।।

ਗੁਰੂ ਜੀ ਨੇ ਅਖੌਤੀ ਧਰਮਾਂ, ਗੁਰੂਆਂ ਦੇ ਪਾਖੰਡ ਦੇ ਪਾਜ ਨੂੰ ਖੂਬ ਉਘਾੜਿਆ। ਉਹਨਾਂ ਨੇ ਪਾਖੰਡਾਂ ਤੇ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਤੇ ਲੋਕਾਈ ਨੂੰ ਸੱਚੇ-ਸੁੱਚੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ। ਮੂਰਤੀ ਪੂਜਾ, ਬੁੱਤ ਪ੍ਰਸਤੀ, ਤੀਰਥਾਂ 'ਤੇ ਯਾਤਰਾ ਕਰਨੀ ਤੇ ਸਮਾਧੀਆਂ ਲਾਉਣ ਆਦਿ ਦੀ ਨਿਖੇਧੀ ਕੀਤੀ ਤੇ ਜਨ-ਜੀਵਨ ਨੂੰ ਉਪਦੇਸ਼ ਦਿੱਤਾ ਕਿ ਇਹਨਾਂ ਕਰਮ ਕਾਂਡਾਂ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਹੋਰ ਵੀ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਰੱਜ ਕੇ ਖੰਡਨ ਕੀਤਾ। ਲੋਕਾਂ ਨੂੰ ਇਕ ਅਕਾਲ ਪੁਰਖ ਦੇ ਸੱਚੇ ਮਾਰਗ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ:

ਕਹਾ ਭਯੋ ਜੰ ਦੋਊ ਲੋਚਨ ਮੂੰਦ ਕੈ।<br>
ਬੈਠ ਰਹਿਓ ਬਕ ਧਯਾਨ ਲਗਾਇਓ।।<br>
ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨ।।<br>
ਲੋਕ ਗਇਓ ਪਰਲੋਕ ਗਵਾਇਓ।।<br>
ਬਾਸ ਕੀਓ ਬਿਖਿਆਨ ਸੋ ਬੈਠ ਕੇ।।<br>
ਐਸੋ ਹੀ ਐਸ ਸੁ ਬੈਸ ਬਿਤਾਇਓ।।<br>
ਸਾਚ ਕਹੋ ਸਨ ਲੇਹ ਸਭੈ।।<br>
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।

ਸਭ ਤੋਂ ਵੱਡੀ ਕ੍ਰਾਂਤੀਕਾਰੀ ਗੱਲ ਗੁਰੂ ਜੀ ਨੇ ਇਹ ਕੀਤੀ ਕਿ ਉਨ੍ਹਾਂ ਨੇ ਦੱਬੇ-ਕੁਚਲੇ, ਲਿਤਾੜੇ ਹੋਏ, ਗਰੀਬ ਤੇ ਕਿਰਤੀ ਲੋਕਾਂ ਨੂੰ ਆਪਣੇ ਗਲੇ ਲਗਾਇਆ। ਸਦੀਆਂ ਤੋਂ ਗੁਲਾਮੀ ਵਿਚ ਜਕੜੇ ਲੋਕਾਂ ਨੂੰ ਜਾਗਰਿਤ ਕਰਕੇ ਅਣਖ ਦੀ ਜ਼ਿੰਦਗੀ ਜਿਊਣ ਦੀ ਜਾਂਚ ਦੱਸੀ। ਇਹੀ ਲੋਕ ਗੁਰੂ ਕਿਰਪਾ ਨਾਲ ਖਾਲਸਾ ਸਜ ਕੇ ਗੁਰੂ ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਸ ਤੇ ਤਸੱਲੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਇਨਹੀ ਕੀ ਕਿਰਪਾ ਕੇ ਸਜੇ ਹਮ ਹੈ।।<br>
ਨਹੀਂ ਮੋ ਸੇ ਗਰੀਬ ਕਰੋਰ ਪਰੈ।।

ਦਸਮ ਪਿਤਾ ਜੀ ਦੀ ਇਹ ਇਕ ਬਹੁਤ ਹੀ ਉੱਚੀ ਸੋਚ ਦਾ ਨਤੀਜਾ ਹੈ ਕਿ ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਦਿੱਤਾ। ਦੁਨੀਆਂ ਦੇ ਕਿਸੇ ਵੀ ਇਤਿਹਾਸ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ, ਖ਼ਾਲਸੇ ਨੂੰ ਆਪਣਾ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਸਗੋਂ ਆਪਣਾ 'ਗੁਰੂ' ਵੀ ਸਵੀਕਾਰ ਕੀਤਾ ਤੇ ਖਾਲਸਾ ਪ੍ਰਗਟ ਕਰਕੇ ਗੁਰੂ ਦੀਖਿਆ ਦਾ ਅਧਿਕਾਰ ਵੀ 'ਗੁਰੂ ਪੰਥ' ਨੂੰ ਸੌਂਪ ਦਿੱਤਾ। ਇਸ ਬਾਰੇ ਉਹ ਇਸ ਤਰ੍ਹਾਂ ਫੁਰਮਾਉਂਦੇ ਹਨ:

ਖਾਲਸਾ ਮੇਰੋ ਰੂਪ ਹੈ ਖਾਸ।<br>
ਖਾਲਸਾ ਮੈਂ ਹਉ ਕਰਉ ਨਿਵਾਸ।<br>
ਖਾਲਸਾ ਮੇਰੋ ਸਤਿਗੁਰ ਪੂਰਾ।<br>
ਖਾਲਸਾ ਮੇਰੋ ਸੱਜਣ ਸੂਰਾ।

ਦੁਨੀਆਂ ਦੇ ਹੋਰ ਧਾਰਮਿਕ ਗੁਰੂਆਂ ਤੇ ਰਹਿਬਰਾਂ ਵਾਂਗ ਉਹਨਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਕੋਈ ਧਰਮ ਚਲਾਇਆ। ਆਪਣੇ ਆਪ ਨੂੰ ਉਹਨਾਂ ਅਕਾਲ ਪੁਰਖ ਦਾ ਦਾਸ ਤੇ ਸੇਵਕ ਦੱਸਿਆ। 'ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਦਾ ਦਰਜਾ ਦੇ ਕੇ ਇਸ ਵਿਚੋਂ ਇਕ ਵਧੀਆ ਜੀਵਨ ਜਾਂਚ ਲੈਣ ਦੀ ਪ੍ਰੇਰਨਾ ਦਿੱਤੀ ਤੇ ਮਨੁੱਖ ਨੂੰ ਪੂਰਨ ਮਨੁੱਖ ਬਣਨ ਵਿਚ ਆਪਣੀ ਖੁਸ਼ੀ ਪ੍ਰਗਟ ਕੀਤੀ ਤੇ ਨਾਲ ਹੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪ੍ਰਮਾਤਮਾ ਨਹੀਂ ਸਮਝਣਾ, ਸਗੋਂ 'ਗੁਰੂ ਗ੍ਰੰਥ ਸਾਹਿਬ' ਵਿਚ ਦਿੱਤੀਆਂ ਮਨੁੱਖੀ ਜੀਵਨ ਨੂੰ ਵਧੀਆ ਮਾਨਵ ਬਣਾਉਣ ਲਈ ਦਿੱਤੀਆਂ ਸਿੱਖਿਆਵਾਂ ਤੇ ਸਿਧਾਂਤਾਂ ਨੂੰ ਜੀਵਨ ਵਿਚ ਅਪਣਾ ਕੇ ਅਮਲੀ ਰੂਪ ਦੇਣਾ ਹੈ ਤੇ ਪਾਖੰਡਾਂ, ਅੰਧ ਵਿਸ਼ਵਾਸਾਂ ਤੇ ਪੂਜਾ-ਪਾਠਾਂ ਦੀਆਂ ਵਿਧੀਆਂ ਤੋਂ ਦੂਰ ਰਹਿਣਾ ਹੈ। 'ਬਚਿੱਤਰ ਨਾਟਕ' ਵਿਚ ਇਸ ਪ੍ਰਤੀ ਆਪਣੇ ਵਿਚਾਰ ਇਸ ਤਰ੍ਹਾਂ ਵਰਣਨ ਕਰਦੇ ਹਨ:

ਜੋ ਹਮ ਕੋ ਪ੍ਰਮੇਸਰ ਉਚਿਰ ਹੈ।।<br>
ਤੇ ਸਭ ਨਰਕ ਕੁੰਡ ਮਹਿ ਪਰਿ ਹੈ।।<br>
ਮੋ ਕੋ ਦਾਸ ਤਵਨ ਕਾ ਜਾਨੋ।।<br>
ਯਾ ਮੈਂ ਭੇਦੁ ਨਾ ਰੰਚ ਪਛਾਨੋ।।

ਪ੍ਰਸਿੱਧ ਇਤਿਹਾਸਕਾਰ ਮੈਕਾਲਿਫ ਅਨੁਸਾਰ: ''ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਇਲਾਹੀ ਤਾਕਤ ਸੀ। ਉਨ੍ਹਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ ਤੇ ਜਾਦੂਈ ਅਸਰ ਹੋਇਆ ਅਤੇ ਨਿਮਾਣੇ-ਨਿਤਾਣੇ ਤੇ ਸਾਹ-ਸੱਤ ਹੀਣ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ।''

ਉਹਨਾਂ ਦਾ ਉਦੇਸ਼ ਜਾਂ ਨਿਸ਼ਾਨਾ ਕੋਈ ਆਪਣੀ ਨਿੱਜੀ ਗਰਜ ਜਾਂ ਵੈਰ ਦੀ ਭਾਵਨਾ ਨਹੀਂ, ਬਲਕਿ ਅਕਾਲ ਪੁਰਖ ਦੀ ਪਾਲਣਾ ਹੈ। ਪ੍ਰਭੂ ਵੱਲੋਂ ਸੌਂਪੀ ਜ਼ਿੰਮੇਵਾਰੀ ਬਾਰੇ ਉਹ 'ਬਚਿੱਤ੍ਰ ਨਾਟਕ' ਵਿਚ ਆਪਣੇ ਵਿਚਾਰ ਇੰਝ ਪ੍ਰਗਟ ਕਰਦੇ ਹਨ:

'ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋ ਜਗ ਮਾਹਿ।।'

ਗੁਰੂ ਜੀ ਨੇ ਜੰਗਾਂ ਦੇ ਮੈਦਾਨ ਵਿਚ ਸਿਰਫ਼ ਸਿੰਘਾਂ ਨੂੰ ਹੀ ਨਹੀਂ ਸ਼ਹੀਦ ਕਰਵਾਇਆ ਸਗੋਂ ਧਰਮ ਦੀ ਰੱਖਿਆ ਲਈ ਆਪਣੇ ਚਾਰ ਪੁੱਤਰਾਂ ਨੂੰ ਵੀ ਸ਼ਹੀਦ ਕਰਵਾ ਦਿੱਤਾ। ਆਪ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਦੇ ਯੁੱਧ ਵਿਚ ਤੇ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਦੀਵਾਰ ਵਿਚ ਚਿਣ ਕੇ ਸ਼ਹੀਦ ਕੀਤੇ ਗਏ। ਜਦੋਂ ਮਾਤਾ ਜੀ ਨੇ ਪੁੱਤਰਾਂ ਦੇ ਵਿਛੋੜੇ ਵਿਚ ਵਿਆਕੁਲ ਹੋ ਕੇ ਪੁੱਛਿਆ ਕਿ ਮੇਰੇ ਲਾਲ ਕਿੱਥੇ ਹਨ ਤਾਂ ਗੁਰੂ ਜੀ ਨੇ ਬੇਮਿਸਾਲ ਉਤਰ ਦਿੱਤਾ। ਇਹੋ ਜਿਹਾ ਉਤਰ ਕੋਈ ਸਰਬੰਸਦਾਨੀ ਹੀ ਦੇ ਸਕਦਾ ਹੈ। 'ਪੰਥ ਖਾਲਸਾ' ਵੱਲ ਸੰਕੇਤ ਕਰਦਿਆਂ ਤੇ ਮੁਸਕਰਾਉਂਦਿਆਂ ਹੋਇਆਂ ਕਿਹਾ:-

ਇਨ ਪੁਤਰਨ ਕੇ ਸੀਸ ਪਰ,<br>
ਵਾਰ ਦੀਏ ਸੁਤ ਚਾਰ।।<br>
ਚਾਰ ਮੋਏ ਤੋ ਕਿਆ ਹੂਯਾ,<br>
ਜੀਵਤ ਕਈ ਹਜ਼ਾਰ।।



ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਆਨੰਦਮਈ ਜੀਵਨ ਵੀ ਬਿਤਾਇਆ, ਪਾਉਂਟਾ ਸਾਹਿਬ ਦੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਤੇ ਉਨੀਂਦਰੇ ਵੀ ਕੱਟੇ, ਮਾਛੀਵਾੜੇ ਦੇ ਜੰਗਲਾਂ ਵਿਚ ਰਾਤਾਂ ਵੀ ਕੱਟੀਆਂ, ਚਾਰੇ ਪੁੱਤਰਾਂ ਤੇ ਆਪਣੇ ਪਿਤਾ ਜੀ ਨੂੰ ਸ਼ਹੀਦ ਹੁੰਦਿਆਂ ਵੀ ਦੇਖਿਆ, ਪਰ ਫਿਰ ਵੀ ਕੋਈ ਸ਼ਿਕਵਾ-ਸ਼ਿਕਾਇਤ ਨਹੀਂ ਕੀਤੀ, ਸਗੋਂ ਜੇ ਕੀਤਾ ਤਾਂ ਪ੍ਰਮਾਤਮਾ ਦਾ ਸ਼ੁਕਰਾਨਾ ਜ਼ਰੂਰ ਕੀਤਾ:-

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,<br>
ਤੁਧ ਬਿਨ ਰੋਗ ਰਜਾਈਆਂ ਦਾ ਓਡਣ,<br>
ਨਾਮ ਨਿਵਾਸਾਂ ਦੇ ਰਹਿਣਾ।।<br>
ਸੂਲ ਸੁਰਾਹੀ ਖੰਜਰ ਪਿਆਲਾ,<br>
ਭੱਠ ਖੇੜਿਆਂ ਦਾ ਰਹਿਣਾ।।

ਇਤਨਾ ਕੁਝ ਕੁਰਬਾਨ ਕਰ ਦੇਣ ਦੇ ਬਾਅਦ ਵੀ ਗੁਰੂ ਜੀ ਵਿਚ ਕੋਈ ਫਰਕ ਨਹੀਂ ਆਇਆ, ਸਗੋਂ ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਪੈਦਾ ਕਰ ਦਿੱਤੇ, ਜਿਹਨਾਂ ਨੇ ਆਪਣਾ ਖ਼ੂਨ ਵਹਾਉਣ ਵਿਚ ਰੱਤਾ ਵੀ ਗੁਰੇਜ਼ ਨਹੀਂ ਕੀਤਾ, ਸਗੋਂ ਮੁਗਲਾਂ ਦੇ ਚਿਰ ਸਥਾਈ ਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ। ਇਕ ਮਹਾਨ ਇਤਿਹਾਸਕਾਰ ਡਾ. ਗੋਕਲਚੰਦ ਨਾਰੰਗ ਗੁਰੂ ਜੀ ਬਾਰੇ ਲਿਖਦੇ ਹਨ:-

''ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜਾਲਮ ਸਮਰਾਟ ਦੇ ਟਾਕਰੇ ਵਿਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦੀ ਦੀਵਾ ਸਦਾ ਲਈ ਗੁੱਲ ਹੋ ਜਾਂਦਾ।'' ਅੱਜ ਵੀ ਸਾਰੀ ਦੁਨੀਆਂ ਵਿਚ ਦਸਮੇਸ਼ ਪਿਤਾ ਦਾ 'ਪੰਥ' ਚੜ੍ਹਦੀ ਕਲਾ ਵਿਚ ਹੈ। ਇਸੇ ਤਰ੍ਹਾਂ ਮਸ਼ਹੂਰ ਸ਼ਾਇਰ ਅੱਲਾ ਯਾਰ ਖਾਂ ਜੋਗੀ ਵਰਗੇ ਸ਼ਾਇਰ ਗੁਰੂ ਸਾਹਿਬ ਦੀ ਬਹੁ-ਪੱਖੀ ਸ਼ਖਸੀਅਤ ਬਾਰੇ ਲਿਖਣ ਲਈ ਸ਼ਬਦਾਂ ਦੀ ਘਾਟ ਦੱਸਦਾ ਹੋਇਆ ਲਿਖਦਾ ਹੈ: ''ਕਰਤਾਰ ਕੀ ਸੌਗੰਧ, ਨਾਨਕ ਕੀ ਕਸਮ ਹੈ। ਜਿਤਨੀ ਵੀ ਹੋ ਗੋਬਿੰਦ ਕੀ ਤਾਰੀਫ ਵੋਹ ਕਮ ਹੈ।''

ਜਿੱਥੇ ਗੁਰੂ ਜੀ ਇਕ ਮਹਾਨ ਸੰਤ-ਸਿਪਾਹੀ ਸਨ, ਉਥੇ ਨਾਲ ਹੀ ਉਹ ਸਾਹਿਤ ਰਚਨਾ ਦੇ ਵੀ ਚਾਨਣ ਮੁਨਾਰੇ ਸਨ। ਉਨ੍ਹਾਂ ਦੇ ਦਰਬਾਰ ਵਿਚ 52 ਸਾਹਿਤਕਾਰ ਸਨ ਜੋ ਰਾਤ ਦਿਨ ਇਕ ਸਮਾਜਿਕ ਕ੍ਰਾਂਤੀ ਲਿਆਉਣ ਲਈ ਸਾਹਿਤ ਰਚਨਾ ਕਰਦੇ ਰਹਿੰਦੇ ਸਨ। ਗੁਰੂ ਜੀ ਨੇ ਜਿੱਥੇ ਆਪ ਸਾਹਿਤ ਰਚਨਾ ਕੀਤੀ, ਉਥੇ ਆਪਣੇ ਦਰਬਾਰੀ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਇਕ ਗ੍ਰੰਥ ਦੇ ਰੂਪ ਵਿਚ ਸੰਗ੍ਰਹਿ ਕਰਕੇ ਸੰਭਾਲਣ ਦਾ ਉਪਰਾਲਾ ਵੀ ਕੀਤਾ ਤੇ ਉਸ ਮਹਾਨ ਗ੍ਰੰਥ ਦਾ ਨਾਂ 'ਵਿਦਿਆ ਸਾਗਰ' ਰੱਖਿਆ। ਇਸ ਗ੍ਰੰਥ ਦਾ ਭਾਰ ਵਿਦਵਾਨਾਂ ਦੇ ਕਥਨ ਅਨੁਸਾਰ ਨੌ ਮਣ ਦੇ ਕਰੀਬ ਸੀ, ਜੋ ਗੁਰੂ ਜੀ ਦੇ ਆਨੰਦਪੁਰ ਛੱਡਣ ਉਪਰੰਤ, ਸਰਸਾ ਨਦੀ ਪਾਰ ਕਰਦਿਆਂ, ਹੜ੍ਹ ਆਉਣ ਕਾਰਨ ਦਰਿਆ ਵਿਚ ਰੁੜ੍ਹ ਗਿਆ। ਇਹ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਹ ਪੰਜਾਬੀ ਸਾਹਿਤ ਦਾ ਗੁਰੂ ਜੀ ਦੇ ਸਮੇਂ ਦਾ ਇਕ ਅਮੀਰ ਸਾਹਿਤਕ ਖ਼ਜ਼ਾਨਾ ਸੀ।

ਗੁਰੂ ਜੀ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਇਸ ਪ੍ਰਕਾਰ ਹਨ। ਪੰਜਾਬੀ ਵਿਚ 'ਚੰਡੀ ਦੀ ਵਾਰ' ਜੋ ਸਿੰਘਾਂ ਨੂੰ ਜੰਗਾਂ-ਯੁੱਧਾਂ ਲਈ ਤਿਆਰ ਕਰਨ ਲਈ ਢਾਡੀਆਂ ਦੁਆਰਾ ਗਾ ਕੇ ਸੁਣਾਈ ਜਾਂਦੀ ਸੀ। ਇਸ ਵੀਰ ਰਸੀ ਵਾਰ ਦੀ ਰਚਨਾ ਦਾ ਉਦੇਸ਼ ਹੀ ਮਨੁੱਖ ਵਿਚ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਧਰਮ ਦੀ ਰੱਖਿਆ ਲਈ ਜ਼ਾਲਮ ਨੂੰ ਕਰਾਰੇ ਹੱਥ ਦਿਖਾ ਕੇ ਹੀ ਮਿੱਤਰਤਾ ਦਾ ਰਸਤਾ ਅਪਣਾਉਣ ਤੇ ਜ਼ੁਲਮ ਦਾ ਰਸਤਾ ਛੱਡਣ ਦਾ ਅਹਿਸਾਸ ਕਰਵਾਇਆ ਜਾ ਸਕਦਾ ਹੈ। ਪੰਜਾਬੀ ਵਿਚ ਇਕੋ ਸ਼ਬਦ ਮਿੱਤਰ ਪਿਆਰੇ ਨੂੰ ਹਾਲ ਮੁਰਾਦਾਂ ਦਾ ਕਹਿਣਾ' ਹੈ। 'ਜ਼ਫ਼ਰਨਾਮਾ' ਜੋ ਔਰੰਗਜ਼ੇਬ ਵੱਲ ਇਕ ਪੱਤਰ ਦੇ ਰੂਪ ਵਿਚ ਫਾਰਸੀ ਜੁਬਾਨ ਦੀ ਇਕ ਮਹਾਨ ਕਲਾਕ੍ਰਿਤ ਹੈ। 'ਬਚਿਤ੍ਰ ਨਾਟਕ' ਗੁਰੂ ਜੀ ਦੀ ਸਵੈ-ਜੀਵਨੀ ਦੇ ਰੂਪ ਵਿਚ ਹੈ। ਦੁਨੀਆਂ ਦੇ ਇਤਿਹਾਸ ਵਿਚ ਸਿਰਫ ਗੁਰੂ ਗੋਬਿੰਦ ਸਿੰਘ ਜੀ ਹੀ ਇਕ ਅਜਿਹੀ ਧਰਮ ਗੁਰੂ ਸ਼ਖਸੀਅਤ ਹਨ, ਜਿਹਨਾਂ ਨੇ ਆਪਣੀ ਸਵੈ-ਜੀਵਨ ਲਿਖੀ ਹੈ। ਇਸ ਵਿਚ ਉਹਨਾਂ ਦੀ 32 ਸਾਲ ਦੀ ਉਮਰ ਤੱਕ ਦੇ ਜੀਵਨ ਸਮਾਚਾਰ ਦਰਜ ਹਨ। ਇਨ੍ਹਾਂ ਰਚਨਾਵਾਂ ਤੋਂ ਇਲਾਵਾ ਗੁਰੂ ਜੀ ਦੀਆਂ ਹੋਰ ਵੀ ਕਈ ਸਾਹਿਤਕ ਰਚਨਾਵਾਂ ਹਨ। ਗੁਰੂ ਜੀ ਦਾ ਵਿਚਾਰ ਸੀ ਕਿ ਸਾਹਿਤ ਰਚਨਾ ਹੀ ਦੇਸ਼ ਵਿਚ ਕ੍ਰਾਂਤੀ ਲਿਆਉਣ ਲਈ ਮਨੁੱਖਤਾ ਵਿਚ ਕ੍ਰਾਂਤੀਕਾਰੀ ਭਾਵਨਾ ਪੈਦਾ ਕਰ ਸਕਦੀ ਹੈ।

ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ 14 ਲੜਾਈਆਂ ਲੜੀਆਂ ਹਨ। ਉਨ੍ਹਾਂ ਨੇ ਪਹਿਲਾਂ ਆਪ ਕਦੇ ਵੀ ਕਿਸੇ 'ਤੇ ਹਮਲਾ ਨਹੀਂ ਕੀਤਾ, ਸਗੋਂ ਜੋ 'ਪੰਥ ਖਾਲਸਾ' ਦੇ ਦੋਖੀ ਸਨ ਤੇ ਜਿਨ੍ਹਾਂ ਤੋਂ ਖ਼ਾਲਸੇ ਦੀ ਚੜ੍ਹਤ ਬਰਦਾਸ਼ਤ ਨਹੀਂ ਹੁੰਦੀ ਸੀ ਤੇ ਸਿੱਖ ਧਰਮ ਦੀ ਵਧਦੀ ਹੋਈ ਪ੍ਰਸਿੱਧਤਾ ਨੂੰ ਨਫ਼ਰਤ ਕਰਦੇ ਸਨ, ਵੱਲੋਂ ਹੀ ਹਮੇਸ਼ਾ ਗੁਰੂ ਜੀ ਤੇ ਹਮਲੇ ਕਰਦੇ ਸਨ। ਇਹ ਜੰਗਾਂ ਉਨ੍ਹਾਂ ਨੇ ਜ਼ਮੀਨ ਤੇ ਕਬਜ਼ਾ ਕਰਨ ਜਾਂ ਆਪਣੀ ਬਾਦਸ਼ਾਹਤ ਕਾਇਮ ਕਰਨ ਲਈ ਨਹੀਂ ਲੜੀਆਂ, ਸਗੋਂ ਇਹ ਜੰਗਾਂ ਮਜ਼ਲੂਮਾਂ ਦੀ ਰਾਖੀ ਲਈ, ਉਹਨਾਂ ਤੇ ਹੋ ਰਹੇ ਜ਼ੁਲਮਾਂ ਦੇ ਖ਼ਾਤਮੇ ਲਈ ਲੜੀਆਂ। ਉਹ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਰਾਜ ਨੂੰ ਲੋਕ ਹਿੱਤ ਵਿਚ ਚਲਾਵੇ। ਐਸੇ ਯੁੱਧਾਂ ਨੂੰ ਉਹ ਸਜਦਾ ਕਰਦੇ ਹਨ:- 'ਨਮੋ ਜੁੱਧ ਜੁਧੋ' ਕਹਿੰਦੇ ਹਨ। ਔਰੰਗਜ਼ੇਬ ਨੂੰ ਉਹ 'ਜ਼ਫ਼ਰਨਾਮੇ' ਵਿਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:-

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ਸ਼ਤ।।<br>
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।

ਗੁਰੂ ਜੀ ਨੇ ਏਕਤਾ, ਸਮਾਨਤਾ ਤੇ ਨਿਆਂ ਦਾ ਝੰਡਾ ਬੁਲੰਦ ਰੱਖਣ ਲਈ, ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਵੀ ਲਈ। ਜਿਨ੍ਹਾਂ ਨੇ ਅੰਮ੍ਰਿਤ ਦੀ ਘੁੱਟ ਪੀਤੀ, ਉਹ ਸ਼ੇਰ ਬਣ ਗਏ ਅਤੇ ਚਿੜੀਆਂ ਤੋਂ ਬਾਜ ਤੁੜਵਾਉਣ ਲਈ ਭਾਵ ਕਮਜ਼ੋਰ ਤੇ ਸ਼ੋਸ਼ਿਤ ਵਰਗ ਤੋਂ ਜ਼ਾਲਮ ਦਾ ਘਾਣ ਕਰਵਾਉਣ ਲਈ ਤਿਆਰ-ਬਰ-ਤਿਆਰ ਹੋ ਗਏ:-

ਚਿੜੀਓ ਸੇ ਮੈਂ ਬਾਜ ਤੁੜਵਾਊ।।<br>
ਤਬੈ ਗੋਬਿੰਦ ਸਿੰਘ ਨਾਮ ਕਹਾਊ।।

ਆਓ! ਗੁਰੂ ਜੀ ਦੇ ਜਨਮ ਦਿਨ ਤੇ ਇਹ ਪ੍ਰਣ ਕਰੀਏ ਕਿ ਅਸੀਂ ਗੁਰੂ ਜੀ ਦੇ ਦਿੱਤੇ ਗਏ 'ਸਮਾਜਿਕ ਬਰਾਬਰੀ' ਦੇ ਸਿਧਾਂਤ ਉੱਤੇ ਚੱਲਣ ਲਈ ਪਹਿਰਾ ਦਿਆਂਗੇ, ਜਾਤ-ਪਾਤ ਦੇ ਕੋਹੜ ਨੂੰ ਸਿਰੇ ਤੋਂ ਨਿਕਾਰਾਂਗੇ, ਗੁਰੂ ਸਾਹਿਬ ਦੇ 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਵੋ' ਦੇ ਸਿਧਾਂਤ ਨੂੰ ਮਾਨਵਤਾ ਵਿਚ ਮਾਨਵਵਾਦ ਪੈਦਾ ਕਰਨ ਲਈ, ਅਮਲੀ ਜਾਮਾ ਪਹਿਨਾਵਾਂਗੇ। ਸਮਾਜ ਵਿਚ ਕਮਜ਼ੋਰ ਤੇ ਗਰੀਬ ਆਦਮੀਆਂ ਤੇ ਹੋ ਰਹੇ ਧੱਕੇ ਅਤੇ ਜ਼ੁਲਮ ਦਾ ਲੋਕ ਰਾਜ਼ੀ ਕਦਰਾਂ ਕੀਮਤਾਂ ਨਾਲ ਟਾਕਰਾ ਕਰਾਂਗੇ। ਸਮਾਜ ਵਿਚ ਵੱਧ ਰਹੇ ਵਰਗਵਾਦ ਦੇ ਕੋਹੜ ਨੂੰ ਮਿਟਾਵਾਂਗੇ।

ਗੁਰੂ ਸਾਹਿਬਾਨ ਦੇ ਅੰਤਰ ਰਾਸ਼ਟਰਵਾਦੀ ਨਾਅਰੇ 'ਸਰਬੱਤ ਦਾ ਭਲਾ' ਨੂੰ ਅੰਤਰ ਰਾਸ਼ਟਰਵਾਦੀ ਭਾਵਨਾ ਪੈਦਾ ਕਰਨ ਲਈ, ਸਿਰਤੋੜ ਯਤਨ ਕਰਾਂਗੇ। ਔਰਤ ਨੂੰ ਸਮਾਜ ਵਿਚ ਇੱਜ਼ਤ ਤੇ ਬਰਾਬਰੀ ਦਾ ਹੱਕ ਦਿਆਂਗੇ। ਆਪਣੇ ਮਾਨਵੀ ਅਧਿਕਾਰਾਂ ਤੇ ਆਪਣੇ ਕਰਤਵਾਂ ਨੂੰ ਪਛਾਣਦੇ ਹੋਏ ਮਾਨਵਹਿੱਤ ਲਈ ਵਰਤਾਂਗੇ। ਗੁਰੂ ਜੀ ਦੇ ਦਿਖਾਏ ਸੱਚੇ ਮਾਰਗ ਤੇ ਚਲਦਿਆਂ ਮਾਨਵਤਾ ਦੀ ਸੇਵਾ ਕਰਾਂਗੇ।

ਇਹਨਾਂ ਉਕਤ ਅਮਲਾਂ ਨਾਲ ਹੀ ਗੁਰੂ ਸਾਹਿਬਾਨ ਵੱਲੋਂ ਸਿਰਜਿਆ ਗਿਆ ਵਧੀਆ ਮਾਨਵ ਬਣਨ ਦਾ ਸੰਦੇਸ਼ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਵਾਂਗੇ। ਮੇਰੇ ਵੱਲੋਂ ਭਾਰਤ ਦੀ ਮਹਾਨ ਸ਼ਖਸੀਅਤ, ਸਰਬੰਸਦਾਨੀ, ਵਿਦਵਤਾ ਦੇ ਮੁਜੱਸਮੇ, ਇਨਕਲਾਬੀ ਯੋਧੇ, ਕਰਮਯੋਗੀ, ਸੰਤ ਸਿਪਾਹੀ, ਮਰਦ-ਅਗੰਮੜੇ, ਸਾਹਿਬ-ਏ-ਕਮਾਲ ਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ 'ਤੇ ਸਮੁੱਚੀ ਲੋਕਾਈ ਨੂੰ ਲੱਖ-ਲੱਖ ਵਧਾਈ ਹੋਵੇ ਜੀ।

# ਸਮਾਜ ਦੇ ਲੋਕਾਂ ਨੂੰ ਮਹਾਨ ਰਹਿਬਰਾਂ ਦੇ ਮਿਸ਼ਨ ਨਾਲ ਜੋੜਨ ਦੀ ਲੋੜ-ਬਸਰਾ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਬੜੀ ਅਪਾਰ ਕਿਰਪਾ ਕੀਤੀ ਹੈ ਉਨਾਂ ਗੁਰੂ ਸਾਹਿਬਾਨਾਂ ਤੇ ਮਹਾਨ ਰਹਿਬਰਾਂ ਨੇ ਜਿਨਾਂ ਦੀ ਬਦੌਲਤ ਅੱਜ ਅਸੀਂ ਸਮਾਜ ਚ ਚੰਗਾ ਰੁਤਬਾ ਰੱਖਣ ਦੇ ਯੋਗ ਹੋਏ ਹਾਂ ਇਹ ਸਭ ਉਨਾਂ ਮਹਾਨ ਰਹਿਬਰਾਂ ਅਤੇ ਗੁਰੂ ਸਹਿਬਾਨਾਂ ਵਲੋਂ ਆਪਣੇ ਸਮੇਂ ਚ ਕੀਤੇ ਹੋਏ ਸ਼ੰਘਰਸ਼ ਦਾ ਨਤੀਜਾ ਹੈ ਤੇ ਸਾਡਾ ਸਿਰ ਉਨਾਂ ਮਹਾਨ ਰਹਿਬਰਾਂ ਦੇ ਚਰਨਾ ਚ ਹਮੇਸ਼ਾਂ ਝੁਕਦਾ ਰਹੇਗਾ ਜਿਨਾਂ ਨੇ ਸਾਨੂੰ ਆਰਥਿਕ ਤੇ ਸਮਾਜਕ ਪੱਖੋ ਮਜਬੂਤ ਕੀਤਾ ਇਥੇ ਇਹ ਗੱਲ ਜਿਕਰਯੋਗ ਹੈ ਕਿ ਸਾਡੇ ਰਹਿਬਰਾਂ ਨੇ ਆਪਣੇ ਬਾਰੇ ਜਾਂ ਪਰਿਵਾਰ ਬਾਰੇ ਕੁਝ ਨਹੀਂ ਸੋਚਿਆ ਅਗਰ ਉਨਾਂ ਨੇ ਸਾਡੇ ਸਮਾਜ ਦੇ ਲੋਕਾਂ ਨੂੰ ਆਪਣੇ ਹੱਕਾਂ ਦੀ ਵਰਤੋਂ ਕਰਕੇ ਆਪਣਾ ਚੰਗਾ ਸਮਾਜ ਸਿਰਜ ਸਕਣ ਦਾ ਯਤਨ ਕੀਤਾ ਤਾਂ ਜੋ ਉਨਾਂ ਨੂੰ ਆਉਣ ਵਾਲੇ ਸਮੇਂ ਚ ਕਿਸੇ ਅੱਗੇ ਮਿੰਨਤਾਂ ਕਰਨਾ ਜਾਂ ਝੁਕਣਾ ਨਾ ਪਏ ਤੇ ਸਾਡਾ ਫਰਜ ਹੈ ਕਿ ਆਪਣੇ ਮਹਾਨ ਰਹਿਬਰਾਂ ਦੇ ਇਤਿਹਾਸ ਨੂੰ ਹਮੇਸ਼ਾਂ ਯਾਦ ਰੱਖਣ ਲਈ ਆਪਣੇ ਸਮਾਜ ਦੇ ਲੋਕਾਂ ਨੂੰ ਆਪਣੇ ਰਹਿਬਰਾਂ ਦੇ ਮਿਸ਼ਨ ਨਾਲ ਜਾਗਰੁਕ ਕਰਨ ਲਈ ਅਤੇ ਜੋੜਨ ਦੀ ਲੋੜ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਸਿੱਧ ਪ੍ਰਮੋਟਰ ਅਤੇ ਮੇਲਾ ਇੰਟਰਟੇਨਮੈਂਟ ਕੰਪਨੀ ਦੇ ਮਾਲਕ ਤੇ ਸਤਿਗੁਰੂ ਰਵਿਦਾਸ ਸਭਾ ਵੈਨਕੂਵਰ ਦੇ ਪ੍ਰਧਾਨ ਸ਼੍ਰੀ ਬਿੱਲ ਬਸਰਾ ਦੇ ਸੱਦੇ ਤੇ ਗਏ ਪਿਛਲੇ ਦਿਨੀ ਪੰਜਾਬ ਤੋਂ ਕਨੇਡਾ ਗਏ ਕਲਾਕਾਰਾਂ ਦੇ ਗਰੁੱਪ ਨੂੰ ਜੀ ਆਇਆਂ ਕਹਿਣ ਉਪਰੰਤ ਵਿਸੇਸ਼ ਗੱਲਬਾਤ ਦੋਰਾਨ ਕੀਤਾ ਬਸਰਾ ਨੇ ਆਖਿਆ ਕਿ ਅੱਜ ਆਪਣੇ ਸਮਾਜ ਦੇ ਨੋਜਵਾਨਾਂ ਨੂੰ ਮਹਾਨ ਰਹਬਰਾਂ ਦੇ ਇਤਿਹਾਸ ਬਾਰੇ ਜਾਗਰੁਕ ਕਰਨਾ ਬੇਹੱਦ ਜਰੂਰੀ ਹੈ ਕਿਉਕਿ ਸਾਡੇ ਮਹਾਨ ਰਹਿਬਰ ਸਤਿਗੁਰ ਰਵਿਦਾਸ ਜੀ ਨੇ ਜਾਤਪਾਤ ਤੋਂ ਉਪਰ ਉਠ ਕੇ ਅਤੇ ਵਹਿਮਾਂ ਭਰਮਾਂ ਵਿਚੋਂ ਕਢਣ ਲਈ ਸੱਚ ਦਾ ਹੋਕਾ ਦਿਤਾ ਅਤੇ ਨਿਰਭੈ ਹੋਕੇ ਰਹਿਣ ਲਈ ਆਖਿਆ ਤੇ ਸਾਨੂ ਜਰੂਰਤ ਮੰਦ ਲੋਕਾ ਦਾ ਸਹਿਜੋਗ ਦੇਣ ਅਤੇ ਦੱਬੇ ਕੁੱਚਲੇ ਲੋਕਾਂ ਦੀ ਅਵਾਜ ਨੂੰ ਬੁਲੰਦ ਕਰਨ ਲਈ ਉਨਾ ਦਾ ਸਾਥ ਦੇਣਾ ਚਾਹੀਦਾ ਹੈ ਤੇ ਸਾਨੂੰ ਉਨਾ ਦੇ ਉਪਦੇਸ਼ ਮੁਤਾਬਕ ਉਹ ਰਸਤਾ ਅਪਨਾਉਣਾ ਚਾਹੀਦਾ ਹੈ ਜਿਥੇ ਹਰੇਕ ਧਰਮ ਦਾ ਸਤਿਕਾਰ ਹੋਵੇ ਤੇ ਸਾਡੇ ਗੁਰੂ ਸਹਿਬਾਨਾਂ ਨੇ ਸਾਨੂ ਇਕੱਠੇ ਰਹਿਣ ਲਈ ਵੀ ਪ੍ਰੇਰਿਤ ਕੀਤਾ ਪਰ ਸਮੇਂ ਦੇ ਮੁਤਾਬਕ ਸਿਆਸੀ ਲੋਕਾਂ ਨੇ ਸਾਡੀ ਕੋਮ ਨੂੰ ਵੋਟਾਂ ਤੱਕ ਹੀ ਸੀਮਿਤ ਰੱਖਿਆ ਪਰ ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਜੀ ਨੇ ਸੰਵਿਧਾਨ ਵਿੱਚ ਲਿਖਿਆ ਕਿ ਹੁਕਮਰਾਨ ਬਣੋ ਪਰ ਮਨੂੰਬਾਦੀ ਤਾਕਤਾਂ ਸਾਡੇ ਸਮਾਜ ਨੂੰ ਦਬਾਉਣ ਲਈ ਅਨੇਕਾਂ ਹੱਥ ਕੰਡੇ ਅਪਣਾ ਰਹੀਆਂ ਹਨ ਅਗਰ ਸਾਡਾ ਸਮਾਜ ਇੱਕਜੁੱਟ ਹੋ ਜਾਵੇ ਤਾਂ ਅਸੀ ਹੁਕਮਰਾਨ ਵੀ ਬਣ ਸਕਦੇ ਹਾਂ ਸੋ ਸਾਨੂ ਉਨਾਂ ਮਹਾਨ ਗੁਰੂ ਸਹਿਬਾਨਾ ਤੇ ਮਹਾਂਪੁਰਸ਼ਾ ਦੇ ਦਰਸਾਏ ਮਾਰਗ ਤੇ ਚੱਲਣ ਦੀ ਲੋੜ ਹੈ ਤੇ ਸਾਨੂ ਸਮੇਂ ਦੇ ਮੁਤਾਬਕ ਆਪਣੇ ਗੁਰੁ ਸਹਿਬਾਨਾਂ ਦੇ ਜਨਮ ਅਸਥਾਨ ਅਤੇ ਇਤਿਹਾਸਕ ਸਥਾਨਾ ਦੇ ਦਰਸ਼ਨ ਕਰਨੇ ਚਾਹੀਦੇ ਹਨ। ਇਸ ਮੋਕੇ ਗਾਇਕਾ ਰੰਜਨਾ ਰੰਝਪਾਲ ਢਿਲੋਂ, ਰਾਜ ਦਦਰਾਲ, ਲੱਖਾ ਭਰੋਮਜਾਰੀਆ, ਕਾਂਤਾ,ਦਵਿੰਦਰ ਰੂਹੀ, ਗੀਤਕਾਰ ਸੱਤਪਾਲ ਸਾਹਲੋਂ, ਸੰਦੀਪ ਗਰਚਾ, ਦਲਜੀਤ ਬਾਲੀ, ਹਰਦੀਪ ਬੱਲ, ਜਮਨਾ ਰਸੀਲਾ, ਚੇਤਨ ਬੰਗੜ ਹੈਪੀ ਬਸਰਾ, ਰਜਿੰਦਰ ਬਹਿਰਾਮ ਆਦਿ ਹਾਜਰ ਸਨ।



# ਧਾਰਮਿਕ ਟੇਪ 'ਤੂੰ ਅਮ੍ਰਿਤ ਬਣ ਜਾਏਂਗਾ' ਜਲਦ ਹੋਵੇਗੀ ਰਿਲੀਜ-ਕੰਠ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਕ੍ਰਾਂਤੀਕਾਰੀ ਰਹਿਬਰ, ਗਰੀਬਾਂ ਦੇ ਹਮਦਰਦ ਤੇ ਏਕਤਾ ਦੇ ਪੁਜਾਰੀ ਸਤਿਗੁਰ ਰਵਿਦਾਸ ਮਹਾਰਾਜ ਜੀਦੇ 646ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਸਿੱਧ ਗਾਇਕ ਕੰਠ ਕਲੇਰ ਦੀ ਸੁਰੀਲੀ ਆਵਾਜ ਚ ਅਨੇਕਾਂ ਧਾਰਮਿਕ ਸ਼ਬਦਾਂ ਦੀ ਟੇਪ, ਤੂੰ ਅਮ੍ਰਿਤ ਬਣ ਜਾਂਏਗਾ, ਜੋ ਰਿਲੀਜ ਹੋਣ ਲਈ ਬਿਲਕੁਲ. ਤਿਆਰ ਹੈ ਇਸ ਧਾਰਮਿਕ ਟੇਪ ਸਬੰਧੀ ਕਨੈਡਾ ਤੋਂ ਵਿਸੇਸ਼ ਤੋਰ ਤੇ ਫੋਨ ਤੇ ਗੱਲਬਾਤ ਕਰਦਿਆ ਲੋਕ ਗਾਇਕ ਕੰਠ ਕਲੇਰ ਨੇ ਦੱਸਿਆ ਕਿ ਇਸ ਧਾਰਮਿਕ ਗੀਤਾਂ ਨੂੰ ਪ੍ਰਸਿਧ ਗੀਤਕਾਰ ਮਦਨ ਜਲੰਧਰੀ, ਸੋਨੂੰ ਮੂਸਾਪੁਰੀਆ, ਸੰਦੀਪ ਗਰਚਾ, ਹਰਭਜਨ ਸਿੰਘ ਸਿੱਧੂ ਪ੍ਰੀਤ ਬਲਿਹਾਰ ਨੇ ਕਲਮਬੱਧ ਕੀਤਾ ਹੈ ਤੇ ਇਸਦਾ ਸੰਗੀਤ ਓਕਾਂਰ ਹਰਮਨ,ਬਾਂਮਨ ਚੰਦ, ਜੱਸੀ ਬ੍ਰਦਰਜ ਵਲੋਂ ਤਿਆਰ ਕੀਤਾ ਹੈ ਤੇ ਇਸ ਦਾ ਫਿਲਮਾਂਕਣ ਬਹੁਤ ਜਲਦ ਧਾਰਮਿਕ ਅਸਥਾਂਨਾਂ ਤੇ ਕੀਤਾਂ ਜਾਵੇਗਾ ਤੇ ਇਸ ਧਾਰਮਿਕ ਟੇਪ ਨੂੰ ਸਤਿਗੁਰੁ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਤੇ ਸੰਗੀਤ ਜਗਤ ਦੀ ਨਾਮਵਰ ਕੰਪਨੀ ਕੇ ਕੇ ਮਿਊਜਿਕ ਦੇ ਲੇਬਲ ਤਹਿਤ ਪ੍ਰਸਿੱਧ ਪ੍ਰਮੋਟਰ ਅਤੇ ਗੁਰੂ ਰਵਿਦਾਸ ਸਭਾ ਵੈਨਕੂਵਰ ਦੇ ਪ੍ਰਧਾਨ ਬਿੱਲ ਬਸਰਾ ਅਤੇ ਹਰਭਜਨ ਸਿੰਘ ਸਿੱਧੂ ਦੀ ਪੇਸ਼ਕਸ਼ ਚ ਸੰਗਤਾਂ ਦੇ ਸਨਮੁੱਖ ਕਰ ਦਿਤੀ ਜਾਵੇਗੀ ਬਹੁਤ ਸ਼ੁਕਰ ਗੁਜਾਰ ਹਾਂ ਮੈਂ ਸਾਰੇ ਰੱਬ ਵਰਗੇ ਸਰੋਤਿਆਂ ਅਤੇ ਰੱਬ ਰੂਪੀ ਸੰਗਤਾਂ ਦੇ ਜਿਹੜੀਆਂ ਮੇਰੇ ਸਾਰੇ ਧਾਰਮਿਕ ਅਤੇ ਕਲਚਰ ਗੀਤਾਂ ਨੂੰ ਮਾਣ ਸਤਿਕਾਰ ਦੇ ਰਹੀਆਂ ਹਨ ਤੇ ਬਹੁਤ ਵੱਡਾ ਸਹਿਜੋਗ ਹੈ ਸਾਡੇ ਸਤਿਕਾਰ ਬਿੱਲ ਬਸਰਾ ,ਪਾਲ ਭਾਜੀ,ਪੰਮ ਮੋਰੋ ਵਾਲਾ ਬਿੱਲ ਮਹੇ ਜੋ ਸਮੇਂ ਸਮੇਂ ਤੇ ਬੜਾ ਸਾਥ ਦਿੰਦੇ ਹਨ ਤੇ ਆਸ ਕਰਦਾ ਹਾਂ ਕਿ ਮੇਰੀ ਇਸ ਧਾਰਮਿਕ ਟੇਪ ਨੂੰ ਸਤਿਗੁਰਾਂ ਦੀਆਂ ਨਾਮ ਲੇਵਾ ਸੰਗਤਾਂ ਪਸੰਦ ਕਰਨਗੀਆਂ ।




# ਸਾਵਧਾਨੀ ਹਟੀ, ਦੁਰਘਟਨਾ ਘਟੀ

ਸਰਦੀਆਂ ਦੀ ਆਮਦ ਹੋ ਚੁੱਕੀ ਹੈ ਅਤੇ ਧੁੰਦ ਨੇ ਵੀ ਸੰਘਣੀ ਹੋਣਾ ਸ਼ੁਰੂ ਕਰ ਦਿੱਤਾ ਹੈ। ਅਖ਼ਬਾਰਾਂ ਅਤੇ ਚੈਨਲਾਂ ਉੱਪਰ ਰੋਜ਼ਾਨਾਂ ਹੀ ਸੜਕੀ ਹਾਦਸੇ ਖ਼ਬਰਾਂ ਦੀਆਂ ਸੁਰਖੀਆਂ ਬਣਦੇ ਹਨ ਅਤੇ ਕਿਸੇ ਨਾ ਕਿਸੇ ਘਰ ਸੱਥਰ ਵਿਛਾ ਛੱਡਦੇ ਹਨ।ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੇ ਅੰਕੜਿਆਂ ਅਨੁਸਾਰ ਸਾਲ 2021 ਦੌਰਾਨ ਦੇਸ ਵਿੱਚ 403116 ਸੜਕ ਹਾਦਸੇ ਵਾਪਰੇ ਅਤੇ 155622 ਮੌਤਾਂ ਹੋਈਆਂ।ਪੰਜਾਬ ਰੋਡ ਸੇਫਟੀ ਅਤੇ ਟ੍ਰੈਫਿਕ ਰਿਸਰਚ ਸੈਂਟਰ ਦੁਆਰਾ ਤਿਆਰ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 2011 ਤੋਂ 2020 ਤੱਕ 56,959 ਹਾਦਸੇ ਹੋਏ ਅਤੇ 46,550 ਲੋਕ ਸੜਕ ਹਾਦਸਿਆਂ ਵਿੱਚ ਮਾਰੇ ਗਏ। ਸੜਕ ਹਾਦਸਿਆਂ ਤੋਂ ਬਚਾਅ ਅਤੇ ਆਵਾਜਾਈ ਨੂੰ ਸੁਚਾਰੂ ਰੂਪ ਵਿੱਚ ਬਣਾਈ ਰੱਖਣ ਲਈ ਯਾਤਾਯਾਤ ਦੇ ਨਿਯਮ ਬਣਾਏ ਗਏ ਹਨ। ਇਹ ਨਿਯਮ ਹਰ ਵਿਅਕਤੀ ਦੁਆਰਾ ਪਾਲਣਾ ਕਰਨ ਲਈ ਹੁੰਦੇ ਹਨ ਜੋ ਸੜਕਾਂ ਤੇ ਚਲਦੇ ਹਨ ਅਤੇ ਟ੍ਰੈਫਿਕ ਦਾ ਹਿੱਸਾ ਬਣਦੇ ਹਨ। ਸੜਕੀ ਹਾਦਸਿਆਂ ਪਿੱਛੇ ਜ਼ਿਆਦਾਤਰ ਸਿੱਧੇ ਤੌਰ ਤੇ ਲੋਕਾਂ ਦੀ ਯਾਤਾਯਾਤ ਨਿਯਮਾਂ ਸੰਬੰਧੀ ਵਰਤੀ ਜਾਂਦੀ ਅਣਗਹਿਲੀ ਅਤੇ ਪ੍ਰਸ਼ਾਸਨ ਦੀ ਦਿੱਤੀ ਜਾਂਦੀ ਢਿੱਲ ਜ਼ਿੰਮੇਵਾਰ ਹੈ। ਪੰਜਾਬ ਵਿੱਚ ਲੋਕਾਂ ਨੂੰ ਦੋ-ਪਹੀਆ ਵਾਹਨਾਂ ਨੂੰ ਬਿਨ੍ਹਾਂ ਹੈਲਮੈਂਟ ਚਲਾਉਂਦੇ ਆਮ ਵੇਖਿਆ ਜਾਂਦਾ ਹੈ ਅਤੇ ਸੂਬੇ ਵਿੱਚ ਪੁਲਿਸ ਪ੍ਰਸ਼ਾਸਨ ਤਰਫੋਂ ਵੀ ਹੈਲਮੈਂਟ ਦਾ ਚਾਲਾਨ ਨਾ ਮਾਤਰ ਹੀ ਹੁੰਦਾ ਹੈ। ਇਹ ਵੀ ਕੋਈ ਅੱਤਕੱਥਨੀ ਨਹੀਂ ਕਿ ਸੜਕਾਂ ਉੱਤੇ ਵਾਹਨਾਂ ਨੂੰ ਚਲਾ ਰਹੇ ਲੋਕ ਬਹੁਤੇ ਆਵਾਜਾਈ ਦੇ ਨਿਯਮਾਂ ਤੋਂ ਅਣਜਾਣ ਹੀ ਹੁੰਦੇ ਹਨ ਅਤੇ ਪਿੰਡਾਂ ਸ਼ਹਿਰਾਂ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਵਾਹਨ ਚਲਾਉਂਦੇ ਆਮ ਨਜਰੀਂ ਪੈ ਜਾਂਦੇ ਹਨ।

ਮੌਜੂਦਾ ਸਮੇਂ ਧੁੰਦ ਕਾਰਨ ਵਿਜੀਵਿਲਿਟੀ ਉਂਝ ਹੀ ਘੱਟ ਹੋ ਜਾਂਦੀ ਹੈ ਸੋ ਆਵਾਯਾਈ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਸੁਰੱਖਿਅਤ ਸਫਰ ਕੀਤਾ ਜਾ ਸਕੇ। ਜ਼ਰੂਰਤ ਅਨੁਸਾਰ ਹੀ ਨਿੱਜੀ ਵਾਹਨ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਜੇਕਰ ਸੰਭਵ ਹੋਵੇ ਤਾਂ ਸਫ਼ਰ ਲਈ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਪਹਿਲ ਦੇਣ ਦੀ ਕੋਸ਼ਿਸ਼ ਕੀਤੀ ਜਾਵੇ। ਕਦੇ ਵੀ ਤੇਜ ਰਫ਼ਤਾਰ ਜਾਂ ਨਸ਼ਾ ਆਦਿ ਕਰਕੇ ਕੋਈ ਵਾਹਨ ਨਹੀਂ ਚਲਾਉਣਾ ਚਾਹੀਦਾ। ਯਾਤਾਯਾਤ ਦੇ ਹੋਰ ਨਿਯਮਾਂ ਦੇ ਨਾਲ ਨਾਲ ਹਾਰਨਾਂ ਦੀ ਢੁੱਕਵੀਂ ਵਰਤੋਂ, ਗੱਡੀਆਂ ਵਿੱਚ ਸੀਟ ਬੈਲਟਾਂ ਦੀ ਵਰਤੋਂ, ਚੌਂਕਾਂ ਵਿੱਚ ਲੱਗੀਆਂ ਬੱਤੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਪੈਦਲ ਚੱਲਦੇ ਸਮੇਂ ਜੈਬਰਾ ਕਰਾਸਿੰਗ ਤੋਂ ਮੁੱਖ ਸੜਕਾਂ ਨੂੰ ਪਾਰ ਕਰਨਾ ਚਾਹੀਦਾ ਹੈਕਿਉਂਕਿ ਕਿਸੇ ਹੋਰ ਥਾਂ ਤੋਂ ਸੜਕ ਪਾਰ ਕਰਨਾ ਦੁਰਘਟਨਾ ਨੂੰ ਸਿੱਧਾ ਸੱਦਾ ਸਾਬਤ ਹੋ ਸਕਦੀ ਹੈ। ਸਰਦੀਆਂ ਦੇ ਮੌਸਮ ਵਿੱਚ ਵੱਖੋ ਵੱਖਰੇ ਸਮਾਗਮ ਚੱਲਦਿਆਂ ਸੜਕਾਂ ਤੇ ਚਾਹ ਆਦਿ ਦਾ ਲੰਗਰ ਲਾਉਣਾ ਆਮ ਗੱਲ ਹੈ ਪਰੰਤੂ ਇੱਥੇ ਜ਼ਰੂਰੀ ਹੈ ਕਿ ਮੁੱਖ ਸੜਕ ਤੋਂ ਥੋੜਾ ਪਿੱਛੇ ਹੱਟਕੇ ਲੰਗਰ ਲਾਇਆ ਜਾਵੇ ਅਤੇ ਲੋਕਾਂ ਨੂੰ ਰੋਕਣ ਲਈ ਜੋ ਮਿੱਟੀ ਦੇ ਉੱਚੇ ਉੱਚੇ ਬੰਨ੍ਹਨੁਮਾ ਹੰਪ ਬਣਾਏ ਜਾਂਦੇ ਹਨ ਉਹਨਾਂ ਤੋਂ ਪਰਹੇਜ਼ ਕੀਤਾ ਜਾਵੇ ਤਾਂ ਜੋ ਕੋਈ ਸੜਕ ਦੁਰਘਟਨਾ ਨਾ ਵਾਪਰੇ।

ਸਿਹਤ ਪ੍ਰਤੀ ਸੁਚੇਤ ਨਾਗਰਿਕ ਚੰਗੀ ਗੱਲ ਹੈ ਪਰੰਤੂ ਸੜਕਾਂ ਤੇ ਸੈਰ ਕਰਨਾ ਕਦੇ ਵੀ ਸਹੀ ਨਹੀਂ ਕਿਹਾ ਜਾ ਸਕਦਾ, ਇਸਦੇ ਲਈ ਮੈਦਾਨ ਜਾਂ ਪਾਰਕ ਆਦਿ ਵਿੱਚ ਸੈਰ, ਟਹਿਲ ਕਦਮੀ ਆਦਿ ਕੀਤੀ ਜਾ ਸਕਦੀ ਹੈ। ਲੋਕਾਂ ਵਿੱਚ ਸਵੈ ਜਾਗਰੂਕਤਾ, ਅਨੁਸ਼ਾਸਨ ਅਤੇ ਜ਼ਿੰਮੇਵਾਰੀ ਦੀ ਭਾਵਨਾ ਦੀਭਾਰੀ ਘਾਟ ਰੜਕਦੀ ਹੈ।

ਸੜਕੀ ਨਿਯਮਾਂ ਸੰਬੰਧੀ ਅਣਗਹਿਲੀ ਲੋਕਾਂ ਦੇ ਸੁਭਾਅ ਦਾ ਹਿੱਸਾ ਬਣ ਗਈ ਹੈ ਪਰੰਤੂ ਜਿੱਥੇ ਸਖਤੀ ਹੁੰਦੀ ਹੈ ਉੱਥੇ ਇਹ ਤੀਰ ਵਾਂਗੂੰ ਸਿੱਧੇ ਹੋ ਜਾਂਦੇ ਹਨ ਕਿਉਂਕਿ ਚੰਡੀਗੜ ਵਿੱਚ ਪ੍ਰਸ਼ਾਸਨਿਕ ਸਖਤੀ ਦੇ ਚੱਲਦਿਆਂ ਆਪਣੇ ਵਾਹਨਾਂ ਨੂੰ ਚੰਡੀਗੜ ਦੇ ਖੇਤਰ ਵਿੱਚ ਲੈ ਕੇ ਜਾਂਦਿਆਂ ਹੀ ਇੱਕ ਦਮ ਜਿਆਦਾਤਰ ਲੋਕ ਯਾਤਾਯਾਤ ਦੇ ਨਿਯਮਾਂ ਦੀ ਪਾਲਣਾ ਕਰਨ ਲੱਗ ਜਾਂਦੇ ਹਨ ਅਤੇ ਪੰਜਾਬ ਵਿੱਚ ਉਹੀ ਨਿਯਮਾਂ ਨੂੰ ਛਿੱਕੇ ਤੇ ਟੰਗ ਕੇ ਰੱਖਦੇ ਹਨ।



**ਗੋਬਿੰਦਰ ਸਿੰਘ ਢੀਂਡਸਾ**
bardwal.gobinder@gmail.com

ਸੜਕੀ ਨਿਯਮਾਂ ਦੀ ਪਾਲਣਾ ਦੂਜਿਆਂ ਦੇ ਨਾਲ ਨਾਲ ਸਾਡੀ ਆਪਣੀ ਜਾਨ ਦੀ ਸੁਰੱਖਿਆ ਲਈ ਜਰੂਰੀ ਹੈ। ਸੜਕੀ ਨਿਯਮਾਂ ਨੂੰ ਅਣਗੋਲਿਆਂ ਕਰਨ ਤੇ ਆਪਣੀ ਜਾਨ ਦੇ ਨਾਲ ਨਾਲ ਦੂਜੇ ਵਿਅਕਤੀਆਂ ਲਈ ਵੀ ਅਸੀਂ ਖਤਰਾ ਬਣ ਜਾਂਦੇ ਹਾਂ। ਆਦਰਸ਼ ਨਾਗਰਿਕ ਲਈ ਜ਼ਰੂਰੀ ਹੈ ਕਿ ਉਹ ਸੜਕੀ ਨਿਯਮਾਂ ਪ੍ਰਤੀ ਸੁਚੇਤ ਰਹੇ ਅਤੇ ਪਾਲਣਾ ਯਕੀਨੀ ਬਣਾਏ।

ਧੁੰਦ ਵਿੱਚ ਡ੍ਰਾਈਵਿੰਗ ਕਰਦਿਆਂਵਾਹਨ ਤੋਂ ਵਾਹਨ ਦਾ ਫਾਸਲਾ ਜਰੂਰ ਰੱਖਿਆ ਜਾਣਾ ਜ਼ਰੂਰੀ ਹੈ ਅਤੇਓਵਰਟੇਕ ਕਰਨ ਲੱਗਿਆਂ ਅੱਗੇ ਪਿੱਛੇ ਧਿਆਨ ਜਰੂਰ ਰੱਖਿਆ ਜਾਵੇ। ਡ੍ਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਨਾ ਕਰੋ, ਧੁੰਦ ਵਿੱਚ ਵਹੀਕਲ ਚਲਾਉਣ ਲੱਗਿਆ ਪੂਰਾ ਧਿਆਨ ਅੱਗੇ ਰੱਖੋ, ਧੁੰਦ ਵਿੱਚ ਕਦੀ ਵੀ ਸੜਕ ਦੇ ਵਿਚਕਾਰ ਵਹੀਕਲ ਨਾ ਰੋਕੋ ਜਦੋਂ ਵਹੀਕਲ ਰੋਕਣਾ ਹੋਵੇ ਤਾਂ ਇੰਡੀਕੇਟਰ ਜਾਰੀ ਰੱਖੋ ਤੇ ਵਹੀਕਲ ਨੂੰ ਸੜਕ ਤੋਂ ਸਾਇਡ ’ਤੇ ਹੀ ਰੋਕੋ ਅਤੇ ਵਹੀਕਲ ਚਲਾਉਂਦੇ ਸਮੇਂ ਲਾਇਟਾਂ ਚਲਾ ਕੇ ਰੱਖੋ। ਵਾਹਨਾਂ ਤੇ ਰਿਫਲੈਕਟਰ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਧੁੰਦ ਅਤੇ ਰਾਤ ਸਮੇਂ ਸੜਕ ਤੇ ਚਲਦੇ ਵਾਹਨ ਦਾ ਪਤਾ ਲੱਗ ਸਕੇ।

ਸੁਰੱਖਿਅਤ ਸਫਰ ਅਤੇ ਸੁਚੱਜੀ ਆਵਾਜਾਈ ਲਈ ਯਾਤਾਯਾਤ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜਰੂਰੀ ਹੈ ਕਿ ਲੋਕਾਂ ਵਿੱਚ ਇਸ ਸੰਬੰਧੀ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕੀਤੀ ਜਾਵੇ ਅਤੇ ਪ੍ਰਸ਼ਾਸਨ ਤਰਫੋਂ ਵਰਤੀ ਜਾਂਦੀ ਢਿੱਲ ਦੀ ਥਾਂ ਪੂਰੀ ਸਖਤੀ ਨੂੰ ਵੀ ਲਾਗੂ ਕੀਤਾ ਜਾਵੇ, ਇਹੀ ਸਮਾਜ ਅਤੇ ਲੋਕਾਂ ਦੇ ਹਿੱਤ ਵਿੱਚ ਹੈ ਅਤੇ ਵਾਹਨ ਚਲਾਉਂਦੇ ਸਮੇਂ ਟਰੈਫਿਕ ਨਿਯਮਾਂ ਦੀ ਕੀਤੀ ਪਾਲਣਾ ਨਾਲ ਸੜਕੀ ਹਾਦਸਿਆਂ ਨੂੰ ਬਹੁਤ ਹੱਦ ਤੱਕ ਠੱਲ੍ਹ ਪਾਈ ਜਾ ਸਕਦੀ ਹੈ ਅਤੇ ਕਈ ਘਰਾਂ ਵਿੱਚ ਸੋਗ ਪਸਰਨ ਤੋਂ ਬਚਾ ਹੋ ਸਕਦਾ ਹੈ।

# ਪੁਸਤਕ ਸਮੀਖਿਆ

**ਫੁੱਲ ਪੱਤੀਆਂ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਮਨਮੋਹਨ ਸਿੰਘ ਬਾਸਰਕੇ**
**ਪ੍ਰਕਾਸ਼ਕ: ਆਜ਼ਾਦ ਬੁੱਕ ਡੀਪੂ ਅੰਮ੍ਰਿਤਸਰ, ਪੰਨੇ 48, ਮੁੱਲ: 150/-**

ਮਨਮੋਹਨ ਸਿੰਘ ਬਾਸਰਕੇ ਸਾਹਿਤ ਦੀ ਸਿਰਜਣਾ ਵਿਚ ਬੜੇ ਲੰਮੇ ਅਰਸੇ ਤੋਂ ਜੁਟੇ ਹੋਏ ਹਨ। ਉਹਨਾਂ ਨੇ ਇਕ ਦਰਜਨ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕੀਤੀ ਹੈ। ਜਿਨ੍ਹਾਂ ਵਿਚ ਅੱਧੀ ਦਰਜਨ ਦੇ ਕਰੀਬ ਖੋਜ ਪੁਸਤਕਾਂ ਹਨ। ਬਾਲ ਸਾਹਿਤ ਜਗਤ ਵਿਚ ਉਹਨਾਂ ਆਪਣੀ ਕਾਵਿ ਪੁਸਤਕ 'ਕਕੜੂ ਘੰੜ' ਨਾਲ ਸੰਦਲੀ ਪੈੜ ਪਾਉਣੀ ਅਰੰਭੀ ਸੀ।ਹੱਥਲੀ ਪੁਸਤਕ 'ਫੁੱਲ ਪੱਤੀਆਂ'ਵਿਚ ਉਹਨਾਂ ਆਪਣੀਆਂ 43 ਰੌਚਕ ਬਾਲ ਕਵਿਤਾਵਾਂ ਦਰਜ ਕੀਤੀਆਂ ਹਨ। ਇਹਨਾਂ ਵਿਚ ਲੋੜ ਅਨੁਸਾਰ ਕੰਪਿਊਟਰ ਚਿੱਤਰ ਅਤੇ ਤਸਵੀਰਾਂ ਵੀ ਲਗਾਈਆਂ ਗਈਆਂ ਹਨ। ਇਹਨਾਂ ਦੇ ਵਿਸ਼ੇ ਬਾਲ ਜੀਵਨ ਨਾ.ਲ ਸਬੰਧਤ ਹਨ।ਸ਼ਬਦ ਚੋਣ ਬਹੁਤ ਕਮਾਲ ਦੀ ਹੈ। ਇਹ ਸਭ ਵੰਨਗੀਆਂ ਬਾਲ ਮਨ ਨੂੰ ਫਰੋਲਣ ਦੇ ਸਮਰੱਥ ਹਨ। ਕਵੀ ਨੇ ਹੱਥਲੀ ਪੁਸਤਕ 'ਫੁੱਲ ਪੱਤੀਆਂ' ਰਾਹੀਂ ਬਾਲ ਪਾਠਕਾਂ ਅੰਦਰ ਆਪਣੀ ਧਰਤੀ ਨਾਲ ਮੋਹ ਪਾਲਣ ਦਾ ਸੁਨੇਹਾ ਦਿੱਤਾ ਹੈ।ਪਿੰਡ ਦਾ ਵਾਤਾਵਰਣ ਅਤੇ ਸ਼ੁੱਧ ਖੁਰਾਕ ਦੀਆਂ ਸਿਫਤਾਂ ਕੀਤੀਆਂ ਹਨ।ਖਾਸ ਗੱਲ ਇਹ ਹੈ ਕਿ ਅੰਕਲ ਆਂਟੀ ਵਿਚ ਗੁਆਚੇ ਰਿਸ਼ਤਿਆਂ ਨੂੰ ਇਕ ਲੰਮੀ ਕਵਿਤਾ ਰਾਹੀਂ ਸਪੱਸ਼ਟ ਕੀਤਾ ਹੈ ਤਾਂ ਕਿ ਨਵੀਂ ਪਨੀਰੀ ਨੂੰ ਇਹਨਾਂ ਵਿਚਲੇ ਅੰਤਰ ਦਾ ਗਿਆਨ ਹੋ ਸਕੇ।ਪੁਸਤਕ ਵਿਚ ਸ਼ਾਮਲ ਹਰ ਕਵਿਤਾ ਵਿਚ ਗਿਆਨ ਵਿਗਿਆਨ ਅਤੇ ਮਨੋਰੰਜਨ ਦੀ ਚਾਸ਼ਨੀ ਭਰੀ ਗਈ ਹੈ। ਇਹ ਪੁਸਤਕ ਸਾਨੂੰ ਨਵੀਂਆਂ ਲੀਹਾਂ ਦਿਖਾਉਂਦੀ ਹੋਈ ਉਚੇਰੀਆਂ ਕਦਰਾਂ ਕੀਮਤਾਂ ਦੇ ਧਾਰਨੀ ਬਣਾਉਂਦੀ ਹੈ।ਕਿਤੇ ਕਿਤੇ ਕਵੀ ਨੂੰ ਆਪਣੇ ਗੁਆਚੇ ਬਚਪਨ ਦਾ ਝੋਰਾ ਵੀ ਕੀਤਾ ਹੈ। ਪੜ੍ਹਾਈ ਦੀ ਮਹੱਤਤਾ ਅਤੇ ਵਾਤਾਵਰਣ ਦੀ ਸਾਂਭ ਸੰਭਾਲ ਸੰਬੰਧੀ ਬੜੀਆਂ ਪਾਏਦਾਰ ਕਵਿਤਾਵਾਂ ਦਰਜ ਹਨ। ਨਾਨੀ, ਦਾਦੀ,ਭੈਣ-ਭਰਾ ਅਤੇ ਮਾਤਾ ਪਿਤਾ ਦੀ ਭੂਮਿਕਾ ਬਾਰੇ ਵੀ ਬਹੁਤ ਬਾਰੀਕੀ ਨਾਲ ਬਿਆਨਿਆਂ ਗਿਆ ਹੈ।ਇਕ ਦੀ ਥਾਵਾਂ ਤੇ ਨਸ਼ਾ ਅਤੇ ਮਾਸ ਦਾ ਪ੍ਰਚਾਰ ਕੜਕਿਆ ਹੈ।ਕੁੱਲ ਮਿਲਾਕੇ ਇਹ ਸੰਗ੍ਰਿਹ 14 ਸਾਲ ਤਕ ਦੇ ਬੱਚਿਆਂ ਲਈ ਬੜਾ ਪ੍ਰਰੇਨਾਦਾਇਕ ਹੈ।ਕਵਿਤਾਵਾਂ ਰਸਮਈ ਅਤੇ ਕਵਿਕਤਾ ਨਾਲ ਭਰਪੂਰ ਹਨ।




**ਸੰਪਾਦਕ ਨਿੱਕੀਆਂ ਕਰੂੰਬਲਾਂ**
**ਮਾਹਿਲਪੁਰ (ਹੁਸ਼ਿਆਰਪੁਰ)**

# ਸਾਲ ਨਵਾ

ਖੁਸ਼ੀਆਂ ਖੇੜੇ ਲੇ ਕੇ ਆਵੇ ਸਾਲ ਨਵਾ
ਜਿੰਦਗੀ ਦਾ ਵਿਹੜਾ ਰੁਸ਼ਨਾਵੇ ਸਾਲ ਨਵਾ

ਪਿਛਲੇ ਵਿੱਚ ਬਥੇਰੇ ਝੱਖੜ ਝੁੱਲੇ ਨੇ
ਫਿਰ ਨਾਂ ਤੁਫਾਨ ਲਿਆਵੇ ਸਾਲ ਨਵਾ

ਚਿੱਟੇ ਚਾਨਣ ਵਰਗਾ ਸੂਰਜ ਚੜ ਜਾਵੇ
ਕਾਲੀਆਂ ਰਾਤਾਂ ਦੂਰ ਭਜਾਵੇ ਸਾਲ ਨਵਾ

ਅੱਕ ਗਏ ਹਾਂ ਗੁਰਬਤ ਤੇ ਮਹਿੰਗਾਈ ਤੋਂ
ਸੁੱਖਾਂ ਦਾ ਕੋਈ ਸਾਹ ਲਿਆਵੇ ਸਾਲ ਨਵਾ

ਧਰਮ ਦੇ ਨਾਂ ਤੇ ਜਿਹੜੇ ਵੰਡੀਆਂ ਪਾਉਂਦੇ ਨੇ
ਉਹਨਾਂ ਨੂੰ ਕੋਈ ਅਕਲ ਸਖਾਵੇ ਸਾਲ ਨਵਾ

ਪਿਆਰ ਮਹੱਬਤ ਵਾਲਾ ਮੀਂਹ ਵਰਸਾ ਦੇਵੇ
ਨਫਰਤਾਂ ਨੂੰ ਦੂਰ ਭਜਾਵੇ ਸਾਲ ਨਵਾ

ਗੁਲਾਮੀ ਵਾਲਿਆ ਸੱਜਣ ਜਿਹੜੇ ਰੁੱਸੇ ਨੇ
ਉਨ੍ਹਾਂ ਨੂੰ ਵੀ ਮੋੜ ਲਿਆਵੇ ਸਾਲ ਨਵਾ

**ਬੂਟਾ ਗੁਲਾਮੀ ਵਾਲਾ**
**94171 97395**





Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop